ਸਾਲ ਚੌਦਵਾਂ, ਮਹੀਨਾ ਮਈ , 2008

ਫਾਉਂਡਰ ਚੇਅਰਮੈਨ

**ਸ੍ਰੀ ਮਾਨ ਸੰਤ ਵਰਿਆਮ ਸਿੰਘ ਜੀ ਮਹਾਰਾਜ**

ਚੇਅਰਪਰਸਨ

**ਬੀਬੀ ਰਣਜੀਤ ਕੌਰ ਜੀ ਰਤਵਾੜਾ ਸਾਹਿਬ**


**SUBSCRIPTION FOREIGN (ਵਿਦੇਸ਼)**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |


**Postal Address for 'ATAM MARG' Enquiry, Money Order, Cheque, Draft & correspondence**
**V.G.R.M Charitable Trust 'Atam Marg'**
**Gurdwara Ishar Parkash, Ratwara Sahib (Near Chandigarh) P.O. Mullanpur Garibdas, Teh. Kharar, Distt. S.A.S. Nagar (Mohali) 140901 Pb.India.**

Office 'Atam Marg' Ph. No. - 0160-2255002,
Fax.-2255009, , *Mobile* – 9417214391,79


**FOREIGN (ਵਿਦੇਸ਼) CONTACT NO.**


**U.S.A. - Baba Satnam Singh ji Atwal**
Phone and Fax : 408-263-1844

**Bhai Kuldeep Singh Sher Gill**
Phone : 408-230-8319

**Bibi Sukhvinder Kaur Bains**
Phone : 403-270-3387

**Canada - Bhai Sarmukh Singh Pannu**
Phone - 604-433-0408

**England - Bibi Gurbax Kaur /Jagtar Singh Jagi**
Phone : 0121-200-2818
Fax : 0121-200-2879, **Raj Mobile** : 07968734058

**Australia - Bhai Jiwan Singh ji**
Phone : 03-943-65865, Fax : 03-943-65867

**For more information please visit us on internet at:-**
**Email : atammarg@glide.net.in**
http:# www.ratwarasahib.org, http # www.ratwarasahibmedia.org



**ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।**



**ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲਾ ਐਸ.ਏ.ਐਸ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।**


# ਤੱਤਕਰਾ


| | |
|---|---|
| 1.ਬਾਰਾਮਾਹਾ | 2 |
| 2. ਸੰਪਾਦਕੀ | 3 |
| 3.ਚਉਥੈ ਪਹਿਰ ਸਬਾਹ ਕੇ | 4 |
| 4.ਜੁਗਤੀ ਸੇਵਾ ਸਿਮਰਨ | 8 |
| 5.ਰਤਵਾੜਾ ਸਾਹਿਬ ਛਿਪੇ ਹੋਏ ਹੱਥ | 28 |
| 6. ਜਪੁਜੀ ਸਾਹਿਬ ਦਾ ਮਹਾਤਮ | 33 |
| 7. ਮਨੋਭਾਵਾਂ ਦੀ ਰਚਨਾਤਮਕ ਵਰਤੋਂ | 17 |
| 8. ਮਾਨਵਤਾ ਦੇ ਨਾਮ | 52 |
| 9. ਕਾਲਸੀ ਦਾ ਰਿਖੀ | 59 |


**SUBSCRIPTION – ਚੰਦਾ – (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 280/- | 2080/- (For outstation cheques) | |

**ਸੰਪਰਕ ਨੰ. ਰਤਵਾੜਾ ਸਾਹਿਬ**

| | |
|---|---|
| ਰਤਵਾੜਾ ਸਾਹਿਬ | 0160-2255001 |
| ਪਰਮ ਸਤਿਕਾਰ ਯੋਗ ਬੀਜੀ | 9417214381 |
| ਬਾਬਾ ਹਰਪਾਲ ਸਿੰਘ ਜੀ ਰਤਵਾੜਾ ਸਾਹਿਬ – | 9417214378 |
| ਜਥੇਦਾਰ ਅਮਰੀਕ ਸਿੰਘ ਖੇਤੀਬਾੜੀ ਇੰਚਾਰਜ | 9417214383 |
| ਜਰਨਲ – 9417214384, ਬੀ ਐਡ ਕਾਲਜ – | 9417214382 |
| ਬਾਬਾ ਰਾਜਿੰਦਰ ਸਿੰਘ ਸ੍ਰੀ ਮਾਨ ਲੰਗਰ | 9417214380 |
| ਆਡੀਓ ਵੀਡੀਓ ਲਾਇਬ੍ਰੇਰੀ | 9872814385, 9417214385 |
| ਅਖੰਡਪਾਠ ਬੁਕਿੰਗ | 9417214386 |
| ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ | 0160–2255003 |
| ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ | 0160–2255004 |

**ਅੰਮ੍ਰਿਤ ਬਾਣੀ ਸਕਾਈ ਟੀ.ਵੀ. ਸੈਟੇਲਾਈਟ ਚੈਨਲ 0176 ਤੇ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦਾ ਕੀਰਤਨ ਨਿਮਨ ਅਨੁਸਾਰ ਹੈ –**

**ਐਤਵਾਰ ਸਵੇਰੇ 10.00 ਵਜੇ ਤੋਂ 11.00 ਵਜੇ ਤੱਕ**
**ਸੋਮਵਾਰ ਸ਼ਾਮ 7.00 ਵਜੇ ਤੋਂ ਸ਼ਾਮ 8.00 ਵਜੇ ਤੱਕ**
**ਯੂ.ਕੇ. ਸਮੇਂ ਅਨੁਸਾਰ ਸੁਣਿਆ ਜਾ ਸਕਦਾ ਹੈ।**

ਬਾਬਾ ਜੀ ਦੇ ਕੀਰਤਨ ਨੂੰ ਪੂਰੇ ਵਿਸ਼ਵ ਵਿਚ www.amritbani.com ਤੋਂ ਸੁਣਿਆ ਜਾ ਸਕਦਾ ਹੈ। ਆਪਣਾ ਸਮਾਂ ਯੂ.ਕੇ. ਸਮੇਂ ਅਨੁਸਾਰ ਨਿਰਧਾਰਤ ਕਰੋ।

**ਜਾਰੀ ਕਰਤਾ – ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰਸਟ, ਯੂ.ਕੇ.**

# ਬਾਰਹਮਾਹਾ

**ਰਾਗ ਮਾਝ ਬਾਰਹਮਾਹਾ ਮਹਲਾ ੫**

*ਹਰਿ ਜੇਠਿ ਜੁੜੰਦਾ ਲੋੜੀਐ*
*ਜਿਸੁ ਅਗੈ ਸਭਿ ਨਿਵੰਨਿ॥*
*ਹਰਿ ਸਜਣ ਦਾਵਣਿ ਲਗਿਆ*
*ਕਿਸੈ ਨ ਦੇਈ ਬੰਨਿ॥*
*ਮਾਣਕ ਮੋਤੀ ਨਾਮੁ ਪ੍ਰਭ*
*ਉਨ ਲਗੈ ਨਾਹੀ ਸੰਨਿ॥*
*ਰੰਗ ਸਭੇ ਨਾਰਾਇਣੈ*
*ਜੇਤੇ ਮਨਿ ਭਾਵੰਨਿ॥*
*ਜੋ ਹਰਿ ਲੋੜੇ ਸੋ ਕਰੇ*
*ਸੋਈ ਜੀਅ ਕਰੰਨਿ॥*
*ਜੋ ਪ੍ਰਭਿ ਕੀਤੇ ਆਪਣੇ*
*ਸੇਈ ਕਹੀਅਹਿ ਧੰਨਿ॥*
*ਆਪਣ ਲੀਆ ਜੇ ਮਿਲੈ*
*ਵਿਛੁੜਿ ਕਿਉ ਰੋਵੰਨਿ॥*
*ਸਾਧੂ ਸੰਗੁ ਪਰਾਪਤੇ*
*ਨਾਨਕ ਰੰਗ ਮਾਣੰਨਿ।।*
*ਹਰਿ ਜੇਠੁ ਰੰਗੀਲਾ ਤਿਸੁ ਧਣੀ*
*ਜਿਸ ਕੈ ਭਾਗੁ ਮਥੰਨਿ॥ ਅੰਗ - 134*

ਜੇਠ ਮਹੀਨੇ ਗੁਰੂ ਜੀ ਜਗਿਆਸੂ ਨੂੰ ਸਮਝਾਉਂਦੇ ਹਨ ਕਿ ਜਿਸ ਪ੍ਰਭੂ ਅੱਗੇ ਸਾਰੇ ਹੀ ਝੁਕਦੇ (ਨਿਉਂਦੇ) ਹਨ, ਉਸ ਨਾਮ ਨਾਲ ਜੁੜਨਾ ਚਾਹੀਦਾ ਹੈ। ਹਰੀ ਸੱਜਣ ਦੇ ਨਾਮ ਰੂਪੀ ਪੱਲੇ ਨਾਲ ਲਗ ਕੇ ਕੋਈ ਵੀ ਬੰਧਨ ਨਹੀਂ ਪੈਂਦਾ ਅਤੇ ਜਮਾਂ ਦਾ ਦੁਖ ਮਿਟ ਜਾਂਦਾ ਹੈ ਭਾਵ ਜਮ ਬੰਨ੍ਹ ਕੇ ਨਹੀਂ ਲਿਜਾ ਸਕਦੇ।

ਅਮੋਲਕ ਨਾਮ ਰੂਪੀ ਮਾਣਕ ਮੋਤੀ ਨੂੰ ਕੋਈ ਵੀ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਰਗੇ ਚੋਰ ਸੰਨ੍ਹ ਨਹੀਂ ਲਾ ਸਕਦੇ ਅਤੇ ਸਾਰੇ ਹੀ ਰੰਗ ਅਨੰਦ ਪ੍ਰਮੇਸ਼ਰ ਦੇ ਸਿਮਰਨ ਵਿਚ ਹਨ। ਹੁਕਮੀ ਜੀਵ ਪ੍ਰਮੇਸ਼ਰ ਦੀ ਰਜ਼ਾ ਨੂੰ ਸਵੀਕਾਰ ਕਰਦਾ ਹੋਇਆ ਪ੍ਰਭੂ ਦੇ ਹੁਕਮ ਅੰਦਰ ਚਲਦਾ ਹੈ ਜੋ ਵੀ ਮਨੁੱਖ ਪ੍ਰਮੇਸ਼ਰ ਨੇ ਆਪਣੇ ਕੀਤੇ ਹਨ ਉਨ੍ਹਾਂ ਨੂੰ ਧੰਨਤਾ ਯੋਗ ਕਿਹਾ ਜਾਂਦਾ ਹੈ। ਗੁਰੂ ਦੇ ਉਪਦੇਸ਼ ਤੋਂ ਬਿਨਾਂ ਲਿਆ ਹੋਇਆ ਨਾਮ ਆਪਣੇ ਆਪ ਹੀ ਜਪਿਆਂ ਜੇਕਰ ਪ੍ਰਮੇਸ਼ਰ ਮਿਲਦਾ ਹੋਵੇ ਤਾਂ ਵਿਛੜੇ ਹੋਏ ਜੀਵ ਉਸ ਤੋਂ ਵਿਛੜ ਕੇ ਕਿਉਂ ਰੋਂਦੇ ਹਨ ਇਸ ਲਈ ਇਹ ਨਾਮ, ਨਾਮ ਵਿਚ ਅਭੇਦ ਹੋਇਆਂ ਦੀ ਸੰਗਤ ਵਿਚੋਂ ਪ੍ਰਾਪਤ ਹੁੰਦਾ ਹੈ ਅਤੇ ਉਹ ਹੀ ਪ੍ਰਭੂ ਦੇ ਪਿਆਰ ਅਨੰਦ ਨੂੰ ਮਾਣਦੇ ਹਨ। ਗੁਰੂ ਜੀ ਜੇਠ ਦੁਆਰਾ ਕਥਨ ਕਰਦੇ ਹਨ ਪ੍ਰਭੂ ਪ੍ਰਮੇਸ਼ਰ ਉਸ ਨੂੰ ਹੀ ਪ੍ਰਾਪਤ ਹੁੰਦਾ ਹੈ ਜਿਸ ਦੇ ਮਸਤਕ ਦੇ ਬਹੁਤ ਹੀ ਚੰਗੇ ਭਾਗ ਹਨ। ਜਿਸ ਦੇ ਬਾਰੇ ਫੁਰਮਾਨ ਹੈ -

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ॥ ਅੰਗ - 204*

ਪੂਰਬਲੇ ਸੰਚਿਤ ਸ਼ੁਭ ਕਰਮਾਂ ਕਰਕੇ ਹੀ ਸਾਧੂ ਮਿਲਦੇ ਹਨ ਜੋ ਕਿ ਵਿਚੋਲੇ ਵਾਂਗੂੰ ਗੁਰੂ ਨੂੰ ਮਿਲਾਉਂਦੇ ਹਨ ਅਤੇ ਦਰਗਾਹ ਦੇ ਵਕੀਲ ਬਣਦੇ ਹਨ -

*ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ॥*
*ਵਿਛੁੜਿਆ ਮੇਲੇ ਪ੍ਰਭੂ*
*ਹਰਿ ਦਰਗਹ ਕਾ ਬਸੀਠੁ॥*
*ਹਰਿ ਨਾਮੋ ਮੰਤ੍ਰੁ ਦ੍ਰਿੜਾਇਦਾ*
*ਕਟੇ ਹਉਮੈ ਰੋਗੁ॥*
*ਨਾਨਕ ਸਤਿਗੁਰੁ ਤਿਨਾ ਮਿਲਾਇਆ*
*ਜਿਨਾ ਧੁਰੇ ਪਇਆ ਸੰਜੋਗੁ॥ ਅੰਗ - 957*

ਇਸ ਲਈ ਸਾਨੂੰ ਸਾਧੂਆਂ ਦੀ ਸੰਗਤ ਕਰਨੀ ਚਾਹੀਦੀ ਹੈ ਜਿਹੜੀ ਇਥੇ ਵੀ ਸੁਖਦਾਇਕ ਹੈ ਅਤੇ ਜਦੋਂ ਇਸ ਸੰਸਾਰ ਤੋਂ ਜਾਣਾ ਹੈ ਅੱਗੇ ਵੀ ਫਲਦਾਇਕ ਹੈ। ਇਸ ਲਈ ਐਸੇ ਸੱਜਣ ਮਿਤਰ ਸਾਨੂੰ ਬਣਾਉਣੇ ਚਾਹੀਦੇ ਹਨ-

*ਨਾਨਕ ਕਚੜਿਆ ਸਿਉ ਤੋੜਿ*
*ਢੂੰਢਿ ਸਜਣ ਸੰਤ ਪਕਿਆ॥*
*ਓਇ ਜੀਵੰਦੇ ਵਿਛੁੜਹਿ*
*ਓਇ ਮੁਇਆ ਨ ਜਾਹੀ ਛੋੜਿ॥ ਅੰਗ- 1102*

ਸੱਜਣ ਸੰਤ ਪੱਕੇ ਮਿਤਰ ਹਨ ਅਤੇ ਦੁਨੀਆਂ ਦੇ ਰਿਸ਼ਤੇਦਾਰ, ਸਕੇ-ਸਨਬੰਧੀ ਕੱਚੇ ਹਨ ਜੋ ਕਿ ਸੁਖ ਦੇ ਵਿਚ ਤਾਂ ਨੇੜੇ ਆਉਂਦੇ ਹਨ ਪਰੰਤੂ ਦੁਖ ਪੈਣ ਤੇ ਛੱਡ ਜਾਂਦੇ ਹਨ ਜਿਵੇਂ ਕਿ -

*ਸੁਖ ਮੈ ਆਨਿ ਬਹੁਤੁ ਮਿਲਿ*
*ਬੈਠਤ ਚਹੁ ਦਿਸਿ ਘੇਰੈ॥*
*ਬਿਪਤਿ ਪਰੀ ਸਭ ਹੀ ਸੰਗੁ ਛਾਡਿਤ*
*ਕੋਊ ਨ ਆਵਤ ਨੇਰੈ॥ ਅੰਗ - 634*

ਸਭ ਤੋਂ ਨੇੜੇ ਦੀ ਜੀਵਨ ਸਾਥਣ ਵੀ ਸਾਥ ਛੱਡ ਜਾਂਦੀ ਹੈ ਜਿਵੇਂ -

*ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ*
*ਸਦਾ ਰਹਤ ਸੰਗ ਲਾਗੀ॥*
*ਜਬ ਹੀ ਹੰਸ ਤਜੀ ਇਹ ਕਾਇਆ*
*ਪ੍ਰੇਤ ਪ੍ਰੇਤ ਕਰਿ ਭਾਗੀ॥ ਅੰਗ - 634*

(********)

# ਸੰਪਾਦਕੀ

'ਆਤਮ ਮਾਰਗ' ਗੁਰਮਤਿ ਵਿਚਾਰਾਂ ਨੂੰ ਗੰਭੀਰਤਾ ਨਾਲ ਵਿਚਾਰਦਾ ਹੋਇਆ ਗੁਰਮਤਿ ਦੇ ਪ੍ਰਕਾਸ਼ ਵਿਚ ਅਜਿਹਾ ਮਾਰਗ ਦਰਸ਼ਨ ਕਰਾਉਂਦਾ ਹੈ ਜਿਸ ਉਪਰ ਇਹ ਜੀਵ ਆਪਣੇ ਅਸਲੀ ਆਤਮ ਸਰੂਪ ਨੂੰ ਪਹਿਚਾਣ ਲਵੇ ਅਤੇ ਉਸਦਾ ਆਉਣਾ ਜਾਣਾ ਖਤਮ ਹੋ ਜਾਵੇ। ਇਸ ਅਵਸਥਾ ਤੇ ਪਹੁੰਚਣ ਲਈ ਉਨ੍ਹਾਂ ਗੁਰੂਆਂ, ਪੀਰਾਂ, ਮੁਕਤ ਮਹਾਂਪੁਰਸ਼ਾਂ ਦੇ ਜੀਵਨ ਸੰਖੇਪ ਰੂਪ ਅੰਦਰ ਇਸ ਆਤਮ ਮਾਰਗ ਪੱਤ੍ਰਿਕਾ ਵਿਚ ਅੰਕਿਤ ਕੀਤੇ ਜਾਂਦੇ ਹਨ ਜਿਨ੍ਹਾਂ ਨੇ ਇਸ 84 ਦੇ ਚੱਕਰ ਵਿਚੋਂ ਘਾਲ ਕਮਾਈਆਂ ਕਰ ਕੇ ਕਾਮਲ ਉਸਤਾਦ ਵਾਂਗੂੰ ਨਮੂਨੇ ਦੇ ਕੇ 84 ਦੇ ਚੱਕਰ ਵਿਚੋਂ ਨਿਕਲਣ ਦੀ ਜਾਂਚ ਦੱਸੀ ਹੈ। ਮਹਾਂਪੁਰਸ਼ਾਂ ਦਾ ਕਿਸੇ ਵੀ ਰਾਜਸੀ ਪਾਰਟੀ ਨਾਲ ਹਿੱਤ ਅਤੇ ਨਾ ਹੀ ਅਹਿੱਤ ਹੁੰਦਾ ਹੈ। ਆਤਮ ਮਾਰਗ ਲਈ ਸਾਰੇ ਹੀ ਪ੍ਰਮੇਸ਼ਰ ਦੇ ਬੰਦੇ ਹਨ ਜੋ ਆਪੋ ਆਪਣੇ ਕਰਮਾਂ ਦੇ ਵਸ ਹੋਣ ਕਰਕੇ ਨਾਮ ਤੋਂ ਅਗਿਆਤ ਰਹਿ ਕੇ ਦੁਖਾਂ ਦੇ ਚੱਕਰ ਵਿਚ ਪਏ ਹਾਏ-ਹਾਏ ਕਰਦੇ ਹਨ, ਉਨ੍ਹਾਂ ਲਈ ਆਤਮ ਮਾਰਗ ਆਪਣੀਆਂ ਲਿਖਤਾਂ ਰਾਹੀਂ ਉਸ ਰਸਤੇ ਦੀ ਸੇਧ ਪ੍ਰਦਾਨ ਕਰਦਾ ਹੈ, ਜਿੱਥੇ ਜਾ ਕੇ ਮਹਾਨ ਸੁਖ ਸ਼ਾਂਤੀ ਦੀ ਪ੍ਰਾਪਤੀ ਹੁੰਦੀ ਹੈ।

ਅੱਜ ਸੱਚਮੁੱਚ ਸੰਸਾਰ ਦਾ ਇਹ ਹਾਲ ਹੈ ਕਿ ਕ੍ਰੋੜਾਂ ਰੁਪਏ ਪਬਲਿਕ ਤੋਂ ਨਜ਼ਾਇਜ਼ ਤਰੀਕਿਆਂ ਰਾਹੀਂ ਖੋਹ ਹਾਸਲ ਕਰਕੇ ਆਪਣੇ ਖਾਤੇ ਪ੍ਰਦੇਸੀ ਬੈਂਕਾਂ ਵਿਚ ਖੋਲ੍ਹ ਕੇ ਜਮ੍ਹਾ ਕਰਾਏ ਜਾ ਰਹੇ ਹਨ। ਮਨੁੱਖ ਅਤਿ ਨੀਵਾਂ ਹੋ ਗਿਆ ਹੈ ਅਤੇ ਦਿਨੋ ਦਿਨ ਆਪਣੇ ਪਤਨ ਵਲ ਜਾ ਰਿਹਾ ਹੈ। ਮਾਇਕ ਪ੍ਰਾਪਤੀਆਂ ਨਾਲ ਭਰਪੂਰ ਜੀਵਨ ਵਿਚ ਜਿਥੇ ਐਨੇ ਸੁਖ, ਐਨੀ ਮਾਇਆ ਇਕੱਠੀ ਹੋ ਜਾਂਦੀ ਹੈ ਜਿਸ ਤੋਂ ਸੁੱਖ ਲੈਣ ਵਾਸਤੇ ਮਨ ਵਿਚ ਲਾਲਸਾ ਪੈਦਾ ਕਰਦਾ ਹੈ, ਪਰੰਤੂ ਜੜ੍ਹ ਵਿਚ ਕੋਈ ਵੀ ਸੁਖ ਨਹੀਂ ਲੈ ਸਕਦਾ ਹੈ। ਨਾਮ ਸ਼ਕਤੀ ਤੋਂ ਅਗਿਆਤ ਇਹ ਸੰਸਾਰ ਡਾਵਾਂਡੋਲ ਹੋਇਆ ਪਿਆ ਹੈ। ਇਕ ਦੂਜੇ ਤੋਂ ਡਰ ਮਹਿਸੂਸ ਕਰਦਾ ਹੈ ਅਤੇ ਛਲ ਕਪਟ ਕਰਕੇ ਧੋਖੇ ਦੇ ਰਿਹਾ ਹੈ। ਮਾਇਆ ਵਿਚ ਸੁਖ ਨਹੀਂ ਹੈ। ਜੋ ਮਨੁੱਖ ਨਾਮ ਤੱਕ ਰਸਵਾਈ ਪਹੁੰਚ ਕਰ ਗਿਆ, ਨਾਮ ਵਿਚ ਅਭੇਦ ਹੋ ਗਿਆ ਹੋਵੇ ਭਾਵੇਂ ਕਿ ਉਸ ਕੋਲ ਕੋਈ ਬਹੁਤ ਵੱਡੀ ਦੁਨਿਆਵੀ ਪ੍ਰਾਪਤੀ ਵੀ ਨਾ ਹੋਵੇ, ਉਸਨੂੰ ਜਾਣਦਾ ਵੀ ਕੋਈ ਨਾ ਹੋਵੇ, ਕੋਈ ਵੀ ਮਿੱਤਰ ਨਾ ਹੋਵੇ, ਰੂਪਵਾਨ ਨਾ ਹੋਵੇ ਪਰ ਜੇ ਅੰਦਰ ਨਾਮ ਦੀ ਰੌਂ ਚੱਲ ਰਹੀ ਹੈ, ਸੁਰਤ ਲਿਵ ਵਿਚ ਟਿਕ ਰਹੀ ਹੈ ਤਾਂ ਉਸ ਦੇ ਅੰਦਰ ਨਾਮ ਸ਼ਕਤੀ (energy) ਹੁਲਾਸ ਭਰੇ ਹੋਏ ਹੁਲਾਰੇ ਮਾਰਦੀ ਹੈ। ਉਨ੍ਹਾਂ ਦੇ ਅੰਦਰ ਐਨਾ ਸੁਖ ਦਾ ਭੰਡਾਰਾ ਹੋ ਜਾਂਦਾ ਹੈ ਕਿ ਜਿਸ ਵਲ ਉਨ੍ਹਾਂ ਦੀ ਨਜ਼ਰ ਪੈ ਜਾਵੇ ਤਾਂ ਰੋਗੀ ਦੇ ਰੋਗ ਦੂਰ ਹੋ ਜਾਂਦੇ ਹਨ। ਰਸਨਾ ਤੋਂ ਕੋਈ ਬਚਨ ਹੋ ਜਾਵੇ ਆਸ਼ਾਵਾਂ ਪੂਰੀਆਂ ਹੋ ਜਾਂਦੀਆਂ ਹਨ ਜਿਹੜੀਆਂ ਪ੍ਰਾਪਤੀਆਂ ਪ੍ਰਾਪਤ ਹੋਣੀਆਂ ਅਸੰਭਵ ਹੋਣ ਪਰ ਨਾਮ ਰਸੀਏ ਮਹਾਂਪੁਰਸ਼ਾਂ ਦੀ ਦਇਆ ਦ੍ਰਿਸ਼ਟੀ ਨਾਲ ਸਭ ਕੁਝ ਪ੍ਰਾਪਤ ਹੋ ਜਾਂਦਾ ਹੈ।

ਸੰਤਾਂ ਦੇ ਸਾਰੇ ਕਾਰਜ ਆਪਣੇ ਆਪ ਹੀ ਹੋਣ ਲਗ ਜਾਂਦੇ ਹਨ ਇਥੋਂ ਤਕ ਵੀ ਹੈ ਕਿ ਸਾਰੀਆਂ ਸ੍ਰਿਸ਼ਟੀਆਂ ਦਾ ਮਾਲਕ ਜੋ ਆਪ, ਅਨੇਕ ਰੂਪ ਧਾਰ ਕੇ ਇਕ ਤੋਂ ਅਨੇਕ ਰੂਪ ਹੋ ਕੇ ਖੇਲ੍ਹ ਰਿਹਾ ਹੈ ਉਹ ਮਾਲਕ-ਏ-ਕੁਲ, ਵਿਅਕਤੀਗਤ ਰੂਪ ਧਾਰ ਕੇ ਆਪ ਕੰਮ ਕਰਨ ਲਗ ਜਾਂਦਾ ਹੈ ਜਿਵੇਂ ਕਿ ਭਗਤ ਸੈਣ ਜੀ ਮਹਾਂਪੁਰਸ਼ਾਂ ਦੀ ਸੇਵਾ ਅਤੇ ਕੀਰਤਨ ਵਿਚ ਮਸਤ ਸਨ। ਰਾਜੇ ਦੀ ਸੇਵਾ ਕਰਨ ਜਿਥੇ ਉਹ ਜਾਇਆ ਕਰਦੇ ਸਨ, ਅੱਜ ਜਾ ਨਾ ਸਕੇ, ਪਰ ਸ੍ਰਿਸ਼ਟੀ ਦੇ ਮਾਲਕ ਨੇ ਸੈਣ ਦਾ ਰੂਪ ਧਾਰਿਆ ਅਤੇ ਉਸ ਰਾਜੇ ਦੀ ਸੇਵਾ ਕਰ ਕੇ ਉਸ ਰਾਜੇ ਦੇ ਰੋਗਾਂ ਦਾ ਖਾਤਮਾ ਕਰ ਦਿਤਾ।

'ਆਤਮ ਮਾਰਗ' ਸਹੀ ਰਸਤਾ ਦਰਸਾਉਂਦਾ ਹੈ। ਇਸਦੇ ਸਾਮ੍ਹਣੇ ਸਾਰੇ ਬੰਦੇ ਇਕੋ ਪ੍ਰਮੇਸ਼ਰ ਦਾ ਨੂਰ ਹਨ, ਕਿਸੇ ਮਜ਼੍ਹਬ ਲਈ ਖਿਚਾ-ਖਿੱਚੀ ਨਹੀਂ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਸਾਰੇ ਸੰਸਾਰ ਲਈ International ਸੰਦੇਸ਼ ਦੇ ਕੇ ਸਾਰੇ ਪ੍ਰਾਣੀਆਂ ਦਾ ਮਾਰਗ ਦਰਸ਼ਨ ਕਰਾਉਣਾ ਹੈ। ਸਾਰੇ ਪਾਠਕ ਸਾਡੇ ਨਾਲ ਸਹਿਮਤ ਹੋਣਗੇ ਕਿ 'ਆਤਮ ਮਾਰਗ' ਨੇ ਪ੍ਰੇਮ ਭਰਿਆ ਸੰਦੇਸ਼ ਦੇ ਕੇ ਬਹੁਤ ਪ੍ਰੇਮੀਆਂ ਤੱਕ ਪਹੁੰਚ ਕਰ ਲਈ ਹੈ। ਹੁਣ ਅਸੀਂ ਬੇਨਤੀ ਕਰਦੇ ਹਾਂ ਕਿ ਇਸ ਸ਼ੁਭ ਸੰਦੇਸ਼ ਨੂੰ ਫੈਲਾਉਣ ਲਈ ਸਾਰੇ ਪਾਠਕ ਆਉਣ ਵਾਲੇ ਸੱਚਖੰਡਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਸੰਚਾਲਕ ਆਤਮ ਮਾਰਗ ਮੈਗਜੀਨ ਅਤੇ ਬਾਨੀ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ ਰਤਵਾੜਾ ਸਾਹਿਬ ਦੇ ਪਵਿੱਤਰ ਜਨਮ ਦਿਹਾੜੇ 17 ਜੂਨ ਤੇ ਘੱਟੋ-ਘੱਟ ਦੋ-ਦੋ ਮੈਂਬਰ ਬਣਾ ਕੇ ਗੁਰ ਸ਼ਬਦ ਲੰਗਰ ਵਿਚ ਯੋਗਦਾਨ ਪਾਉਣ ਦੀ ਕ੍ਰਿਪਾਲਤਾ ਕਰਨ ਜੀ। ਵਿਸ਼ਵ-ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ ਰਤਵਾੜਾ ਸਾਹਿਬ ਦਾ ਨਿਰੋਲ ਰੂਹਾਨੀ ਮਿਸ਼ਨ ਹੈ ਇਸ ਲਈ ਜਨ ਸਮੂੰਹ ਦੇ ਪਰਉਪਕਾਰੀ ਕਾਰਜਾਂ ਵਿਚ ਤਨ-ਮਨ-ਧਨ ਦੇ ਕੇ ਸਹਿਯੋਗੀ ਬਣਨ ਦੀ ਕ੍ਰਿਪਾਲਤਾ ਕਰੋ ਜੀ।

# ਚਉਥੈ ਪਹਰਿ ਸਬਾਹ ਕੈ
## ਸੁਰਤਿਆ ਉਪਜੈ ਚਾਉ
### (ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪਰੰਤ ਕੀਤੇ ਬਚਨ)

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

*ਸੋਰਠਿ ਮਹਲਾ ੩ ਘਰੁ ੧*
*ੴ ਸਤਿਗੁਰ ਪ੍ਰਸਾਦਿ ॥*
*ਸੇਵਕ ਸੇਵ ਕਰਹਿ ਸਭਿ ਤੇਰੀ*
*ਜਿਨ ਸਬਦੈ ਸਾਦੁ ਆਇਆ ॥*
*ਗੁਰ ਕਿਰਪਾ ਤੇ ਨਿਰਮਲੁ ਹੋਆ*
*ਜਿਨਿ ਵਿਚਹੁ ਆਪੁ ਗਵਾਇਆ ॥*
*ਅਨਦਿਨੁ ਗੁਣ ਗਾਵਹਿ ਨਿਤ ਸਾਚੇ*
*ਗੁਰ ਕੈ ਸਬਦਿ ਸੁਹਾਇਆ ॥ ੧ ॥*
*ਮੇਰੇ ਠਾਕੁਰ ਹਮ ਬਾਰਿਕ ਸਰਣਿ ਤੁਮਾਰੀ ॥*
*ਏਕੋ ਸਚਾ ਸਚੁ ਤੂ ਕੇਵਲੁ ਆਪਿ ਮੁਰਾਰੀ ॥*
*ਰਹਾਉ॥*
*ਜਾਗਤ ਰਹੇ ਤਿਨੀ ਪ੍ਰਭੁ ਪਾਇਆ*
*ਸਬਦੇ ਹਉਮੈ ਮਾਰੀ ॥*
*ਗਿਰਹੀ ਮਹਿ ਸਦਾ ਹਰਿ ਜਨ ਉਦਾਸੀ*
*ਗਿਆਨ ਤਤ ਬੀਚਾਰੀ ॥*
*ਸਤਿਗੁਰੁ ਸੇਵਿ ਸਦਾ ਸੁਖੁ ਪਾਇਆ*
*ਹਰਿ ਰਾਖਿਆ ਉਰ ਧਾਰੀ ॥ ੨ ॥*
*ਇਹੁ ਮਨੂਆ ਦਹ ਦਿਸਿ ਧਾਵਦਾ*
*ਦੂਜੈ ਭਾਇ ਖੁਆਇਆ ॥*
*ਮਨਮੁਖ ਮੁਗਧੁ ਹਰਿ ਨਾਮੁ ਨ ਚੇਤੈ*
*ਬਿਰਥਾ ਜਨਮੁ ਗਵਾਇਆ ॥*
*ਸਤਿਗੁਰੁ ਭੇਟੇ ਤਾ ਨਾਉ ਪਾਏ*
*ਹਉਮੈ ਮੋਹੁ ਚੁਕਾਇਆ ॥ ੩ ॥*
*ਹਰਿ ਜਨ ਸਾਚੇ ਸਾਚੁ ਕਮਾਵਹਿ*
*ਗੁਰ ਕੈ ਸਬਦਿ ਵੀਚਾਰੀ ॥*
*ਆਪੇ ਮੇਲਿ ਲਏ ਪ੍ਰਭਿ ਸਾਚੈ*
*ਸਾਚੁ ਰਖਿਆ ਉਰ ਧਾਰੀ ॥*
*ਨਾਨਕ ਨਾਵਹੁ ਗਤਿ ਮਤਿ ਪਾਈ*
*ਏਹਾ ਰਾਸਿ ਹਮਾਰੀ ॥ ਅੰਗ - ੬੦੦*

ਸਾਧਸੰਗਤ ਜੀ,

***ਵਾਹਿਗੁਰੂ ਜੀ ਕਾ ਖਾਲਸਾ***
***ਵਾਹਿਗੁਰੂ ਜੀ ਕੀ ਫਤਹਿ।***

ਮਹਾਰਾਜ ਜੀ ਦੀ ਅਪਾਰ ਬਖਸ਼ਿਸ਼ ਦਾ ਸਦਕਾ ਅੰਮ੍ਰਿਤ ਵੇਲੇ ਤੋਂ, ਦੂਰ-ਦਰਾਜ਼ ਤੋਂ ਆ ਕੇ ਪਿਆਰ ਦੇ ਨਾਲ ਸੰਗਤਾਂ ਹਰੀ ਦਾ ਜਸ ਸਰਵਣ ਕਰ ਰਹੀਆਂ ਸਨ। ਉਪਰੰਤ ਆਪ ਜੀ ਨੇ ਗੁਰੂ ਮਹਾਰਾਜ ਜੀ ਦਾ ਹੁਕਮਨਾਮਾ ਸਰਵਣ ਕੀਤਾ ਹੈ, ਅਰਦਾਸ ਹੋਈ ਹੈ। ਗੁਰੂ ਮਹਾਰਾਜ ਜੀ ਨੇ ਇਸ ਦੇ ਅੰਦਰ ਕਈ ਸਿਧਾਂਤਾਂ ਦਾ ਵਰਣਨ ਕੀਤਾ ਹੈ, ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ ਕਿ ਸੇਵਾ ਤਾਂ ਸਾਰੇ ਹੀ ਕਰਦੇ ਨੇ ਜਿੰਨੇ ਵੀ ਆਉਂਦੇ ਨੇ ਸਭ ਸੇਵਾ ਕਰਦੇ ਨੇ ਪਰ ਜਿਸਨੂੰ ਸ਼ਬਦ ਦਾ ਸੁਆਦ ਆ ਗਿਆ, ਰਸ ਪਾ ਲਿਆ ਜਿਸਨੇ, ਉਸਨੂੰ ਬਹੁਤ ਵੱਡਾ ਫਲ ਪ੍ਰਾਪਤ ਹੁੰਦਾ ਹੈ ਉਹ ਦਿਨ ਰਾਤ ਹਰੀ ਦਾ ਜਸ ਗਾਉਂਦਾ ਹੈ ਤੇ ਉਸ ਦੀ ਸੇਵਾ ਪ੍ਰਵਾਨ ਪੈ ਜਾਂਦੀ ਹੈ, ਸੁੱਖ ਹੋ ਜਾਂਦੇ ਨੇ ਉਸਨੂੰ, ਵਿਘਨਾਂ ਦਾ ਨਾਸ਼ ਹੋ ਜਾਂਦਾ ਹੈ, ਜੀਵਨ ਸੁਖਾਲਾ ਚਲਣਾ ਸ਼ੁਰੂ ਹੋ ਜਾਂਦਾ ਹੈ।

ਦੂਜੇ ਪਾਸੇ ਉਹ ਨੇ ਜਿਹੜੇ ਮਨ ਦੇ ਪਿੱਛੇ ਲਗ ਕੇ ਭੁੱਲ ਜਾਂਦੇ ਨੇ। ਮਹਾਰਾਜ ਜੀ ਕਹਿੰਦੇ ਉਨ੍ਹਾਂ ਨੂੰ ਦੁਖ ਪ੍ਰਾਪਤ ਹੋਇਆ ਕਰਦੇ ਨੇ। ਸੋ ਸੁੱਖ ਦੀ ਪ੍ਰਾਪਤੀ ਤੇ ਦੁੱਖ ਦੀ ਪ੍ਰਾਪਤੀ ਦਾ ਭੇਦ ਗੁਰੂ ਮਹਾਰਾਜ ਜੀ ਨੇ ਇਸ ਸ਼ਬਦ ਦੇ ਅੰਦਰ ਸਾਨੂੰ ਪ੍ਰਗਟ ਕੀਤਾ ਹੈ।

ਮਹਾਰਾਜ ਜੀ ਕਹਿੰਦੇ, "ਜੇ ਪ੍ਰਮੇਸ਼ਰ, ਵਾਹਿਗੁਰੂ ਨੂੰ ਭੁੱਲ ਜਾਵੇ ਤਾਂ ਭਾਵੇਂ ਕਿੰਨਾ ਹੀ ਸਿਆਣਾ ਬੰਦਾ ਕਿਉਂ ਨਾ ਹੋਵੇ, ਕਿੰਨਾ ਹੀ ਉਸ ਦਾ ਰਸੂਖ ਕਿਉਂ ਨਾ ਹੋਵੇ ਜਿਹੜੇ ਉਸ ਦੇ ਮਨ ਚਿੱਤ ਵਿਚ ਵੀ ਨਹੀਂ ਹੁੰਦੇ ਉਹ ਉਸਨੂੰ ਲੱਗ ਜਾਇਆ ਕਰਦੇ ਨੇ -

***ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ॥***
***ਅੰਗ - ੫੨੨***

ਦੂਸਰੇ ਪਾਸੇ ਜੋ ਪ੍ਰਮੇਸ਼ਰ ਨੂੰ ਯਾਦ ਕਰਦਾ ਹੈ, ਪ੍ਰਮੇਸ਼ਰ ਦਾ ਓਟ-ਆਸਰਾ ਤਕਦਾ ਹੈ, ਗੁਰੂ ਦਾ ਆਸਰਾ ਤਕਦਾ ਹੈ, ਉਸ ਦੀ ਯਾਦ ਉਸ ਦੇ ਹਿਰਦੇ ਵਿਚ ਬੈਠਦੀ ਹੈ। ਮਹਾਰਾਜ ਜੀ ਕਹਿੰਦੇ -

***ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ ॥***
***ਅੰਗ - ੨੬੨***

ਉਸਨੂੰ ਕੋਈ ਵਿਘਨ ਨਹੀਂ ਲਗਦਾ ਉਸਦੇ ਔਖੇ ਕੰਮ ਸਾਰੇ ਹੀ ਸੁਖਾਲੇ ਹੋ ਜਾਂਦੇ ਨੇ, ਰਸਤਾ ਲੱਭਣਾ ਸ਼ੁਰੂ ਹੋ ਜਾਂਦਾ ਹੈ।

ਗੁਰੂ ਦਸ਼ਮੇਸ਼ ਪਿਤਾ ਮਹਾਰਾਜ ਜੀ ਨੂੰ ਪੁੱਛਿਆ ਕਿ ਸੱਚੇ ਪਾਤਸ਼ਾਹ! ਸ਼ਬਦ ਸੁਣਦੇ ਹਾਂ 'ਲਖ ਖੁਸ਼ੀਆਂ ਪਾਤਿਸ਼ਾਹੀਆਂ ਜੇ ਸਤਿਗੁਰ ਨਦਰਿ ਕਰੇ॥' ਇਹ ਕਿਸ ਤਰ੍ਹਾਂ ਹੋਇਆ ਕਰਦਾ ਹੈ? ਜਦੋਂ ਆਪ ਜੀ ਦੀ ਨਦਰਿ ਹੋ ਜਾਵੇ ਕਿਸੇ ਗੁਰਸਿੱਖ 'ਤੇ ਤਾਂ ਕਿਵੇਂ ਪਤਾ ਲੱਗੇ ਸਾਨੂੰ ਕਿ ਆਪ ਜੀ ਦੀ ਨਦਰਿ ਹੈ?

ਮਹਾਰਾਜ ਜੀ ਕਹਿੰਦੇ, "ਗੁਰਸਿੱਖੋ! ਗੁਰੂ ਦੀ ਨਿਗ੍ਹਾ ਜਦੋਂ ਹੋ ਜਾਂਦੀ ਹੈ ਤਾਂ ਅਸੀਂ ਉਸ ਗੁਰਸਿੱਖ ਨੂੰ ਆਪਣੇ ਪਿਆਰ ਦੇ ਨਾਲ ਆਪਣੇ ਨੇੜੇ ਖਿੱਚ ਲੈਂਦੇ ਹਾਂ। ਉਹ ਸੰਗਤ ਵਿਚ ਆਉਣਾ ਸ਼ੁਰੂ ਕਰ ਦਿੰਦਾ ਹੈ, ਸੰਗਤਾਂ ਦੀ ਸੇਵਾ ਕਰਨੀ ਸ਼ੁਰੂ ਕਰ ਦਿੰਦਾ ਹੈ, ਸੰਗਤਾਂ ਦੇ ਨਾਲ ਉਸ ਦਾ ਪਿਆਰ ਪੈ ਜਾਂਦਾ ਹੈ, ਬਾਣੀ ਨਾਲ ਉਸ ਦਾ ਪਿਆਰ ਪੈ ਜਾਂਦਾ ਹੈ ਤੇ ਉਸਦੇ ਵਿਘਨਾਂ ਦਾ ਨਾਸ਼ ਹੋਣਾ ਸ਼ੁਰੂ ਹੋ ਜਾਂਦਾ ਹੈ ਤੇ ਅਸੀਂ ਆਪਣੇ ਵਲੋਂ ਸਾਰੀਆਂ ਖੁਸ਼ੀਆਂ ਉਸਨੂੰ ਬਖਸ਼ ਦਿੰਦੇ ਹਾਂ। ਐਨਾ ਕਹਿ ਕੇ ਆਪ ਚੁੱਪ ਹੋ ਗਏ। ਸੰਗਤ ਹੋਰ ਸੁਣਨਾ ਚਾਹੁੰਦੀ ਸੀ ਇਸ ਤੋਂ ਵੀ ਅੱਗੇ।

ਸੰਗਤ ਨੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਜੇ ਆਪ ਜੀ ਦੀ ਹੋਰ ਵੀ ਨਿਗ੍ਹਾ ਹੋ ਜਾਵੇ?

ਮਹਾਰਾਜ ਜੀ ਕਹਿੰਦੇ, ਗੁਰਸਿੱਖੋ! ਇਥੇ ਦੋ ਰਸਤੇ ਨੇ ਤੇ ਅੱਡ-ਅੱਡ ਹੋ ਜਾਇਆ ਕਰਦੇ ਨੇ। ਇਕ ਤਾਂ ਉਹ ਨੇ ਜਿਨ੍ਹਾਂ 'ਤੇ ਸਾਡੀ ਨਦਰਿ ਫੇਰ ਵੀ ਰਹੇ। ਭੁੱਲ ਜਾਵੇ ਤੇ ਫੇਰ ਵੀ ਨਦਰਿ ਰਹੇ। ਇਕ ਉਹ ਨੇ ਜਿਹੜੇ ਮਨ ਦੇ ਪਿਛੇ ਲਗ ਕੇ ਗੁਰੂ ਨੂੰ ਭੁੱਲ ਜਾਂਦੇ ਨੇ, ਗੁਰੂ ਤੋਂ ਲੈ ਕੇ ਮੁੱਕਰ ਜਾਂਦੇ ਨੇ, ਕੋਈ ਗੁਰੂ ਦਾ ਸ਼ੁਕਰਾਨਾ ਨਹੀਂ ਕਰਦੇ, ਕੋਈ ਯਾਦ ਨਹੀਂ ਰੱਖਦੇ। ਆਪਣੀ ਅਕਲ ਤੇ ਹੀ ਮਾਣ ਕਰਦੇ ਨੇ ਕਿ ਮੇਰੇ ਵਿਚ ਹੀ ਸ਼ਕਤੀ ਸੀ ਕਿ ਮੈਂ ਇਹ ਕੰਮ ਕਰ ਲਿਆ, ਇਸ ਗੱਲ ਨੂੰ ਭੁੱਲ ਜਾਂਦੇ ਨੇ ਕਿ -

***ਇਸ ਕਾ ਬਲੁ ਨਾਹੀ ਇਸੁ ਹਾਥ ॥***
***ਕਰਨ ਕਰਾਵਨ ਸਰਬ ਕੋ ਨਾਥ ॥ ਅੰਗ - ੨੭੭***

ਹਉਮੈ ਦੇ ਵਿਚ ਆ ਜਾਂਦੇ ਨੇ, ਉਨ੍ਹਾਂ ਦਾ ਸਾਡੇ ਨਾਲੋਂ ਸਬੰਧ ਟੁੱਟ ਜਾਂਦਾ ਹੈ। ਕਹਿੰਦੇ, "ਉਹ ਤਾਂ ਸਾਥੋਂ ਦੂਰ ਚਲੇ ਜਾਂਦੇ ਨੇ, ਵਿਘਨ ਉਨ੍ਹਾਂ ਨੂੰ ਫੇਰ ਲੱਗਣੇ ਸ਼ੁਰੂ ਹੋ ਜਾਂਦੇ ਨੇ ਤੇ ਫੇਰ ਬੜੇ ਪਛਤਾਉਂਦੇ ਨੇ, ਫੇਰ ਕੁਝ ਬਣਦਾ ਨਹੀਂ ਹੈ।

ਇਕ ਉਹ ਨੇ ਜਿਨ੍ਹਾਂ ਦੇ ਉਤੇ ਸਾਡੀ ਕ੍ਰਿਪਾ ਹੁੰਦੀ ਹੈ। ਗੁਰੂ ਨੂੰ ਤਾਂ ਯਾਦ ਰੱਖਦੇ ਨੇ ਲੇਕਿਨ ਪੂਰੀ ਤਰ੍ਹਾਂ ਨਹੀਂ ਹੁੰਦਾ, ਭੁੱਲ ਜਾਂਦੇ ਨੇ। ਜੋ ਅਸੀਂ ਚੀਜ਼ਾਂ ਦਿਤੀਆਂ ਨੇ ਉਨ੍ਹਾਂ ਦੇ ਵਿਚ ਪਰਚ ਕੇ ਗੁਰੂ ਨੂੰ ਯਾਦ ਨਹੀਂ ਰਖਦੇ।

ਪਹਿਲੀ ਸ਼੍ਰੇਣੀ ਤਾਂ ਉਹ ਹੈ ਕਿ 'ਦਾਤਿ ਪਿਆਰੀ ਵਿਸਰਿਆ ਦਾਤਾਰਾ॥' ਦਿਤੀ ਹੋਈ ਚੀਜ਼ ਨੂੰ ਪਿਆਰ ਕਰਦੇ ਨੇ। ਪੁੱਤਰ ਦੇ ਦਿੱਤਾ ਪੁੱਤਰ ਨੂੰ ਪਿਆਰ ਕਰਨਗੇ, ਨਾ ਮੁੜ ਕੇ ਗੁਰੂ ਘਰ ਵਿਚ ਆਉਣ, ਨਾ ਕਿਸੇ ਦਾ ਆਖਿਆ ਮੰਨਣ, ਨਾ ਬਾਣੀ ਪੜ੍ਹਨ, ਉਸ ਪੁੱਤਰ ਦੇ ਵਿਚ ਹੀ ਰੁਝ ਜਾਣਗੇ, ਜ਼ਮੀਨ-ਜਾਇਦਾਦ ਦੇ ਦਿਤੀ ਤਾਂ ਉਸ ਦੇ ਵਿਚ ਹੀ ਰੁਝ ਜਾਣਗੇ।

ਇਕ ਉਹ ਨੇ ਜਿਹੜੇ ਗੁਰੂ ਨੂੰ ਤਾਂ ਯਾਦ ਰੱਖਦੇ ਨੇ ਪਰ ਉਸ ਤਰ੍ਹਾਂ ਨਹੀਂ ਚਲਦੇ, ਜਿਸ ਤਰ੍ਹਾਂ ਪਹਿਲਾਂ ਚਲਦੇ ਸੀ। ਲੋੜਾਂ ਪੂਰੀਆਂ ਹੋਣ ਤੋਂ ਬਾਅਦ ਭੁੱਲ ਜਾਂਦੇ ਨੇ। ਉਸ ਵੇਲੇ ਅਸੀਂ ਉਸ ਗੁਰਸਿੱਖ ਨੂੰ ਦੂਰ ਨਹੀਂ ਜਾਣ ਦਿੰਦੇ, ਆਪਣੇ ਨਾਲ ਜੋੜ ਕੇ ਰੱਖਦੇ ਹਾਂ। ਅਸੀਂ ਇਕ ਹਥਕੜੀ ਉਸਨੂੰ ਭੇਜਦੇ ਹਾਂ ਜਿਹੜੀ ਉਸ ਨੂੰ ਫੜ ਕੇ ਉਸ ਦੇ ਵਿਚ ਲਿਆਉਂਦੀ ਹੈ, ਮਨੁੱਖਤਾ ਵਿਚੋਂ ਤੇ ਗਿਰਾਵਟ ਵਿਚੋਂ। ਉਹ ਹਥਕੜੀ ਹੈ ਸਾਡੀ ਦੁੱਖਾਂ ਦੀ ਤੇ ਦੁੱਖ ਦੀ ਦਾਰੂ ਦੇ ਕੇ ਉਸ ਦਾ ਰੋਗ ਕੱਟ ਦਿੰਦੇ ਹਾਂ।

ਪ੍ਰਮੇਸ਼ਰ ਕਹਿੰਦਾ ਹੈ ਕਿ ਜਦੋਂ ਮੈਂ ਕਿਸੇ ਨੂੰ ਨੇੜੇ ਲਿਆਉਣਾ ਹੋਵੇ ਤਾਂ ਮੈਂ ਦੁੱਖ ਦੀ ਦਾਰੂ ਦੇ ਦਿੰਦਾ ਹਾਂ, ਦੁੱਖ ਦੀ ਹਥਕੜੀ ਭੇਜ ਦਿੰਦਾ ਹਾਂ।

***ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ॥ ਰਹਿਰਾਸ ਸਾਹਿਬ***

ਸੋ ਸਾਡੀ ਫੇਰ ਨਿਗ੍ਹਾ ਹੋ ਜਾਂਦੀ ਹੈ ਤੇ ਉਸ ਦੇ ਕਾਰੋਬਾਰ ਚੱਲ ਜਾਂਦੇ ਨੇ ਤੇ ਫੇਰ ਯਾਦ ਰੱਖਦਾ ਹੈ ਪ੍ਰਭੂ ਨੂੰ। ਜਿਸ ਕੰਮ ਨੂੰ ਕਰਨ ਵਾਸਤੇ ਆਇਆ ਹੈ ਸੰਸਾਰ ਦੇ ਅੰਦਰ ਉਸ ਦੇ ਵਿਚ ਉਸਦੀ ਬਿਰਤੀ ਲੱਗੀ ਰਹਿੰਦੀ ਹੈ। ਸਤਿਸੰਗ ਵਿਚ ਆਉਂਦਾ ਹੈ ਭੁੱਲਦਾ ਨਹੀਂ ਹੈ।

ਕਹਿੰਦੇ ਇਕ ਐਸੇ ਨੇ ਇਨ੍ਹਾਂ ਵਿਚ ਦੂਜੀ ਸ਼੍ਰੇਣੀ ਦੇ ਲੋਕ ਕਿ ਜਦੋਂ ਅਸੀਂ ਦਾਤ ਦੇ ਦਿੰਦੇ ਹਾਂ ਫੇਰ ਇਹ ਗੁਰੂ ਦਾ ਵੀ ਧਿਆਨ ਰੱਖਦੇ ਨੇ, ਗੁਰੂ ਦੀਆਂ ਸੰਗਤਾਂ ਦਾ, ਗੁਰੂ ਦੇ ਨਮਿਤ ਆਪਣਾ ਧਨ ਕੱਢਦੇ ਨੇ, ਉਸ ਦੀ ਹਾਜ਼ਰੀ ਮਹਿਸੂਸ ਕਰਦੇ ਨੇ ਤੇ ਅਸੀਂ ਉਸ ਤੇ ਖੁਸ਼ ਹੋ ਕੇ ਰਾਜ ਭਾਗ ਦੇ ਦਿੰਦੇ ਹਾਂ, ਵੱਡੀਆਂ ਚੀਜ਼ਾਂ ਦੇ ਦਿੰਦੇ ਹਾਂ, ਦੁਨੀਆਂ ਦੇ ਅੰਦਰ ਵੱਡੀ ਤੋਂ ਵੱਡੀ ਦਾਤ ਉਸਨੂੰ ਦੇ ਦਿੰਦੇ ਹਾਂ। ਕਿਸੇ ਦਾਤ ਤੋਂ ਉਹ ਥੁੜ੍ਹ ਕੇ ਨਹੀਂ ਬਹਿੰਦਾ ਸਾਡਾ ਹੱਥ ਉਸ ਦੇ ਉਤੇ ਰਹਿੰਦਾ ਹੈ, ਸਾਡਾ ਉਹ ਪਿਆਰਾ ਗੁਰਸਿੱਖ ਨਾਮ ਵੀ ਜਪਦਾ ਹੈ ਤੇ ਗ੍ਰਿਹਸਤ ਦੇ ਵਿਚ ਰਹਿ ਕੇ ਉਚੀ ਤੋਂ ਉਚੀ ਪਦਵੀ ਵੀ ਪ੍ਰਾਪਤ ਕਰਦਾ ਹੈ। ਮਾਇਆ ਉਸ ਹਾਲਤ ਵਿਚ ਬੁਰੀ ਹੋਇਆ ਕਰਦੀ ਹੈ ਜਦੋਂ ਮਾਇਆ ਵਿਚ ਪੈ ਕੇ ਪ੍ਰਮੇਸ਼ਰ ਨੂੰ ਭੁੱਲ ਜਾਵੇ। ਜਦੋਂ ਮਾਇਆ ਵਿਚ ਰਹਿ ਕੇ ਪ੍ਰਮੇਸ਼ਰ ਯਾਦ ਰਹੇ ਫੇਰ ਇਹ ਮਾਇਆ ਰੂਹਾਨੀਅਤ ਦੇ ਵਿਚ ਮਦਦਗਾਰ ਬਣ ਜਾਇਆ ਕਰਦੀ ਹੈ, ਪ੍ਰਮੇਸ਼ਰ ਦੀ ਸੇਵਾ ਵਿਚ ਮਦਦਗਾਰ ਬਣ ਜਾਇਆ ਕਰਦੀ ਹੈ, ਇਹ ਮਾਇਆ ਲੇਖੇ ਵਿਚ ਲਗਦੀ ਹੈ ਉਸਦਾ ਭਲਾ ਹੁੰਦਾ ਹੈ, ਸੰਗਤਾਂ ਜੁੜਦੀਆਂ ਨੇ, ਬੇਅੰਤ ਕਾਰਜ ਹੁੰਦੇ ਨੇ ਹਸਪਤਾਲ ਬਣਦੇ ਨੇ, ਕੋਈ ਜਨ-ਭਲਾਈ ਦੀਆਂ ਚੀਜ਼ਾਂ ਬਣਦੀਆਂ ਨੇ, ਉਸ ਦੀ ਮਾਇਆ ਫੇਰ ਸਫਲੀ

ਹੁੰਦੀ ਚਲਦੀ ਜਾਂਦੀ ਹੈ, ਉਹ ਮਾਇਆ ਵਿਘਨ ਨਹੀਂ ਪਾਉਂਦੀ ਉਸਨੂੰ, ਵਿਘਨ ਤਾਂ ਪਾਉਂਦੀ ਹੈ ਜੇ ਪ੍ਰਮੇਸ਼ਰ ਨੂੰ ਭੁੱਲ ਜਾਵੇ, ਪ੍ਰਮੇਸ਼ਰ ਜਿੱਥੇ ਭੁੱਲਦਾ ਹੈ ਉਸ ਥਾਂ ਤੇ ਮਹਾਰਾਜ ਜੀ ਕਹਿੰਦੇ ਭਾਵੇਂ ਕਿੰਨੀ ਹੀ ਕਿਉਂ ਨਾ ਆਈ ਗਈ –

*ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥*
*ਕਸਤੂਰਿ ਕੁੰਗੂ ਅਗਰਿ ਚੰਦਨਿ*
*ਲੀਪਿ ਆਵੈ ਚਾਉ ॥ ਅੰਗ – ੧੪*

ਐਨੀਆਂ ਵੱਡੀਆਂ ਪ੍ਰਾਪਤੀਆਂ, ਮੋਤੀਆਂ ਦੇ ਘਰ ਬਣਾ ਲਏ, ਚੰਦਨ ਦੀਆਂ ਮਹਿਕਾਂ ਆਉਂਦੀਆਂ ਨੇ ਜੇ ਵਾਹਿਗੁਰੂ ਨੂੰ ਭੁੱਲ ਜਾਵੇ ਤਾਂ ਕਹਿੰਦੇ ਇਹ ਗੱਲ ਗਲਤ ਹੋ ਜਾਂਦੀ ਹੈ–

*ਮਤੁ ਦੇਖਿ ਭੂਲਾ ਵੀਸਰੈ*
*ਤੇਰਾ ਚਿਤਿ ਨ ਆਵੈ ਨਾਉ॥ ਅੰਗ – ੧੪*

ਇਥੇ ਮਹਾਰਾਜ ਜੀ ਚਿਤਾਵਨੀ ਦਿੰਦੇ ਨੇ ਕਿ ਦੇਖੀਂ ਕਿਤੇ ਐਨੀ ਪ੍ਰਾਪਤੀ ਕਰਨ ਤੋਂ ਬਾਅਦ ਤੂੰ ਪ੍ਰਮੇਸ਼ਰ ਨੂੰ ਨਾ ਭੁੱਲ ਜਾਈਂ। ਮਤਾਂ ਉਸ ਚੀਜ਼ ਦੇ ਬਾਰੇ ਹੀ ਬਾਰ–ਬਾਰ ਸੋਚੀ ਜਾਵੇ ਤੇ ਨਾਮ ਨੂੰ ਭੁੱਲ ਜਾਵੇਂ, ਤੇਰੀ ਸਾਰੀ ਸ਼ਕਤੀ ਉਸਦੇ ਵਿਚ ਹੀ ਲੱਗੀ ਜਾਵੇ ਤੇ ਪ੍ਰਮੇਸ਼ਰ ਵਾਸਤੇ ਤੈਨੂੰ ਸਮਾਂ ਨਾ ਮਿਲੇ, ਪਿਆਰ ਕਰਨ ਨੂੰ, ਨਾਮ ਜਪਣ ਨੂੰ। ਕਹਿੰਦੇ ਨੇ ਐਸੀ ਗੱਲ ਜੇ ਹੁੰਦੀ ਹੈ ਤਾਂ –

*ਹਰਿ ਬਿਨੁ ਜੀਉ ਜਲਿ ਬਲਿ ਜਾਉ ॥*
*ਮੈ ਆਪਣਾ ਗੁਰੁ ਪੂਛਿ ਦੇਖਿਆ*
*ਅਵਰੁ ਨਾਹੀ ਥਾਉ ॥ ਅੰਗ – ੧੪*

ਐਸੀ ਹਾਲਤ ਵਿਚ ਜੇ ਜੀਵ ਪ੍ਰਮੇਸ਼ਰ ਨੂੰ ਭੁੱਲ ਜਾਂਦਾ ਹੈ ਤਾਂ ਕਹਿੰਦੇ ਫੇਰ ਜਿਹੜਾ ਅੰਦਰਲਾ ਕੌਲ ਫੁੱਲ ਹੈ ਉਹ ਜਲ ਜਾਂਦਾ ਹੈ, ਕਮਲ ਫੁੱਲ ਜਿਸਨੂੰ ਆਖਦੇ ਨੇ। ਉਹ ਜਲਣ ਦੇ ਨਾਲ ਫੇਰ ਖੁਸ਼ੀ ਨਹੀਂ ਉਸ ਦੇ ਵਿਚ ਰਹਿੰਦੀ, ਉਹ ਖੁਸ਼ੀ ਖਤਮ ਹੋ ਜਾਂਦੀ ਹੈ, ਢਹਿੰਦੀ ਕਲਾ ਮਨ ਵਿਚ ਆ ਜਾਂਦੀ ਹੈ, ਝੁੰਜਲਾਹਟ ਆ ਜਾਂਦੀ ਹੈ ਫੇਰ ਮਾਇਆ ਦੇ ਹੁੰਦੇ–ਸੁੰਦੇ ਵੀ ਉਸਨੂੰ ਸੁਖ ਦੀ ਪ੍ਰਾਪਤੀ ਨਹੀਂ ਹੁੰਦੀ –

*ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥*
*ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ ॥*
*ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ ॥*
*ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥*
*ਅੰਗ – ੭੦੭*

ਜੇ ਵਾਹਿਗੁਰੂ ਨੂੰ ਭੁੱਲ ਗਿਆ ਤਾਂ ਕਹਿੰਦੇ ਵਿਸ਼ਟਾ ਦਾ ਕੀੜਾ ਬਣ ਜਾਂਦਾ ਹੈ –

*ਬਿਨੁ ਹਰਿ ਨਾਮ ਨ ਸਾਂਤਿ ਹੋਇ*
*ਕਿਤੁ ਬਿਧਿ ਮਨੁ ਧੀਰੇ ॥ ਅੰਗ – ੭੦੭*

ਕਿਉਂਕਿ ਨਾਮ ਅਸਲੀ ਚੀਜ਼ ਹੈ ਨਾਮ ਦੇ ਵਿਚ ਬਰਕਤਾਂ ਨੇ। ਨਾਮ ਹਿਰਦੇ ਵਿਚ ਵਸ ਜਾਵੇ ਤਾਂ ਵਿਘਨਾਂ ਦਾ ਨਾਸ਼ ਹੋ ਜਾਂਦਾ ਹੈ, ਮਾੜੀਆਂ ਸ਼ਕਤੀਆਂ ਨੇੜੇ ਨਹੀਂ ਆ ਸਕਦੀਆਂ। ਮਹਾਰਾਜ ਜੀ ਕਹਿੰਦੇ ਐਨੀ ਬਰਕਤ ਪੈਂਦੀ ਹੈ ਕਿ –

*ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ ॥ ਅੰਗ – ੬੪੯*

ਜੋ ਹਿਰਦੇ ਦੇ ਵਿਚ ਵਸਾਉਂਦੇ ਨੇ ਸਾਰੀਆਂ ਸ਼ਕਤੀਆਂ ਉਸ ਦੇ ਵਿਚ ਆ ਜਾਂਦੀਆਂ ਨੇ। ਭਾਵੇਂ ਗ੍ਰਿਹਸਥੀ ਕਿਹੋ ਜਿਹਾ ਹੀ ਜੀਵਨ ਹੈ। ਸ਼ਾਹਬਾਜ਼ ਸਿੰਘ ਤੇ ਸੁਬੇਗ ਸਿੰਘ ਦੋ ਮਸ਼ਹੂਰ ਸ਼ਹੀਦ ਹੋਏ ਨੇ। ਜਿਹੜਾ ਸੁਬੇਗ ਸਿੰਘ ਸੀ ਉਹ ਉਸ ਜ਼ਮਾਨੇ ਵਿਚ ਜਦੋਂ ਇਸਲਾਮ ਦਾ ਰਾਜ ਸੀ, ਐਡਾ ਸਿਆਣਾ ਗਿਣਿਆ ਗਿਆ ਸੀ ਕਿ ਲਾਹੌਰ ਦੀ ਉਸਨੂੰ ਕੋਤਵਾਲੀ ਦੇ ਦਿਤੀ ਗਈ, ਕੋਤਵਾਲ ਬਣਾ ਦਿਤਾ ਸਾਰੇ ਲਾਹੌਰ ਦਾ। ਜਦੋਂ ਧਾਰਮਿਕ ਨੀਤੀ ਦੇ ਹਿਸਾਬ ਨਾਲ ਇਹ ਹੁਕਮ ਕਰ ਦਿਤਾ ਕਿ ਕੋਈ ਸਿੱਖ ਜੀਉਂਦਾ ਨਾ ਰਹੇ ਸਾਰਿਆਂ ਨੂੰ ਮਾਰ ਦਿਤਾ ਜਾਵੇ ਤਾਂ ਇਹ ਪਿਉ–ਪੁੱਤਰ ਵੀ ਦੋਵੇਂ ਫੜੇ ਗਏ। ਫੜਨ ਤੋਂ ਬਾਅਦ ਜਦੋਂ ਇਨ੍ਹਾਂ ਨੂੰ ਇਹ ਕਿਹਾ ਗਿਆ ਕਿ ਤੁਸੀਂ ਇਸਲਾਮ ਕਬੂਲ ਕਰੋ ਤਾਂ ਇਨ੍ਹਾਂ ਨੇ ਜਵਾਬ ਦੇ ਦਿਤਾ। ਉਸ ਵੇਲੇ ਪੁੱਤਰ ਦੇ ਉਤੇ ਬਹੁਤ ਸਖਤੀ ਕੀਤੀ ਗਈ, ਸ਼ਾਹਬਾਜ਼ ਸਿੰਘ ਤੇ। ਉਸ ਦੇ ਮਨ ਵਿਚ ਆ ਗਿਆ ਕਿ ਮੈਂ ਇਸਲਾਮ ਧਾਰਨ ਕਰ ਲਵਾਂ ਮੈਥੋਂ ਸਖਤੀ ਨਹੀਂ ਸਹੀ ਜਾਂਦੀ। ਪਿਤਾ ਨੂੰ ਕਿਹਾ ਕਿ ਉਹ ਤਾਂ ਮੰਨ ਗਿਆ ਤੂੰ ਵੀ ਮੰਨ ਜਾਹ।

ਪਿਤਾ (ਸੁਬੇਗ ਸਿੰਘ) ਨੇ ਕਿਹਾ, "ਮੈਨੂੰ ਮਿਲਾ ਦਿਓ ਉਸਨੂੰ।" ਨੇੜੇ ਆ ਗਿਆ, ਆਪਣਾ ਅਗੂੰਠਾ ਮੱਥੇ ਦੇ ਉਤੇ ਮਲ ਦਿਤਾ, ਕਹਿੰਦਾ, "ਜਾਹ! ਤੇਰਾ ਲੇਖ ਕੱਟਿਆ ਗਿਆ।" ਉਸੇ ਵੇਲੇ ਉਸ ਦੇ ਅੰਦਰ ਐਨੀ ਸ਼ਕਤੀ ਪ੍ਰਵੇਸ਼ ਕਰ ਗਈ ਤੇ ਕਹਿਣ ਲੱਗਿਆ, ਜੋ ਹੋਣਾ ਹੈ ਹੋ ਜਾਵੇ ਮੈਂ ਆਪਣਾ ਧਰਮ ਨਹੀਂ ਤਿਆਗਦਾ।

ਸੂਬੇ ਨੇ ਇਕ ਸਵਾਲ ਪੁੱਛਿਆ, ਕਹਿੰਦਾ, ਸੁਬੇਗ ਸਿੰਘ! ਕੀ ਤੇਰੇ ਵਿਚ ਇਹ ਸ਼ਕਤੀ ਹੈ ਕਿ ਤੂੰ ਲੇਖ ਮਿਟਾ ਸਕਦਾ ਹੈਂ? ਕੋਤਵਾਲ ਦੀ ਤੂੰ ਡਿਊਟੀ ਦਿੰਦਾ ਹੈਂ, ਦਿਨ ਰਾਤ ਤੇਰੇ ਕੋਲ ਸ਼ਿਕਾਇਤਾਂ ਆਉਂਦੀਆਂ ਨੇ, ਕਿਸੇ ਨੂੰ ਤੂੰ ਸਜ਼ਾ ਦਿੰਦਾ ਹੈਂ, ਕਿਸੇ ਨੂੰ ਤੂੰ ਕੁਝ ਕਰਦਾ ਹੈਂ, ਚੋਰਾਂ ਨੂੰ ਫੜਦਾ ਹੈਂ, ਡਾਕੂਆਂ ਨੂੰ ਫੜਦਾ ਹੈਂ, ਐਨੇ ਰੁਝੇਵੇਂ ਵਿਚ ਵੀ ਤੇਰੇ ਅੰਦਰ ਇਹ ਸ਼ਕਤੀ ਹੈ ਕਿ ਤੂੰ ਲੇਖ ਮੇਟ ਦੇਵੇਂ?

ਕਹਿੰਦਾ, ਮੇਰੇ ਵਿਚ ਤਾਂ ਨਹੀਂ ਹੈ, ਮੇਰੇ ਗੁਰੂ ਦੀ ਸ਼ਕਤੀ ਮੇਰੇ ਵਿਚ ਹੈ ਕਿਉਂਕਿ ਗੁਰਸਿੱਖ ਨੀਵਾਂ ਰਹਿੰਦਾ ਹੈ, ਆਪਣੇ ਆਪ ਤੇ ਨਹੀਂ ਆਉਂਦਾ।

ਕਹਿਣ ਲੱਗਿਆ, "ਮੈਨੂੰ ਦੱਸ ਸਕਦਾ ਹੈਂ ਕਿ ਮੇਰੀ ਲੜਕੀ ਦੇ ਕੀ ਔਲਾਦ ਹੋਵੇਗੀ?"

ਕਹਿੰਦਾ, "ਲੜਕੀ ਹੋਏਗੀ।"

ਉਸ ਦੇ ਲੜਕੀ ਹੋ ਗਈ ਸੱਚਮੁੱਚ।

ਕਹਿਣ ਲੱਗਿਆ, "ਮੈਨੂੰ ਇਹ ਵੀ ਦੱਸ ਮੇਰੀ ਮੌਤ ਕਿਵੇਂ ਹੋਏਗੀ?"

ਕਹਿੰਦਾ, "ਤੇਰੀ ਮੌਤ ਇਕ ਸਾਲ ਦੇ ਅੰਦਰ-ਅੰਦਰ ਆਹ ਕਾਰਨ ਦੇ ਨਾਲ ਹੋ ਜਾਏਗੀ, ਬਚਣਾ ਨਹੀਂ ਤੂੰ। ਇਹ ਜਿਹੜਾ ਭਾਣਾ ਸਾਡੇ ਉਤੇ ਵਰਤ ਰਿਹਾ ਹੈ ਇਹ ਗੁਰੂ ਮਹਾਰਾਜ ਵਲੋਂ ਸਾਡੇ ਤੇ ਵਰਤਣਾ ਹੀ ਹੈ।"

ਕਹਿੰਦਾ, "ਫੇਰ ਤੂੰ ਸ਼ਕਤੀ ਵਰਤਦਾ ਕਿਉਂ ਨਹੀਂ ਹੈਂ? ਆਹ ਜਿਹੜੀਆਂ ਚਰਖੜੀਆਂ ਨੇ ਇਨ੍ਹਾਂ ਦੇ ਦੰਦਿਆਂ ਨੂੰ ਖੁੰਢੇ ਕਰ ਦੇ।"

ਕਹਿੰਦੇ, "ਇਹ ਸਾਡੇ ਗੁਰੂ ਨੇ ਨਹੀਂ ਦੱਸਿਆ, ਸ਼ਕਤੀਆਂ ਵਰਤਣ ਨੂੰ, ਅਸੀਂ ਭਾਣੇ ਦੇ ਵਿਚ ਰਾਜ਼ੀ ਰਹਿੰਦੇ ਹਾਂ। ਜੋ ਉਸ ਦਾ ਭਾਣਾ ਹੈ ਉਸਨੂੰ ਸਿਰ ਮੱਥੇ ਤੇ ਕਰਕੇ ਮੰਨਣਾ ਹੈ।

ਸੋ ਗੁਰਸਿੱਖ ਮਾਇਆ ਦੇ ਵਿਚ ਰਹਿੰਦਾ ਹੋਇਆ, ਕਾਰੋਬਾਰ ਕਰਦਾ ਹੋਇਆ ਜਦੋਂ ਨਾਮ ਦੀ ਓਟ ਲੈਂਦਾ ਹੈ, ਉਸ ਵੇਲੇ ਗੁਰੂ ਮਹਾਰਾਜ ਦਾ ਇਹ ਬਚਨ ਕਿ -

***ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ***
***ਜੋ ਹਰਿ ਹਿਰਦੈ ਸਦਾ ਵਸਾਇ ॥ ਅੰਗ - ੬੪੯***

ਨੌਂਵੇਂ ਨਿੱਧੀਆਂ, ਅਠਾਰ੍ਹਾਂ ਸਿੱਧੀਆਂ ਉਸ ਦੇ ਘਰ ਵਿਚ ਆ ਜਾਂਦੀਆਂ ਨੇ। ਮਾਇਆ ਦਾਸੀ ਬਣ ਕੇ ਸੇਵਾ ਕਰਦੀ ਫਿਰਦੀ ਹੈ। ਸੋ ਸਿਰਫ ਐਨਾ ਹੈ ਕਿ ਵਾਹਿਗੁਰੂ ਜੀ ਦੀ ਮਿਹਰ ਹੈ ਬੇਅੰਤ ਮਾਇਆ ਦੇ ਦੇਵੇ, ਬੇਅੰਤ ਕਾਰੋਬਾਰ ਵਧਾ ਦੇਵੇ, ਕਰੋੜਾਂ ਤੋਂ ਅਰਬਾਂ ਦੇ ਕਰ ਦੇਵੇ ਪਰ ਉਸਨੂੰ ਨਾ ਭੁੱਲੇ, ਉਸਨੂੰ ਪਹਿਲਾਂ ਨਾਲੋਂ ਵੀ ਜ਼ਿਆਦਾ ਯਾਦ ਰੱਖੇ। ਜਿਉਂ-ਜਿਉਂ ਤੱਕੜੀ ਭਾਰੀ ਹੁੰਦੀ ਜਾਂਦੀ ਹੈ, ਤਿਉਂ-ਤਿਉਂ ਉਸਦਾ ਪਲੜਾ ਨੀਵਾਂ ਹੁੰਦਾ ਚਲਿਆ ਜਾਂਦਾ ਹੈ। ਜਿਉਂ-ਜਿਉਂ ਤੱਕੜੀ ਹੌਲੀ ਹੁੰਦੀ ਜਾਂਦੀ ਹੈ ਉਸ ਦੇ ਅੰਦਰ ਅਭਿਮਾਨ ਆਉਂਦਾ ਤੁਰਿਆ ਜਾਂਦਾ ਹੈ, ਅਭਿਮਾਨ ਨਾਲ ਪਲੜਾ ਹੌਲਾ ਹੋ ਜਾਂਦਾ ਹੈ। ਉਸ ਦੇ ਵਿਚ ਕੁਝ ਨਹੀਂ ਹੁੰਦਾ ਕੇਵਲ ਅਭਿਮਾਨ ਰਹਿ ਜਾਂਦਾ ਹੈ। ਗੁਰਸਿੱਖ ਨਿਮਰਤਾ ਦੇ ਨਾਲ ਝੁਕਾ ਲੈਂਦਾ ਹੈ ਪਲੜੇ ਨੂੰ ਕਿਉਂਕਿ ਉਸਦੇ ਕੋਲ ਨਾਮ ਹੁੰਦਾ ਹੈ, ਸ਼ੁਕਰਾਨਾ ਹੁੰਦਾ ਹੈ ਕਿ ਮੈਨੂੰ ਧਨ ਪ੍ਰਮੇਸ਼ਰ ਨੇ ਦਿਤਾ ਹੈ ਉਸਦੀ ਹੀ ਕ੍ਰਿਪਾ ਹੈ ਮੇਰੇ ਵਿਚ ਕੋਈ ਬਲ ਨਹੀਂ ਹੈ। ਸੋ ਐਨਾ ਹੀ ਭੇਤ ਹੈ ਇਸ ਦੇ ਵਿਚ ਜਦੋਂ ਗੁਰੂ ਦੇ ਹੋ ਕੇ ਚਲਦੇ ਹਾਂ ਤਾਂ ਮਹਾਰਾਜ ਜੀ ਕਹਿੰਦੇ -

***ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥***
***ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ***
***ਵਿਚੇ ਹੋਵੈ ਮੁਕਤਿ ॥ ਅੰਗ - ੫੨੨***

ਖਾਂਦੇ-ਪੀਂਦੇ, ਖੇਲ੍ਹਦੇ-ਪਹਿਨਦੇ ਵਿਚੇ ਹੀ ਮੁਕਤੀ ਹੋ ਜਾਂਦੀ ਹੈ ਕਿਉਂਕਿ ਐਸਾ ਮਹਾਰਾਜ ਜੀ ਨੇ ਨਾਮ ਦਾ ਬਲ ਲਿਆਂਦਾ ਹੈ ਤੇ ਨਾਮ ਨੂੰ ਨਾ ਭੁੱਲੋ। ਜਦੋਂ ਨਾਮ ਨੂੰ ਨਹੀਂ ਭੁੱਲਾਂਗੇ ਫੇਰ ਸਾਡਾ ਜਿਹੜਾ ਜੀਵਨ ਹੈ ਉਸ ਦੀ ਸੇਧ ਸਹੀ ਰਹੇਗੀ, ਗਲਤੀ ਨਹੀਂ ਉਸ ਦੇ ਵਿਚ ਆਏਗੀ। ਕਾਰੋਬਾਰ ਸ਼ੁੱਧ ਹੋਣਗੇ।

ਦੂਸਰੀ ਚੀਜ਼ ਹੈ ਅਰਦਾਸ। ਜਦੋਂ ਚਾਰੇ ਪਾਸਿਆਂ ਤੋਂ ਘਿਰ ਜਾਵੇ, ਕੁਝ ਨਾ ਬਣ ਸਕਦਾ ਹੋਵੇ। ਉਸ ਵੇਲੇ ਨਿਮਰਤਾ ਦੇ ਨਾਲ ਖੜ੍ਹਾ ਹੋ ਕੇ ਗੁਰੂ ਮਹਾਰਾਜ ਜੀ ਦੇ ਚਰਨਾਂ ਦਾ ਧਿਆਨ ਕਰੇ, ਗੁਰੂ ਨਾਨਕ ਪਾਤਸ਼ਾਹ ਦਾ, ਗੁਰੂ ਨਾਨਕ ਪਾਤਸ਼ਾਹ ਜ਼ਿੰਦਾ ਪੀਰ ਨੇ। ਉਹ ਜਾਂਦੇ ਨਹੀਂ ਕਿਤੇ ਕਿਉਂਕਿ ਉਹ ਗੁਰ-ਪ੍ਰਮੇਸ਼ਰ ਨੇ। ਗੁਰੂ-ਪ੍ਰਮੇਸ਼ਰ ਦਾ ਧਿਆਨ ਕਰਕੇ ਜਦੋਂ ਗੁਰਸਿੱਖ ਅਰਦਾਸ ਕਰਦਾ ਹੈ ਤਾਂ ਭਾਵੇਂ ਕਿੱਡਾ ਵੀ ਉਸ ਦੇ ਉਤੇ ਸੰਕਟ ਕਿਉਂ ਨਾ ਹੋਵੇ, ਉਸ ਸੰਕਟ ਨੂੰ ਨਿਵਾਰਨ ਵਾਸਤੇ ਗੁਰੂ ਉਸ ਵੇਲੇ ਆ ਜਾਂਦਾ ਹੈ ਲੇਕਿਨ ਉਸ ਦੇ ਵਿਚ ਫਰਕ ਹੁੰਦਾ ਹੈ।

ਇਕ ਐਸਾ ਹੁੰਦਾ ਹੈ ਕਿ ਬੱਚਾ ਮਾਂ ਕੋਲ ਬੇਨਤੀ ਕਰੇ ਕਿ ਮੈਨੂੰ ਜਲਦੀ ਹੋਈ ਮੋਮਬੱਤੀ ਦੇ ਦੇ। ਮਾਂ ਜਾਣਦੀ ਹੈ ਕਿ ਇਹ ਆਪਣੇ ਕੇਸਾਂ ਨੂੰ ਅੱਗ ਲਾ ਲਏਗਾ, ਕੱਪੜਿਆਂ ਨੂੰ ਲਾ ਲਏਗਾ, ਇਸ ਕਰਕੇ ਉਹ ਨਹੀਂ ਦਿੰਦੀ। ਜੇ ਹੋਰ ਚੀਜ਼ ਮੰਗਦਾ ਹੈ, ਖਾਣ ਪੀਣ ਦੀਆਂ ਤਾਂ ਮਾਂ ਦੇ ਦਿੰਦੀ ਹੈ। ਇਸੇ ਤਰ੍ਹਾਂ ਗੁਰੂ ਇਹ ਦੇਖ ਲੈਂਦਾ ਹੈ ਕਿ ਇਹ ਜਿਹੜੀ ਅਰਦਾਸ ਕਰਦਾ ਹੈਂ ਇਹ ਇਸ ਦੇ ਹਿਤ ਵਿਚ ਹੈ ਜਾਂ ਅਹਿਤ ਵਿਚ? ਜੇ ਅਹਿਤ ਵਿਚ ਹੈ ਤਾਂ ਗੁਰੂ ਰਾਖੀ ਕਰਦਾ ਹੈ, ਫੇਰ ਅਰਦਾਸ ਨਹੀਂ ਮੰਨਦਾ, ਆਪਣੀ ਮਰਜ਼ੀ ਨਾਲ ਉਸਨੂੰ ਸਹੀ ਰਸਤੇ ਤੇ ਪਾਉਂਦਾ ਹੈ ਤੇ ਜੇ ਹਿੱਤ ਵਿਚ ਹੈ ਤਾਂ ਗੁਰੂ ਉਸੇ ਵੇਲੇ ਉਸਦੀ ਅਰਦਾਸ ਸੁਣ ਕੇ ਉਸੇ ਵੇਲੇ ਸੰਕਟ ਦੂਰ ਕਰ ਦਿੰਦਾ ਹੈ।

ਸੋ ਇਹ ਜੋ ਸ਼ਬਦ ਮਾਇਆ ਹੈ ਮਹਾਰਾਜ ਜੀ ਦਾ, ਇਸ ਦੇ ਵਿਚ ਗੁਰਮੁਖ ਤੇ ਮਨਮੁਖ ਦਾ ਜ਼ਿਕਰ ਕੀਤਾ ਹੈ। ਜਿਹੜਾ ਮਨਮੁਖ ਹੈ ਉਹ ਆਪਣੀ ਮਨ ਦੀ ਮੱਤ ਦੇ ਨਾਲ ਆਪਣੀ ਸੇਧ ਕੱਢਦਾ ਹੈ। ਜਿਹੜਾ ਗੁਰਮੁਖ ਹੈ ਉਹ ਸ਼ਬਦ ਦੀ ਪਛਾਣ ਕਰਦਾ ਹੈ ਜਿਸਨੂੰ ਸ਼ਬਦ ਦਾ ਸੁਆਦ ਆ ਗਿਆ ਉਹ ਹਰੀ ਦੇ ਗੁਣ ਗਾਉਂਦਾ ਹੈ ਉਸ ਦੇ ਨਾਲ ਉਸਦੇ ਦੁੱਖਾਂ ਦਾ ਖਾਤਮਾ ਹੋ ਜਾਂਦਾ ਹੈ।

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹਿ।

# ਜੁਗਤੀ ਸੇਵਾ ਸਿਮਰਨ

*ਸੰਤ ਵਰਿਆਮ ਸਿੰਘ ਜੀ ਮਹਾਰਾਜ*
*ਬਾਨੀ ਵਿ. ਗੁ. ਰੂ. ਮਿਸ਼ਨ*

ਸਤਿਨਾਮ ਸ੍ਰੀ ਵਾਹਿਗੁਰੂ, ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥*
*ਅੰਗ - ੨੮੯*

*ਧਾਰਨਾ - ਪਿਆਰੇ ਜਬ ਤੇ ਦਰਸ਼ਨ ਪਾਇਆ, ਸੰਸਾ ਉਤਰ ਗਿਆ।*

*ਠਾਕੁਰ ਤੁਮ੍ ਸਰਣਾਈ ਆਇਆ ॥*
*ਉਤਰਿ ਗਇਓ ਮੇਰੇ ਮਨ ਕਾ ਸੰਸਾ*
*ਜਬ ਤੇ ਦਰਸਨੁ ਪਾਇਆ ॥੧॥ ਰਹਾਉ ॥*
*ਅਨਬੋਲਤ ਮੇਰੀ ਬਿਰਥਾ ਜਾਨੀ*
*ਅਪਨਾ ਨਾਮੁ ਜਪਾਇਆ ॥*
*ਦੁਖ ਨਾਠੇ ਸੁਖ ਸਹਜਿ ਸਮਾਏ*
*ਅਨਦ ਅਨਦ ਗੁਣ ਗਾਇਆ ॥੧॥*
*ਬਾਹ ਪਕਰਿ ਕਢਿ ਲੀਨੇ ਅਪੁਨੇ*
*ਗ੍ਰਿਹ ਅੰਧ ਕੂਪ ਤੇ ਮਾਇਆ ॥*
*ਕਹੁ ਨਾਨਕ ਗੁਰਿ ਬੰਧਨ ਕਾਟੇ*
*ਬਿਛੁਰਤ ਆਨਿ ਮਿਲਾਇਆ ॥ ਅੰਗ - ੧੨੧੮*

*ਧਾਰਨਾ - ਪਿਆਰੇ ਜੀ, ਸੰਸਾ ਮੇਰਾ ਉਤਰ ਗਿਆ, ਪਿਆਰੇ ਜਬ ਤੇ ਦਰਸ਼ਨ ਪਾਇਆ।*

*ਧਾਰਨਾ -ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ, ਸੇਵਾ ਕਰਕੇ ਮਾਣ ਪਾਈਦਾ।*

*ਨਾਮ ਅਉਖਧੁ ਜਿਹ ਰਿਦੈ ਹਿਤਾਵੈ ॥*
*ਤਾਹਿ ਰੋਗੁ ਸੁਪਨੈ ਨਹੀ ਆਵੈ ॥*
*ਹਰਿ ਅਉਖਧੁ ਸਭ ਘਟ ਹੈ ਭਾਈ ॥*
*ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥*
*ਗੁਰਿ ਪੂਰੈ ਸੰਜਮੁ ਕਰਿ ਦੀਆ ॥*
*ਨਾਨਕ ਤਉ ਫਿਰਿ ਦੂਖ ਨ ਥੀਆ ॥*
*ਅੰਗ - ੨੫੯*

*ਹਰਿ ਹਰਿ ਤੇਰਾ ਨਾਮੁ ਹੈ ਦੁਖ ਮੇਟਣਹਾਰਾ ॥*
*ਗੁਰ ਸੇਵਾ ਤੇ ਪਾਈਐ ਗੁਰਮੁਖਿ ਨਿਸਤਾਰਾ ॥੪॥*
*ਜੋ ਹਰਿ ਨਾਮੁ ਧਿਆਇਦੇ ਤੇ ਜਨ ਪਰਵਾਨਾ ॥*
*ਤਿਨ ਵਿਟਹੁ ਨਾਨਕੁ ਵਾਰਿਆ ਸਦਾ ਸਦਾ ਕੁਰਬਾਨਾ॥*
*ਅੰਗ - ੭੨੫*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰਜ ਸੰਕੋਚਦੇ ਹੋਏ ਆਪ ਦੂਰ-ਦਰਾਜ਼ ਤੋਂ ਆਏ ਹੋਂ। ਕਿਉਂਕਿ ਸਤਿਸੰਗ ਜੋ ਮਿਲਦਾ ਹੈ ਮਹਾਰਾਜ ਕਹਿੰਦੇ -

*ਬਿਨੁ ਭਾਗਾ ਸਤਸੰਗੁ ਨ ਲਭੈ*
*ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥ ਅੰਗ - ੯੫*

ਨਾ ਮਿਲਣ ਨਾਲ ਕੀ ਹੁੰਦਾ ਹੈ, ਮਨ ਦੇ ਉਤੇ ਤੈਹਾਂ ਦੀਆਂ ਤੈਹਾਂ ਮੈਲ ਦੀਆਂ ਜੰਮ ਜਾਂਦੀਆਂ ਨੇ। ਪਹਿਲਾਂ ਹੀ ਮੈਲ ਸਾਡੇ ਬਹੁਤ ਲੱਗੀ ਹੋਈ ਹੈ -

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ ॥*
*ਖੰਨਲੀ ਧੋਤੀ ਉਜਲੀ ਨ ਹੋਵਈ*
*ਜੇ ਸਉ ਧੋਵਣਿ ਪਾਹੁ ॥ ਅੰਗ - ੬੫੧*

ਐਨਾ ਸਿਆਹੁ ਹੋ ਗਿਆ ਸਾਡਾ ਮਨ ਕੋਲ ਰਹਿੰਦਾ ਵਾਹਿਗੁਰੂ ਦਿਸਦਾ ਨਹੀਂ ਹੈ। ਅੰਨ੍ਹੀਆਂ ਹੋ ਗਈਆਂ ਅੱਖਾਂ ਪੜਦੇ ਚੜ੍ਹ-ਚੜ੍ਹ ਕੇ, ਇਕ ਪੜਦਾ ਪੈ ਜਾਵੇ ਕਿਸੇ ਦੀ ਅੱਖ ਦੇ ਅੰਦਰ, ਮੋਤੀਏਬਿੰਦ ਦਾ। ਡਾਕਟਰ ਕਹਿੰਦੇ ਨੇ ਲਹਿ ਜਾਏਗਾ, ਕਾਲਾ ਪੈ ਜਾਵੇ, ਕਹਿੰਦੇ ਨੇ ਕੋਸ਼ਿਸ਼ ਕਰਾਂਗੇ ਲੈਂਨਜ਼ ਪੈਣਗੇ ਅੱਖਾਂ ਦੇ ਅੰਦਰ। ਇਹ ਵੀ ਵਾਹਿਗੁਰੂ ਕਰੇ ਤਾਂ ਦਿਸਣ ਲੱਗ ਜਾਏਗਾ। ਪਰ ਜੇ ਤੈਹਾਂ ਦੀਆਂ ਤੈਹਾਂ, ਨਾਲੀ ਭਰ ਜਾਵੇ, sight ਵਾਲੀ ਫੇਰ ਤਾਂ ਦਿਸਣਾ ਬੰਦ ਹੋ ਜਾਂਦਾ ਹੈ। ਮਹਾਰਾਜ ਕਹਿੰਦੇ ਏਸੇ ਤਰ੍ਹਾਂ ਸਤਿਸੰਗ ਤੋਂ ਜੋ ਹੀਣੇ ਪੁਰਸ਼ ਨੇ ਉਨ੍ਹਾਂ ਦੇ ਅੰਦਰ ਮੈਲ ਭਰ ਜਾਂਦੀ ਹੈ, ਰੋਸ਼ਨੀ ਨਹੀਂ ਆਉਂਦੀ ਅੰਦਰ। ਕੁਛ ਸੋਝੀ ਨਹੀਂ ਆਉਂਦੀ, ਸੋਝੀਹੀਣਾ ਹੋ ਜਾਂਦਾ ਹੈ ਤੇ ਜਨਮ ਬਿਰਥਾ ਗੁਆ ਕੇ ਚਲਿਆ ਜਾਂਦਾ ਹੈ। ਸੋ ਜੇ ਸਤਿਸੰਗ ਮਿਲ ਜਾਵੇ, ਸਤਿਸੰਗ ਦੇ ਵਿਚ ਹੁੰਦੇ ਨੇ ਤੱਤ ਬਚਨ। ਵਾਹਿਗੁਰੂ ਵਲੋਂ ਜੋ ਪਹਿਲਾਂ ਅਕਾਸ਼ਬਾਣੀ ਦੇ ਰਾਹੀਂ, ਵੇਦ ਆਏ, ਕੁਰਾਨ ਸ਼ਰੀਫ, ਤੌਰੇਤ, ਅੰਜੀਲ, ਜੰਬੂਰ ਤੇ ਬਾਈਬਲ, ਕੁਛ ਮੈਸਿਜ਼ ਆਏ ਫਰਿਸ਼ਤਿਆਂ ਦੇ ਰਾਹੀਂ, ਕੁਛ ਇਲਹਾਮ ਹੋਏ, ਕੁਛ ਵਹੀ ਹੋਈ। ਗੁਰੂ ਮਹਾਰਾਜ ਨੂੰ ਸਿੱਧਾ ਹੁਕਮ ਆ ਰਿਹਾ ਸੀ ਅਕਾਲ ਪੁਰਖ ਦਾ, ਦੋਵੇਂ ਇਕ ਰੂਪ ਹੋਏ ਹੋਏ ਸੀ। ਇਕ ਗੁਰੂ ਸੀ ਇਕ ਪ੍ਰਮੇਸ਼ਰ ਸੀ। ਪ੍ਰਮੇਸ਼ਰ ਵਲੋਂ ਜੋ ਗੁਰੂ ਦੇ ਰਾਹੀਂ ਜੋ ਸਾਡੇ ਉਧਾਰ ਵਾਸਤੇ ਕਲਜੁਗੀ ਜੀਵਾਂ ਦੇ ਬਚਨ ਆਏ ਨੇ, ਉਹ ਜਦੋਂ ਸਤਿਸੰਗ 'ਚ ਆ ਕੇ ਅਸੀਂ ਸੁਣਿਆ, ਸਾਡੇ ਦੁਖਾਂ ਦਾ ਖਾਤਮਾ ਹੋ ਜਾਂਦਾ ਹੈ। ਇਥੇ ਦੇ ਦੁਖਾਂ ਦਾ ਵੀ ਤੇ ਦਰਗਾਹ ਦੇ ਦੁਖਾਂ ਦਾ ਵੀ। ਫਲ ਕਿਉਂਕਿ ਬਹੁਤਾ ਜ਼ਿਆਦਾ ਹੈ -

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥*
*ਅੰਗ - ੫੪੬*

ਇਕ ਜਗ ਨਹੀਂ ਹੁੰਦਾ ਸਾਰੀ ਜ਼ਿੰਦਗੀ 'ਚ। ਜੇ ਭਲਾ ਤੁਸੀਂ ਹਿਸਾਬ ਲਾਓ ਕਿ ਰੋਜ਼, ਜਿਸ ਦਿਨ ਤੋਂ ਪੈਦਾ ਹੋ ਗਿਆ ਉਸ ਦਿਨ ਤੋਂ ਹੀ ਯੱਗ ਕਰਨਾ ਸ਼ੁਰੂ ਕਰ ਦੇਈਏ, ਕਿੰਨੀ ਉਮਰ ਹੁੰਦੀ ਹੈ ਵੱਧ ਤੋਂ ਵੱਧ। ਸੌ ਸਾਲ ਦੀ ਲਾ ਲਓ। ਜੇ ਕੋਈ ਵੀ ਵਿਘਨ ਨਾ ਪਵੇ ਤਾਂ ਸਾਰੇ ਸੌ ਸਾਲ ਦੀ ਉਮਰ ਦੇ ਅੰਦਰ 36 ਹਜ਼ਾਰ 5 ਸੌ ਜੱਗ ਹੁੰਦਾ ਹੈ। ਜੇ ਹਜ਼ਾਰ ਸਾਲ ਦੀ ਉਮਰ ਹੋਵੇ ਤਾਂ ਸਮਝ ਲਓ ਕਿ ਤਿੰਨ ਲੱਖ 65 ਹਜ਼ਾਰ ਜੱਗ ਕਰ ਲਿਆ। ਕਈ ਕਰੋੜ ਤੱਕ ਤਾਂ ਪਹੁੰਚਦਾ ਹੀ ਨਹੀਂ ਹੈ। ਕਰੋੜਾਂ ਤੱਕ ਤਾਂ ਪਹੁੰਚਣ ਲਈ ਲੱਖਾਂ ਸਾਲ ਦੀ ਉਮਰ ਹੋਵੇ, ਸ਼ਾਇਦ ਪਹੁੰਚ ਜਾਵੇ। ਪਰ ਕੋਈ ਨਹੀਂ ਪਹੁੰਚ ਸਕਿਆ। ਪਰ ਸਤਿਸੰਗ ਦਾ ਕਲਜੁਗ ਦੇ ਅੰਦਰ ਐਨਾ ਜ਼ਿਆਦਾ ਫਲ ਕਰ ਦਿਤਾ ਵਾਹਿਗੁਰੂ ਨੇ, ਸਾਡੇ ਉਧਾਰ ਦੇ ਵਾਸਤੇ, ਜੇ ਨਾਮ ਦੀ ਹੀ ਗੱਲ ਸਮਝ ਵਿਚ ਆ ਜਾਵੇ ਨਾ, ਇਕੱਲੇ ਨਾਮ ਦੀ। ਧਰਮਰਾਜ ਦੀ ਤਾਕਤ ਨਹੀਂ ਕਿ ਨਾਮ ਵਾਲੇ ਨੂੰ ਰੋਕ ਲਏ। ਉਹ ਤਾਂ ਜਿਹੜਾ ਨਾਮ ਵਾਲੇ ਦੇ ਨੇੜੇ ਵੀ ਰਹਿੰਦਾ ਹੈ, ਉਹਦੀ ਵੀ ਸੇਵਾ ਕਰਨ ਨੂੰ ਲੋਚਦਾ ਹੈ -

*ਸਾਧਸੰਗਿ ਧਰਮ ਰਾਇ ਕਰੇ ਸੇਵਾ ॥*
*ਸਾਧ ਕੈ ਸੰਗਿ ਸੋਭਾ ਸੁਰਦੇਵਾ ॥ ਅੰਗ - ੨੭੧*

ਸੋ ਸਤਿਸੰਗ ਕੋਈ ਮਾਮੂਲੀ ਗੱਲ ਨਹੀਂ ਹੁੰਦੀ, ਇਹ ਤਾਂ ਜੀਵਾਂ ਦੇ ਜਦੋਂ ਭਾਗ ਇਕੱਠੇ ਹੋ ਜਾਣ, ਉਸ ਵੇਲੇ ਪ੍ਰਮੇਸ਼ਰ ਵਲੋਂ ਉਨ੍ਹਾਂ ਦਾ ਫਲ ਦੇਣ ਵਾਸਤੇ, ਸਭ ਤੋਂ ਉਤਮ ਫਲ ਦੇਣ ਵਾਸਤੇ, ਵਿਧੀਪੂਰਵਕ ਤੱਤ ਬੇਤੇ ਮਹਾਂਪੁਰਸ਼ਾਂ ਦਾ ਸਤਿਸੰਗ arrange ਕਰ ਦਿਆ ਕਰਦਾ ਹੈ। ਸੰਤ ਆਪ ਨਹੀਂ ਕਰਦੇ, ਸੰਤਾਂ ਨੂੰ ਅੰਦਰੋਂ ਪ੍ਰੇਰਨਾ ਹੁੰਦੀ ਹੈ ਕਿ ਉਥੇ ਜਾਓ। ਖੁਸ਼ਕੀ ਪੈ ਗਈ ਓਸ ਥਾਂ ਦੇ ਉਤੇ। ਜਾਓ ਤੁਹਾਨੂੰ ਹੁਕਮ ਹੈ, ਕਿਉਂਕਿ ਉਹ ਤਾਂ ਹੁਕਮ ਦੇ ਅੰਦਰ ਤੁਰੇ ਫਿਰਦੇ ਨੇ। ਸੋ ਇਥੇ ਆਪਾਂ ਜੋ ਵਿਚਾਰਾਂ ਕਰੀਆਂ ਨੇ ਪਿਛਲੇ ਦੋ ਦਿਨਾਂ 'ਚ, ਪਹਿਲੇ ਦਿਨ ਨਾਮ ਦੀ ਵਾਰਤਾ ਕਰੀ ਦੂਸਰੇ ਦਿਨ ਸੇਵਾ ਦੀ ਤੇ ਹੁਣ ਨਾਮ ਕੀ ਹੁੰਦਾ ਹੈ ਤੇ ਉਹਦਾ ਕਿਵੇਂ ਫਲ ਹੁੰਦਾ ਹੈ। ਉਹ ਆਪਾਂ ਧਾਰਨਾ 'ਚ ਪੜ੍ਹਿਆ ਹੈ -

*ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,*
*ਸੇਵਾ ਕਰਕੇ ਮਾਣ ਪਾਈਦੈ।*

ਸੇਵਾ ਕਰਨ ਨਾਲ ਇਥੇ ਵੀ ਮਾਣ ਤੇ ਦਰਗਾਹ 'ਚ ਵੀ ਮਾਣ। ਦਰਗਾਹ 'ਚ ਸਭ ਧੰਨ-ਧੰਨ ਕਹਿੰਦੇ ਨੇ, ਉਥੇ ਹੀ ਨਹੀਂ ਕਹਿੰਦੇ, ਬੰਦਗੀ ਕਰਨ ਵਾਲੇ ਦੀਆਂ 101 ਕੁਲਾਂ ਤਰ ਜਾਇਆ ਕਰਦੀਆਂ ਨੇ। 24 ਤਾਂ ਦਾਦਕਿਆਂ ਦੀਆਂ ਤਰਦੀਆਂ ਨੇ, 24 ਕੁਲਾਂ ਦਾ ਉਧਾਰ ਹੋ ਜਾਂਦਾ ਹੈ ਬੰਦਗੀ ਕਰਨ ਵਾਲੇ ਦੀਆਂ। 20 ਜਿਥੇ ਨਾਨਕੇ ਹੁੰਦੇ ਨੇ ਉਹ ਤਰ ਜਾਂਦੇ ਨੇ, 16 ਜਿਥੇ ਵਿਆਹਿਆ ਹੁੰਦਾ ਹੈ ਉਹ ਕੁਲਾਂ ਤਰ ਜਾਂਦੀਆਂ ਨੇ, ਨੇੜੇ-ਨੇੜੇ ਗਿਣੀ ਜਾਓ ਤੁਸੀਂ ਉਨ੍ਹਾਂ ਨੂੰ, ਉਹ ਕੁਲਾਂ ਤਰ ਜਾਇਆ ਕਰਦੀਆਂ ਨੇ, ਬੇਸ਼ਰਤੇ ਕਿ ਉਨ੍ਹਾਂ 'ਚ ਕੋਈ ਸ਼ਰਾਬ ਪੀਣ ਵਾਲਾ ਤੇ ਤੰਬਾਕੂ ਵਾਲਾ ਨਾ ਆਵੇ, ਕਿਉਂਕਿ ਉਹ ਬਰਾਬਰ ਗਾਲਦੇ ਨੇ। ਸ਼ਰਾਬ ਪੀਣ ਵਾਲਾ ਛੇ ਕੁਲਾਂ ਦਾ ਨਾਸ਼ ਕਰਦਾ ਹੈ, ਤੰਬਾਕੂ ਵਾਲਾ 101 ਕੁਲ ਦਾ ਨਾਸ਼ ਕਰਦਾ ਹੈ। ਸੋ ਨਾਮ ਦੀ ਜੇ ਗੱਲ ਸਾਡੇ ਸਮਝ 'ਚ ਆ ਜਾਵੇ, ਕੁਲਾਂ ਦੀਆਂ ਕੁਲਾਂ ਤਾਰ ਦਿੰਦਾ ਹੈ, ਜਦੋਂ ਸੰਸਾਰ ਤੋਂ ਜਾਂਦਾ ਹੈ ਵਾਜੇ ਵਜਦੇ ਜਾਂਦੇ ਨੇ। ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲੇ) ਦੱਸਿਆ ਕਰਦੇ ਸੀ ਕਿ ਜਦੋਂ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਨੇ ਸਰੀਰ ਛੱਡਿਆ, ਕਹਿੰਦੇ ਬਾਹਰ ਬੈਠੇ ਸੀ ਸਾਰੇ, ਵੱਡੇ ਮਹਾਰਾਜ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲੇ ਬਾਹਰ ਬੈਠੇ ਸੀ, ਬਾਬਾ ਜੀ ਇਕੱਲੇ ਬੈਠੇ ਸੀ ਅੰਦਰ, ਇਕ ਮਾਤਾ ਸੀ 90 ਸਾਲ ਦੀ, ਜਿਹਦੀ ਭਾਵਨਾ ਨੂੰ ਵਿਚਾਰ ਕੇ ਉਸਦੇ ਘਰ ਚਲੇ ਗਏ, ਅੰਤ ਦੇ ਸਮੇਂ। ਉਥੇ ਮਾਤਾ ਨੂੰ ਕਿਹਾ ਕਿ ਸਾਨੂੰ ਜਿਹੜਾ ਕਫਨ ਪਹਿਨਾਉਣ ਵਾਸਤੇ ਕੱਪੜਾ ਬਣਾਇਆ ਹੈ ਨਾ ਉਹ ਲਿਆ, ਅਸੀਂ ਤੇਰਾ ਕੱਪੜਾ ਪਹਿਨ ਕੇ ਜਾਵਾਂਗੇ ਸੰਸਾਰ ਤੋਂ। ਉਸ ਵੇਲੇ ਸਾਰਿਆਂ ਨੂੰ ਹੁਕਮ ਕਰ ਦਿਤਾ ਕਿ ਕੀਰਤਨ ਕਰੋ। ਜਿਸ ਵਕਤ ਦੋ ਵੱਜੇ ਅੰਮ੍ਰਿਤ ਵੇਲੇ ਦੇ, ਕੀ ਦੇਖਦੇ ਨੇ ਕਿ ਆਕਾਸ਼ ਦੇ ਵਿਚ ਪ੍ਰਕਾਸ਼ ਹੀ ਪ੍ਰਕਾਸ਼ ਹੋ ਗਿਆ। ਜੈ-ਜੈਕਾਰ ਦੀਆਂ ਆਵਾਜ਼ਾਂ ਆਉਂਦੀਆਂ ਨੇ, ਧੁਨਾਂ ਵਜਦੀਆਂ ਨੇ, ਬੇਅੰਤ ਕਿਸਮ ਦੇ ਸਾਜ ਵੱਜਦੇ ਨੇ, ਜੈ-ਜੈਕਾਰ ਦੇ ਨਾਹਰੇ ਵਜਦੇ ਨੇ, ਫੇਰ ਕੀ ਹੁੰਦਾ ਹੈ ਜੇ ਉਹਦੀ ਮਰਜ਼ੀ ਹੋ ਜਾਏ ਕਿ ਸਵਰਗ ਲੋਕਾਂ 'ਚੋਂ ਲੰਘ ਕੇ ਚੱਲੀਏ ਹਰ ਸਵਰਗ ਲੋਕਾਂ ਦੇ ਜਿਹੜੇ ਮੁਖੀ ਦੇਵਤੇ ਨੇ, ਉਹ ਫੁੱਲਾਂ ਦੀ ਬਾਰਿਸ਼ ਕਰਦੇ ਨੇ, ਜੈ-ਜੈਕਾਰ ਕਰਦੇ ਨੇ, ਗਲਾਂ ਵਿਚ ਹਾਰ ਪਾਉਂਦੇ ਨੇ, ਧੰਨ-ਧੰਨ ਕਰਦੇ ਨੇ ਤੇ ਨਾਲ ਉਹਨੂੰ ਸੁਗਾਤ ਕੀ ਭੇਟ ਕਰਦੇ ਨੇ, ਜਿਹੜੇ ਨਰਕਾਂ 'ਚ ਉਹਦੇ ਦਾਦੇ ਪੜਦਾਦੇ, ਨਕੜਦਾਦੇ, ਭਾਈ ਭਰਾ ਸੜ ਰਹੇ ਹੁੰਦੇ ਨੇ, ਨਾਨਕਿਆਂ ਵਲੋਂ ਸੜ ਰਹੇ ਹੁੰਦੇ ਨੇ, ਸਹੁਰਿਆਂ ਵਲੋਂ ਜਿਥੇ ਲੜਕਾ ਵਿਆਹਿਆ ਹੈ, ਲੜਕੀ ਵਿਆਹੀ ਹੈ 12 ਕੁਲਾਂ ਉਨ੍ਹਾਂ ਦੀਆਂ, 8 ਕੁਲਾਂ ਜਿਥੇ ਮਾਂ ਦੀ ਭੈਣ ਵਿਆਹੀ ਹੋਈ ਹੈ, ਜਿਥੇ ਘਰਵਾਲੀ ਦੀ ਭੈਣ ਹੈ। ਜਿਸ ਥਾਂ ਦੇ ਉਤੇ ਮਾਸੀ ਹੈ ਭੂਆ ਹੈ, ਸਾਰੀਆਂ ਕੁਲਾਂ ਦੇ ਜਿਹੜੇ ਨਰਕਾਂ 'ਚ ਜਾ ਚੁੱਕੇ ਹੁੰਦੇ ਨੇ, ਉਹ ਨਰਕਾਂ 'ਚੋਂ ਕੱਢ ਕੇ ਲਿਆ ਕੇ ਦੇਵ ਦੇਹਾਂ ਪ੍ਰਾਪਤ ਕਰਾ ਕੇ, ਉਹਦੇ ਹਵਾਲੇ ਕਰ ਦਿੰਦੇ ਨੇ ਕਿ ਆਹ ਤੁਹਾਡੀਆਂ ਕੁਲਾਂ ਨੇ ਜਿਹੜੀਆਂ ਤੁਸੀਂ ਤਾਰ ਦਿਤੀਆਂ। ਸੋ ਇਹ ਨਾਮ ਦੀ ਮਹਿਮਾ ਹੈ, ਨਾਮ ਦੀ ਮਹਿਮਾ ਦਾ ਨਹੀਂ ਕਿਸੇ ਨੂੰ ਪਤਾ ਲਗਦਾ।

*ਨਾਮ ਕੀ ਮਹਿਮਾ ਸੰਤ ਰਿਦ ਵਸੈ ॥*
*ਸੰਤ ਪ੍ਰਤਾਪਿ ਦੁਰਤੁ ਸਭੁ ਨਸੈ ॥ ਅੰਗ - ੨੬੫*

ਸੰਤਾਂ ਨੂੰ ਪਤਾ ਹੈ ਹੋਰ ਨਹੀਂ ਪਤਾ, ਸੋ ਇਥੇ ਜੋ ਆਪਣਾ ਪ੍ਰਕਰਣ ਹੈ ਉਹ ਇਹ ਹੈ ਕਿ ਨਾਮ ਕੀ ਫਾਇਦਾ ਦਿੰਦਾ ਹੈ, ਕੀ-ਕੀ ਕੰਮ ਦਿੰਦਾ ਹੈ, ਜਿਨ੍ਹਾਂ ਨੂੰ ਸ਼ੌਂਕ ਹੈ ਉਹ ਸੁਖਮਨੀ ਸਾਹਿਬ ਦੀ ਪਹਿਲੀ ਅਸਟਪਦੀ ਪੜ੍ਹ ਕੇ ਵਿਚਾਰ ਲੈਣ ਇਕੱਲੀ-ਇਕੱਲੀ ਤੁਕ।

*ਪ੍ਰਭ ਕੈ ਸਿਮਰਨਿ ਗਰਭਿ ਨ ਬਸੈ ॥*
*ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ ॥*
*ਪ੍ਰਭ ਕੈ ਸਿਮਰਨਿ ਕਾਲੁ ਪਰਹਰੈ ॥*
*ਪ੍ਰਭ ਕੈ ਸਿਮਰਨਿ ਦੁਸਮਨੁ ਟਰੈ ॥*
*ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ ॥*
*ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ ॥*
*ਪ੍ਰਭ ਕੈ ਸਿਮਰਨਿ ਭਉ ਨ ਬਿਆਪੈ ॥*
*ਪ੍ਰਭ ਕੈ ਸਿਮਰਨਿ ਦੁਖੁ ਨ ਸੰਤਾਪੈ ॥*

*ਅੰਗ - ੨੬੨*

ਸਾਰੇ ਦੁਖਾਂ ਦਾ ਖਾਤਮਾ ਜੇ ਹੋ ਸਕਦਾ ਹੈ ਤਾਂ ਪ੍ਰਮੇਸ਼ਰ ਦਾ 'ਨਾਮ' ਕਰ ਸਕਦਾ ਹੈ। ਉਹ ਹੁਣ 'ਨਾਮ' ਕਿੱਥੇ ਹੈ? ਮਹਾਰਾਜ ਕਹਿੰਦੇ ਉਹ ਹੁਣ ਵਾਹਿਗੁਰੂ ਨੇ ਨਾਮ ਦੀ ਦਵਾਈ ਸਾਰੇ ਸਰੀਰਾਂ 'ਚ ਰੱਖ ਦਿਤੀ ਕਿ ਜੇ ਤਾਂ ਹੋਏਗਾ ਅਕਲ ਵਾਲਾ ਤਾਂ ਤਾਂ ਕੱਢ ਲਏਗਾ। ਕੱਢ ਕੇ ਸਾਰੇ ਦੁਖਾਂ ਦਾ ਨਾਸ਼ ਹੋ ਜਾਏਗਾ।

*ਨਾਮ ਅਉਖਧੁ ਜਿਹ ਰਿਦੈ ਹਿਤਾਵੈ ॥*

*ਅੰਗ - ੨੫੯*

ਪਰ ਮਹਾਰਾਜ ਕਹਿੰਦੇ ਜਿਹਦਾ ਪਿਆਰ ਲਗ ਜਾਵੇ ਨਾ ਏਸ ਦਵਾਈ ਨਾਲ। ਜਿਵੇਂ ਪੈਸੇ ਇਕੱਠੇ ਕਰਨ ਲਈ ਸਾਡੇ ਮਨ ਦੇ ਅੰਦਰ ਦ੍ਰਿੜ੍ਹ ਲਗਨ ਲਗ ਜਾਂਦੀ ਹੈ, ਜੇ ਕਿਸੇ ਦੇ ਮਨ ਵਿਚ ਇਹ ਲਗਨ ਲੱਗ ਜਾਵੇ ਕਿ ਨਾਮ ਦੀ ਜੋ ਦਵਾਈ ਹੈ ਇਹ ਮੈਂ ਲੈਣੀ ਹੀ ਲੈਣੀ ਹੈ ਤਾਂ ਇਹਦਾ ਨਤੀਜਾ ਕੀ ਹੋਏਗਾ?

*ਤਾਹਿ ਰੋਗੁ ਸੁਪਨੈ ਨਹੀ ਆਵੈ ॥ ਅੰਗ - ੨੫੯*

ਸੁਪਨੇ ਦੇ ਅੰਦਰ ਵੀ ਰੋਗੀ ਨਹੀਂ ਹੋਏਗਾ, ਜੇ ਸੁਪਨਾ ਭੈੜਾ ਵੀ ਆ ਜਾਏ ਨਾ, ਕਈਆਂ ਨੂੰ ਆ ਜਾਂਦਾ ਹੈ ਕਿ ਮੈਂ ਬਿਮਾਰ ਹੋ ਗਿਆ। ਮੇਰਾ ਬੜਾ ਬੁਰਾ ਹਾਲ ਹੋ ਗਿਆ ਮਹਾਰਾਜ ਕਹਿੰਦੇ ਸੁਪਨੇ 'ਚ ਵੀ ਨਹੀਂ ਆਏਗਾ। ਫੇਰ ਉਹ ਦਵਾਈ ਕਿਥੇ ਹੈ? ਕਹਿੰਦੇ -

*ਹਰਿ ਅਉਖਧੁ ਸਭ ਘਟ ਹੈ ਭਾਈ ॥*
*ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥*
*ਗੁਰਿ ਪੂਰੈ ਸੰਜਮੁ ਕਰਿ ਦੀਆ ॥*
*ਨਾਨਕ ਤਉ ਫਿਰਿ ਦੂਖ ਨ ਥੀਆ॥ ਅੰਗ - ੨੫੯*

ਚਾਹੇ ਚੰਗਾ ਹੈ ਚਾਹੇ ਮਾੜਾ ਹੈ, ਚਾਹੇ ਸ਼ਰਾਬੀ ਹੈ, ਚਾਹੇ ਹੁੱਕਾ ਪੀਣ ਵਾਲਾ ਹੈ, ਚਾਹੇ ਕਾਤਲ ਹੈ ਚਾਹੇ ਲੁਟੇਰਾ ਹੈ, ਚਾਹੇ ਮਾੜੇ ਤੋਂ ਮਾੜਾ ਵਿਭਚਾਰੀ ਹੈ। ਕੋਈ ਵੀ ਬੰਦਾ ਹੈ, ਉਹਦੇ ਹਿਰਦੇ 'ਚ ਉਹਦੇ ਅੰਦਰ ਨਾਮ ਦੀ ਦਵਾਈ ਰੱਖੀ ਹੋਈ ਹੈ। ਜੇ ਸ਼ੌਂਕ ਜਾਗ ਜਾਏ ਕਿ ਸਤਿਸੰਗ 'ਚ ਜਾਵਾਂ, ਮੈਂ ਉਥੇ ਤੱਕ ਪਹੁੰਚਣਾ ਹੈ। ਮੈਨੂੰ ਪਤਾ ਲੱਗ ਜਾਵੇ ਕਿ ਨਾਮ ਦੀ ਦਵਾਈ ਕਿੱਥੇ ਹੈ? ਮਹਾਰਾਜ ਕਹਿੰਦੇ, ਨਾਮ ਦੀ ਦਵਾਈ ਜਿਸ ਥਾਂ ਤੇ ਹੈ ਇਹ ਦੇਹੀ 'ਚ ਟਿਕਾਇਆ ਹੋਇਆ ਹੈ, ਜਿਵੇਂ ਸੁਆਸ ਟਿਕਾਏ ਹੋਏ ਨੇ, ਜਿਸ ਤਰ੍ਹਾਂ ਦੇ ਨਾਲ ਪੰਜ ਪ੍ਰਾਣ ਟਿਕਾਏ ਹੋਏ ਨੇ, ਪ੍ਰਾਣ, ਉਪਾਨ, ਉਦਾਨ, ਬਿਆਨ, ਸਮਾਨ। ਜਿਵੇਂ 25 ਪ੍ਰਕ੍ਰਿਤੀਆਂ ਟਿਕਾਈਆਂ ਹੋਈਆਂ ਨੇ, ਪੰਜ ਤੱਤ ਟਿਕਾਏ ਹੋਏ ਨੇ, ਏਸੇ ਤਰ੍ਹਾਂ ਦੇ ਨਾਲ ਜਿਸ ਤਰ੍ਹਾਂ ਸਾਡੇ ਅੰਦਰ ਵੈਰ ਟਿਕਿਆ ਪਿਆ ਹੈ, 'ਵੈਰ' ਜਾਂਦਾ ਹੈ? ਸਾਰੀ ਜ਼ਿੰਦਗੀ ਨਹੀਂ ਆਦਮੀ ਜਾਣ ਦਿੰਦਾ। ਜਦ ਉਹਨੂੰ ਦੇਖੇਗਾ ਉਸੇ ਵੇਲੇ ਉਬਲਣ ਲੱਗ ਜਾਏਗਾ। ਕਿਉਂਕਿ ਅੰਦਰ ਟਿਕਿਆ ਪਿਆ ਹੈ, ਪੰਜ ਚੋਰ ਟਿਕਾਏ ਹੋਏ ਨੇ। ਸਭ ਨੂੰ ਰੋਜ਼ ਪਤਾ ਹੈ ਕਿ ਮੈਨੂੰ ਗੁੱਸਾ ਆ ਗਿਆ, ਗੁੱਸਾ ਅੰਦਰ ਟਿਕਿਆ ਹੋਇਆ ਹੈ ਤਾਂ ਆਇਆ। ਲਾਲਚ ਆ ਗਿਆ, ਅੰਦਰ ਲਾਲਚ ਟਿਕਿਆ ਹੋਇਆ ਹੈ। ਐਸੇ ਤਰ੍ਹਾਂ ਦੇ ਨਾਲ ਸਭ ਤੋਂ ਉਤਮ ਚੀਜ਼ ਹਰੇਕ ਬੰਦੇ ਦੇ ਅੰਦਰ ਟਿਕਾਈ ਹੋਈ ਹੈ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥ ਅੰਗ - ੨੯੩*

ਕਹਿੰਦੇ, ਉਹ ਥਾਂ ਕਿਹੋ ਜਿਹਾ ਹੈ, ਅਨੁਭਵ ਕਿਵੇਂ ਹੋਵੇ, ਮਹਾਰਾਜ ਕਹਿੰਦੇ ਉਹ -

*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥*

*ਅੰਗ - ੨੯੩*

ਉਥੇ ਨਿਸ਼ਾਨੀ ਇਹ ਹੈ ਕਿ ਕੋਈ ਫੁਰਨਾ ਨਹੀਂ ਹੈ, ਮਹਾਨ ਰਸ ਹੈ ਉਸ ਥਾਂ ਦੇ ਉਤੇ, vibration ਹੈ, ਜਿਸ ਥਾਂ ਜੇ ਨਾਮ ਨਾਲ contract ਹੋ ਜਾਵੇ, ਜਿਹਨੂੰ ਦੱਸਿਆ ਨਹੀਂ ਜਾ ਸਕਦਾ।

ਇਕ ਵਾਰੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਦੇ ਨੇ ਆਪਣੀ 'ਰੰਗਲੇ ਸੱਜਣ' ਪੁਸਤਕ ਵਿਚ ਦਾਉਦਪੁਰ ਵਾਲੇ ਬਾਪੂ ਜੀ (ਮਹਾਂਪੁਰਸ਼ਾਂ ਦੇ ਜੀਵਨ ਸਾਥੀ ਸਤਿਕਾਰਯੋਗ ਬੀਜੀ ਦੇ ਪਿਤਾ ਜੀ) ਦੇ ਬਾਰੇ ਵਿਚ ਕਿ ਉਹ ਬੈਠੇ ਸੀ ਮਹਾਰਾਜ ਦੇ ਤਾਬੇ ਚੌਰ ਕਰਦੇ ਸੀ, ਅਚਾਨਕ ਕੀ ਹੋਇਆ ਕਿ ਹੌਲੀ-ਹੌਲੀ ਉਤੇ ਨੂੰ ਉਠਣ ਲੱਗ ਗਏ, ਜਾ ਕੇ ਛੱਤ ਨਾਲ ਲੱਗ ਗਏ, (ਕੱਲ੍ਹ ਦੀਆਂ ਗੱਲਾਂ ਨੇ, ਦੂਰ ਦੀਆਂ ਗੱਲਾਂ ਨਹੀਂ ਹਨ ਇਹ) ਕਹਿੰਦੇ ਫੇਰ ਹੇਠਾਂ ਆ ਗਏ। ਦੂਜੀ ਵਾਰੀ ਫੇਰ ਉਠ ਗਏ ਜਾ ਕੇ ਗੁਰਦੁਆਰੇ ਦੀ ਕੰਧ ਦੇ ਨਾਲ-ਨਾਲ ਜਾ ਕੇ ਗੁਰੂ ਗ੍ਰੰਥ ਸਾਹਿਬ ਦੇ ਅੱਗੇ ਲੰਮੇ ਪੈ ਗਏ, ਕੀਰਤਨ ਹੋ ਰਿਹਾ ਸੀ। ਉਨ੍ਹਾਂ ਦੇ ਸਰੀਰ ਦੇ ਵਿਚੋਂ

ਲਾਈਟ ਦੇ ਫਲੈਸ਼ ਨਿਕਲਣ ਲੱਗ ਗਏ। ਪ੍ਰਕਾਸ਼ ਨਿਕਲੇ ਜ਼ੋਰ ਨਾਲ, ਵਰੋਲਾ ਜਿਹਾ ਨਿਕਲੇ ਤੇ ਸਾਰੇ ਗੁਰਦੁਆਰੇ 'ਚ ਫੈਲ ਜਾਏ, ਚਾਨਣਾ ਹੀ ਚਾਨਣਾ ਹੋ ਗਿਆ। ਦੂਜੀ ਗੱਲ ਕੀ ਹੋਈ ਸਾਰਿਆਂ ਦੇ ਅੰਦਰ ਝਰਨਾਹਟ ਛਿੜ ਗਈ, ਝੁਣਝੁਣੀ ਛਿੜ ਗਈ ਜਿਹੜੀ ਰੂਹਾਨੀ ਝੁਣਝੁਣੀ ਹੁੰਦੀ ਹੈ। ਛੇ ਘੰਟੇ ਕਿਸੇ ਨੂੰ ਨਾ ਪਤਾ ਲੱਗਿਆ, ਐਨੀ ਜ਼ਬਰਦਸਤ ਬਿਰਤੀ ਸਭ ਦੀ ਟਿਕ ਗਈ ਕਿਉਂਕਿ ਨਾਮ ਦਾ ਪ੍ਰਕਾਸ਼ ਹੋ ਗਿਆ। ਉਹ ਨਾਮ ਆਦਮੀ ਦੇ ਅੰਦਰ ਹੈ ਜਦੋਂ ਉਥੇ ਬਿਰਤੀ ਪਹੁੰਚਦੀ ਹੈ, ਉਥੇ ਦੋ ਚੀਜ਼ਾਂ ਨੇ, ਇਕ ਤਾਂ ਰਸ ਹੈ ਬਹੁਤ ਜ਼ਿਆਦਾ, ਕੋਈ ਦੁਨੀਆਂ ਦਾ ਰਸ ਉਹਦੇ ਮੁਕਾਬਲੇ ਤੇ ਨਹੀਂ ਹੈ। ਦੂਸਰਾ ਉਸ ਥਾਂ ਦੇ ਉਤੇ ਐਸਾ ਅਨੰਦ ਜਿਹਦਾ ਦੁਨੀਆਂ 'ਚ ਮੁਕਾਬਲਾ ਨਹੀਂ ਕੋਈ ਚੀਜ਼ ਕਰ ਸਕਦੀ। ਜਿਹਦੇ ਬਾਰੇ ਐਸਾ ਫੁਰਮਾਨ ਹੈ –

***ਧਾਰਨਾ – ਚੜ੍ਹੀ ਰਹੇ ਦਿਨ ਰਾਤ***
***ਨਾਮ ਖੁਮਾਰੀ-ਨਾਮ ਖੁਮਾਰੀ।***
***ਪੋਸਤ ਮਦ ਅਫੀਮ ਭੰਗ***
***ਉਤਰ ਜਾਇ ਪਰਭਾਤਿ।***

ਚਾਰ ਨਸ਼ਿਆਂ ਦੇ ਬਾਰੇ ਜ਼ਿਕਰ ਕੀਤਾ ਹੈ, ਪਰ ਜੇ ਆਦਮੀ ਇਹਦਾ ਪ੍ਰਯੋਗ ਕਰਦਾ ਹੈ ਸਵੇਰ ਵੇਲੇ ਨਾਲੇ ਤਾਂ ਤੋੜ ਲਗ ਜਾਂਦੀ ਹੈ, ਨਾਲੇ ਉਤਰ ਜਾਂਦਾ ਹੈ, ਤੇ ਸਰੀਰ ਦਾ ਨਾਸ਼ ਕਰ ਜਾਂਦੇ ਨੇ। 2 ਖਰਬ 15 ਅਰਬ ਸੈਲ ਸਾਡੇ ਸਰੀਰ ਵਿਚ ਲੱਗੇ ਹੋਏ ਨੇ। ਕਿੰਨੇ ਲੱਖਾਂ ਟਿਸ਼ੂ ਨੇ ਜਿਹੜੇ ਸ਼ਰਾਬ ਪੀਣ ਦੇ ਨਾਲ ਮਰ ਜਾਂਦੇ ਨੇ, ਨਸ਼ਾ ਕੋਈ ਖਾ ਲਓ, ਡਰੱਗ ਖਾ ਲਓ। ਕਹਿੰਦੇ, ਫੇਰ ਇਹ ਨਸ਼ਾ ਇਹੋ ਜਿਹਾ ਹੈ ਕਿ ਇਹ ਉਤਰ ਜਾਂਦਾ ਹੈ, ਜਿਹੜਾ ਨਾਮ ਦਾ ਨਸ਼ਾ ਹੈ –

***ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤਿ।***

ਉਹਦੇ ਅੰਦਰ vibration ਹੋਇਆ ਕਰਦੀ ਹੈ। ਬਾਪੂ ਜੀ ਦੇ ਅੰਦਰ ਐਨੀ ਆ ਗਈ ਕਿ ਜੇ ਕਿਸੇ ਦੀ ਪਿੱਠ ਦੇ ਉਤੇ ਹੱਥ ਰੱਖ ਦਿਤਾ ਉਸ ਤੋਂ ਸਾਂਭਿਆ ਹੀ ਨਹੀਂ ਸੀ ਜਾਂਦਾ। ਲਿਟਣ ਲਗ ਜਾਂਦਾ ਸੀ। ਇਕ ਵਾਰੀ ਮੈਂ ਉਥੇ ਗਿਆ ਉਥੇ ਬਾਪੂ ਗੰਗਾ ਸਿੰਘ ਸੀਗਾ, ਮੈਂ ਉਹਨੂੰ ਪੁੱਛਿਆ ਕਿ ਜਦੋਂ ਤੁਸੀਂ ਬਾਪੂ ਜੀ ਦੇ ਸਾਮ੍ਹਣੇ ਲੱਜ ਲੈ, ਮਾਲਾ ਬਣਾ ਕੇ ਮੱਸ਼ਕਰੀਆਂ ਕਰਨ ਲੱਗੇ ਸੀ, ਕਿਵੇਂ ਹੋਈ ਸੀ ਗੱਲ? ਪਹਿਲਾਂ ਤਾਂ ਉਹ ਰੋਣ ਲੱਗ ਗਿਆ, ਕਹਿੰਦਾ ਮੈਨੂੰ ਸਾਰਾ ਪਿੰਡ ਮਸ਼ਕਰਾ ਕਹਿੰਦਾ ਸੀ। ਕਹਿੰਦਾ ਮੈਂ ਸਾਮ੍ਹਣੇ ਹੀ ਖੜ੍ਹਾ ਸੀ, ਮੈਂ ਵੀ ਲੱਗ ਗਿਆ ਲੱਜ ਦੇ ਨਾਲ, ਉਹ ਮਾਲਾ ਫੇਰਦੇ ਸੀ ਆਲੇ-ਦੁਆਲੇ ਬੈਠੇ, ਬਾਪੂ ਜੀ ਦੀ ਨਿਗ੍ਹਾ ਉਠੀ ਜਦ ਮੇਰੇ ਵਲ ਆਈ, ਕਹਿੰਦਾ ਮੈਂ ਦੜੰਮ ਦੇ ਕੇ ਧਰਤੀ ਤੇ ਗਿਰ ਗਿਆ। ਕਹਿੰਦਾ ਉਨ੍ਹਾਂ ਨੇ ਸੰਕੋਚ ਲਿਆ ਸਭ ਕੁਛ ਤੇ ਮੈਂ ਕਿਹਾ ਹੀਰਾ ਸਿੰਆਂ! ਬਾਕੀ ਸਭ ਕੁਛ ਲੈ ਲੇ, ਆਹ ਜਿਹੜਾ ਅਨੰਦ ਦਿਤਾ ਹੈ ਇਹ ਨਾ ਖੋਹੀ। ਮੈਂ ਤਾਂ ਦੇਖਿਆ ਹੀ ਨਹੀਂ ਸੀ ਕਿ ਇਹੋ ਜਿਹਾ ਵੀ ਕੋਈ ਅਨੰਦ ਹੁੰਦਾ ਹੈ। ਰੋਣ ਲੱਗ ਗਿਆ, ਮੈਂ ਕਿਹਾ ਫੇਰ ਕੀ ਹੋਈ ਬਾਪੂ ਜੀ? ਕਹਿੰਦਾ, ਹੋਰ ਕੀ ਹੋਣਾ ਹੈ, ਸਾਰੀ ਜ਼ਿੰਦਗੀ ਉਤਰਿਆ ਹੀ ਨਹੀਂ ਉਹ ਨਸ਼ਾ ਚੜ੍ਹਿਆ ਹੋਇਆ। ਸੋ ਉਤਰਦੀ ਨਹੀਂ –

***ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ***

ਉਹ ਨਾਮ ਹਰੇਕ ਦੇ ਅੰਦਰ ਹੈ, ਪਰ ਨੁਕਸ ਕੀ ਪੈਂਦਾ ਹੈ ਨਾਮ ਦੀ ਚਾਬੀ ਨਹੀਂ ਸਾਨੂੰ ਮਿਲਦੀ ਕਿ ਚਾਬੀ ਕਿੱਥੋਂ ਮਿਲੇ। ਚਾਬੀ ਨਾ ਮਿਲਣ ਕਰਕੇ ਨਾਮ ਦਾ ਜਿਹੜਾ ਤਾਲਾ ਲੱਗਿਆ ਹੋਇਆ ਹੈ –

***ਬਜਰ ਕਪਾਟ ਜੜੇ ਜੜਿ ਜਾਣੈ***
***ਗੁਰ ਸਬਦੀ ਖੋਲਾਇਦਾ ॥ ਅੰਗ – ੧੦੩੩***

ਉਹ ਨਹੀਂ ਮਿਲਦਾ, ਮਹਾਰਾਜ ਕਹਿੰਦੇ ਉਹ ਦਵਾਈ ਵਾਹਿਗੁਰੂ ਨੇ ਸਭ ਦੇ ਅੰਦਰ ਰੱਖੀ ਹੋਈ ਹੈ –

***ਹਰਿ ਅਉਖਧੁ ਸਭ ਘਟ ਹੈ ਭਾਈ ॥***
***ਗੁਰ ਪੂਰੇ ਬਿਨੁ ਬਿਧਿ ਨ ਬਨਾਈ॥ ਅੰਗ – ੨੫੯***

ਪੂਰਾ ਗੁਰੂ ਮਿਲੇ ਜਿਹੜਾ ਭੇਤ ਜਾਣਦਾ ਹੈ, ਚਾਬੀ ਖੋਲ੍ਹ ਸਕਦਾ ਹੈ, ਨੰਬਰਾਂ ਦੀ ਚਾਬੀ ਹੋਵੇ, ਕੁਛ ਵੀ ਨਹੀਂ ਹੁੰਦਾ, ਨੰਬਰ ਲੱਗੇ ਹੁੰਦੇ ਨੇ, ਘੁਮਾਈ ਜਾਓ 7-7 ਘੁਮਾਈ ਜਾਓ, ਕੁਛ ਨੰਬਰ ਘੁਮਾਈ ਜਾਓ ਨਹੀਂ ਘੁੰਮਦੇ, ਨਹੀਂ ਖੁਲ੍ਹਦਾ। ਜਿਹਨੂੰ ਪਤਾ ਹੈ ਉਹੀ ਨੰਬਰ ਘੁੰਮਾ ਕੇ ਫਟਾ-ਫਟਾ ਤਾਲਾ ਖੋਲ੍ਹ ਦਿੰਦਾ ਹੈ। ਸੋ ਕਹਿੰਦੇ –

***ਗੁਰਿ ਪੂਰੈ ਸੰਜਮੁ ਕਰਿ ਦੀਆ ॥***
***ਨਾਨਕ ਤਉ ਫਿਰਿ ਦੂਖ ਨ ਥੀਆ॥ ਅੰਗ – ੨੫੯***

ਗੁਰੂ ਨੇ ਜਦੋਂ ਨਾਮ ਦੀ ਦਵਾਈ ਦਿਤੀ ਨਾਲ ਸੰਜਮ ਦੱਸ ਦਿਤਾ ਕਿ ਦੇਖ ਕਿਸੇ ਦੀ ਨਿੰਦਿਆ ਨਹੀਂ ਕਰਨੀ। ਚੁਗਲੀ ਨਹੀਂ ਕਰਨੀ, ਈਰਖਾ ਨਹੀਂ ਕਰਨੀ, ਕਿਸੇ ਨਾਲ ਵੈਰ ਨਹੀਂ ਕਰਨਾ, ਕਿਸੇ ਨਾਲ ਠੱਗੀ ਨਹੀਂ ਕਰਨੀ, ਕਪਟ ਨਹੀਂ ਕਰਨਾ, ਧੱਕਾ ਨਹੀਂ ਕਰਨਾ, ਨਾ ਕਿਸੇ ਨੂੰ ਕੌੜਾ ਬੋਲਣਾ ਹੈ, ਇਹ ਸਾਰਾ ਸੰਜਮ ਹੈ। ਦੂਜੇ ਪਾਸੇ ਦੂਜੀਆਂ ਰਹਿਤਾਂ ਦੱਸ ਦਿਤੀਆਂ ਕਿ ਦਇਆ 'ਚ ਰਹਿਣਾ ਹੈ, ਖਿਮਾ 'ਚ ਰਹਿਣਾ ਹੈ, ਸਤਿ ਦਾ ਜੀਵਨ ਬਤੀਤ ਕਰਨਾ ਹੈ, ਸੰਤੋਖ ਧਾਰਨ ਕਰਨਾ ਹੈ, ਅਹਿੰਸਾ ਦਾ ਧਾਰਨੀ ਹੋਣਾ ਹੈ। ਹਿੰਸਾ ਨਹੀਂ ਕਰਨੀ, ਨਾ ਬਚਨ ਨਾਲ ਕਿਸੇ ਦਾ ਦਿਲ ਤੋੜਨਾ ਹੈ, ਨਾ ਐਕਸ਼ਨ ਨਾਲ ਕਿਸੇ ਨੂੰ ਨੁਕਸਾਨ ਪਹੁੰਚਾਉਣਾ ਹੈ, ਨਾ ਮਨ ਨਾਲ ਬੁਰਾ ਚਿਤਵਣਾ ਹੈ, ਨਾ ਬੁੱਧੀ ਦੀਆਂ ਚਲਾਕੀਆਂ ਦੇ ਨਾਲ ਭੁੱਲ-ਭਲਾਈਆਂ 'ਚ ਪਾ ਕੇ ਬੰਦੇ ਨੂੰ ਠੱਗ ਲੈਣਾ, ਐਸਾ ਵੀ ਨਹੀਂ ਤੇ ਨਾ ਰੂਹਾਨੀ ਤਾਕਤ ਨਾਲ ਕਿਸੇ ਦਾ ਨੁਕਸਾਨ ਕਰਨਾ ਹੈ। ਇਹ ਪੰਜ ਕਿਸਮ ਦੀ ਅਹਿੰਸਾ ਹੁੰਦੀ ਹੈ। ਸੋ ਉਹ ਸੰਜਮ ਦੇ ਦਿਤਾ ਕਿ ਆਹ ਸੰਜਮ ਕਰਨਾ ਹੈ। ਸੰਜਮ ਕੀ ਹੈ, ਮਹਾਰਾਜ ਨੇ ਲਿਖਿਆ ਹੋਇਆ ਹੈ –

***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ***

*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*

*ਅੰਗ - ੩੦੫*

ਪਹਿਲਾ ਇਹ ਹੈ ਕਿ ਅੰਮ੍ਰਿਤ ਵੇਲੇ ਜਾਗੇ, ਨਾਮ ਧਿਆਵੈ।

*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥ ਅੰਗ - ੩੦੫*

ਇਸ਼ਨਾਨ ਕਰ ਲਿਆ, ਫੇਰ ਮਨ ਦਾ ਇਸ਼ਨਾਨ, ਨਾਮ ਰੂਪੀ ਅੰਮ੍ਰਿਤ 'ਚ ਕਰਾਉਣਾ ਹੈ।

*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ..........॥*

*ਅੰਗ - ੩੦੫*

ਜਿਹੜਾ ਪੰਜ ਪਿਆਰਿਆਂ ਨੇ ਉਪਦੇਸ਼ ਦਿਤਾ ਹੈ ਉਹਦਾ ਜਾਪ ਕਰਨਾ ਹੈ, ਹੋਰ ਉਹਦਾ ਰਿਜ਼ਲਟ ਕੀ ਹੋਏਗਾ।

*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥*

*ਅੰਗ - ੩੦੫*

ਜਿੰਨੇ ਪਾਪ ਕਰੇ ਨੇ, ਸਾਰੇ ਦੇ ਸਾਰੇ ਲਹਿ ਜਾਣਗੇ।

*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ...........।।*

*ਅੰਗ - ੩੦੫*

ਜਦੋਂ ਦਿਨ ਚੜ੍ਹ ਜਾਵੇ ਫੇਰ ਬਾਣੀ ਦਾ ਪਾਠ ਸ਼ੁਰੂ ਕਰੇ-

*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*

*ਅੰਗ - ੩੦੫*

ਜਦੋਂ ਗੁਰੂ ਦੇ ਮਨ 'ਚ ਭਾਅ ਗਿਆ ਫੇਰ ਗੁਰੂ ਉਹਦੀ ਤਰੱਕੀ ਕਰ ਦਿੰਦਾ ਹੈ।

*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ ॥*
*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥ ਅੰਗ-੩੦੫*

ਵਾਹਿਗੁਰੂ ਦਾ ਤੇ ਜੀਵ ਦਾ ਮੇਲ ਕਰ ਦਿੰਦਾ ਹੈ। ਜੀਵ ਨੂੰ ਚੁੱਕ ਕੇ ਵਾਹਿਗੁਰੂ ਦਾ ਰੂਪ ਬਣਾ ਦਿੰਦਾ ਹੈ। ਫੇਰ ਉਹਦੀ ਡਿਊਟੀ ਲਗ ਜਾਂਦੀ ਹੈ ਦਰਗਾਹ ਤੋਂ ਕਿ ਪਿਆਰਿਆ! ਤੂੰ ਤਾਂ ਨਾਮ ਜਪਿਆ ਹੈ, ਹੁਣ ਸੰਸਾਰ ਨੂੰ ਜਪਾ, ਇਨ੍ਹਾਂ ਦਾ ਭਲਾ ਹੋ ਜਾਵੇ ਤੇ ਉਹਦੀ ਪਦਵੀ ਕਿੰਨੀ ਹੋ ਜਾਂਦੀ ਹੈ, ਅਸੀਂ ਤਾਂ ਕਹਿੰਦੇ ਹਾਂ ਕਿ ਉਹਨੂੰ ਸਤਿ ਸ੍ਰੀ ਅਕਾਲ ਨਾ ਬੁਲਾਓ ਜੀ, ਉਹਦਾ ਆਦਰ ਨਾ ਕਰੋ। ਮਹਾਰਾਜ ਕਹਿੰਦੇ ਕਿਉਂ ਭੁਲਦੇ ਓਂ ਤੁਸੀਂ?

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥*

*ਅੰਗ - ੩੦੫*

ਕਹਿੰਦੇ ਮੈਂ ਧੂੜੀ ਮੰਗਦਾ ਹਾਂ ਉਨ੍ਹਾਂ ਸਿੱਖਾਂ ਦੀ ਜਿਹੜੇ ਆਪ ਨਾਮ ਜਪਦੇ ਨੇ ਤੇ ਦੂਸਰਿਆਂ ਨੂੰ ਜਪਾਉਂਦੇ ਨੇ। ਸੋ ਫੇਰ ਨਹੀਂ ਦੁੱਖ ਲਗਦਾ। ਕਿਉਂਕਿ ਨਾਮ ਦੇ ਵਿਚ -

*ਹਰਿ ਹਰਿ ਤੇਰਾ ਨਾਮੁ ਹੈ ਦੁਖ ਮੇਟਣਹਾਰਾ ॥*
*ਗੁਰ ਸੇਵਾ ਤੇ ਪਾਈਐ ਗੁਰਮੁਖਿ ਨਿਸਤਾਰਾ ॥ ੪ ॥*
*ਜੋ ਹਰਿ ਨਾਮੁ ਧਿਆਇਦੇ ਤੇ ਜਨ ਪਰਵਾਨਾ ॥ ਤਿਨ*
*ਵਿਟਹੁ ਨਾਨਕੁ ਵਾਰਿਆ ਸਦਾ ਸਦਾ ਕੁਰਬਾਨਾ॥*

*ਅੰਗ - ੭੨੫*

ਮਿਲਦਾ ਕਿਵੇਂ ਹੈ? -

*ਗੁਰ ਸੇਵਾ ਤੇ ਪਾਈਐ ਗੁਰਮੁਖਿ ਨਿਸਤਾਰਾ ॥ ੪ ॥*

*ਅੰਗ - ੭੨੫*

*ਜੋ ਹਰਿ ਨਾਮੁ ਧਿਆਇਦੇ ਤੇ ਜਨ ਪਰਵਾਨਾ ॥*
*ਤਿਨ ਵਿਟਹੁ ਨਾਨਕੁ ਵਾਰਿਆ*
*ਸਦਾ ਸਦਾ ਕੁਰਬਾਨਾ॥ ਅੰਗ - ੭੨੫*

ਸੋ ਸੰਸਾਰ ਦੇ ਦੁਖਾਂ ਦਾ ਇਲਾਜ ਪ੍ਰਮੇਸ਼ਰ ਦਾ ਨਾਮ ਹੈ, ਸੰਸਾਰ 'ਚ ਕਿਹੜਾ ਬੰਦਾ ਹੈ ਜਿਹੜਾ ਕਹੇ ਕਿ ਮੈਂ ਨਹੀਂ ਦੁਖੀ। ਮਨਮੁਖ ਤਾਂ ਹੈ ਹੀ ਦੁਖੀ। ਮਨ ਦੇ ਪਿੱਛੇ ਲੱਗਣ ਵਾਲਾ ਕਦੇ ਵੀ ਸੁਖੀ ਨਹੀਂ ਹੁੰਦਾ। ਆਪ ਨਹੀਂ ਸੁਖੀ ਹੁੰਦਾ, ਜਿਹੜਾ ਉਹਦੇ ਨਾਲ ਤੁਰਦਾ ਹੈ ਉਹ ਵੀ ਨਹੀਂ ਸੁਖੀ ਹੁੰਦਾ।

*ਮਨਮੁਖ ਸਉ ਕਰਿ ਦੋਸਤੀ*
*ਸੁਖ ਕਿ ਪੁਛਹਿ ਮਿਤ ॥*
*ਗੁਰਮੁਖ ਸਉ ਕਰਿ ਦੋਸਤੀ*
*ਸਤਿਗੁਰ ਸਉ ਲਾਇ ਚਿਤੁ ॥ ਅੰਗ - ੧੪੨੧*

ਐ ਪਿਆਰਿਆ! ਤੂੰ ਸੁਖ ਦੀ ਗੱਲ ਕਰਦਾ ਹੈਂ, ਤੇਰੀ ਮਿਤਰਤਾ ਤਾਂ ਮਨਮੁੱਖਾਂ ਨਾਲ ਹੈ, ਉਨ੍ਹਾਂ ਦਾ ਮਾਇਆ ਦੇ ਨਾਲ ਪਿਆਰ ਹੈ, ਜਿਹਦਾ ਮਾਇਆ ਨਾਲ ਪਿਆਰ ਹੈ ਉਹ ਹਿਤ ਦਾ ਬੰਦਾ ਹੈ, ਤੇਰਾ ਤਾਂ ਕੁਛ ਨਹੀਂ ਲਗਦਾ।

*ਮਨਮੁਖੁ ਦੁਖ ਕਾ ਖੇਤੁ ਹੈ ਦੁਖੁ ਬੀਜੇ ਦੁਖੁ ਖਾਇ ॥*
*ਦੁਖ ਵਿਚਿ ਜੰਮੈ ਦੁਖਿ ਮਰੈ ਹਉਮੈ ਕਰਤ ਵਿਹਾਇ॥*

*ਅੰਗ - ੯੪੭*

ਉਹ ਤਾਂ ਉਹਦੇ ਲੇਖ ਦੇ ਵਿਚ ਦੁੱਖ ਲਿਖਿਆ ਗਿਆ। ਉਹਦੇ ਭਾਗਾਂ 'ਚ ਦੁਖ ਆ ਗਿਆ, ਉਹ ਤਾਂ ਹੋ ਹੀ ਨਹੀਂ ਸਕਦਾ ਸੁਖੀ। ਬਾਕੀ ਸੰਸਾਰ 'ਚ ਦੁਖ, ਕੋਈ ਪਤਾ ਨਹੀਂ ਕਿੰਨੇ ਤਰ੍ਹਾਂ ਦੇ ਦੁਖ ਨੇ। ਕੋਈ ਵੀ ਬੰਦਾ ਵੱਡੇ ਤੋਂ ਵੱਡਾ ਜਿਹੜਾ ਹੈ, ਉਹ ਵੀ ਨਹੀਂ ਕਹਿ ਸਕਦਾ ਕਿ ਮੈਂ ਸੁਖੀ ਹਾਂ, ਸੁਖ ਤਾਂ ਚੀਜ਼ ਹੀ ਹੋਰ ਹੈ ਇਹ ਤਾਂ ਬੰਦਗੀ ਵਾਲਿਆਂ ਨੂੰ ਪਤਾ ਹੈ ਕਿ ਸੁਖ ਕੀ ਹੁੰਦਾ ਹੈ, ਬਾਕੀਆਂ ਨੂੰ ਤਾਂ ਪਤਾ ਹੀ ਨਹੀਂ। ਬਾਕੀ ਤਾਂ habitual ਹੋਏ ਹੁੰਦੇ ਨੇ ਦੁਖ ਦੇ, hot house ਵਿਚ ਰਹਿਣ ਵਾਸਤੇ।

ਆਹ ਯੂ.ਪੀ. ਦੇ ਅੰਦਰ ਅਸੀਂ ਜਦੋਂ ਹੁੰਦੇ ਉਥੇ ਲੇਬਰਾਂ ਆਉਂਦੀਆਂ ਸੀ, ਪਹਿਲਾਂ ਭੁੰਜੇ ਹੀ ਪੈ ਜਾਂਦੇ ਸੀ ਜਦ ਇੰਤਜ਼ਾਮ ਨਹੀਂ ਸੀ ਸਾਡੇ ਕੋਲ ਵੀ। ਸੱਪ ਰਾਤ ਨੂੰ ਚੜ੍ਹ

ਜਾਣੇ, ਕੀੜੇ ਮਕੌੜੇ ਫਿਰੀ ਜਾਣੇ। ਉਹ habitual ਹੋਏ ਹੋਏ ਸੀ ਸਾਡੇ ਲੋਕਾਂ ਨੇ ਉਨ੍ਹਾਂ ਨੂੰ ਪੱਕੇ ਘਰ ਪਾ ਦਿਤੇ। ਲੰਮੇ-ਲੰਮੇ ਸ਼ੈਡ ਪਾ ਦਿਤੇ ਕਿ ਇਥੇ ਆ ਕੇ ਰਹੀ ਜਾਣਗੇ। ਉਨ੍ਹਾਂ ਨੂੰ ਜਦ ਪੁੱਛਿਆ ਉਹ ਕਹਿੰਦੇ ਕਿ ਅਸੀਂ ਤਾਂ ਬਹੁਤ ਸੁਖੀ ਹੋ ਗਏ। ਅਸੀਂ ਕਿਹਾ ਕਿ ਬੜੇ ਔਖੇ ਨੇ ਭੂੰਜੇ ਸੌਂਦੇ ਨੇ। ਅੱਧੀ ਕੁ ਰਾਤ ਨੂੰ ਹੋਣ ਲਗ ਜਾਂਦੀ ਖਾ ਲਿਆ ਰੇ ਖਾ ਲਿਆ, ਸੱਪ ਆ ਵੜਦੇ ਨੇ। ਨਾ ਪਤਾ ਹੋਣ ਕਰਕੇ ਉਸੇ ਨੂੰ ਉਹ ਸੁਖ ਮੰਨਦਾ ਹੈ। ਮਹਾਰਾਜ ਕਹਿੰਦੇ, ਪਿਆਰਿਓ! ਸੁਖੀ ਤਾਂ ਸੰਸਾਰ ਦੇ ਅੰਦਰ ਨਾਮ ਜਪਣ ਵਾਲੇ ਤੋਂ ਬਗੈਰ ਵੱਡੇ-ਵੱਡੇ ਵੀ ਜਿਹੜੇ ਹੋਏ ਨੇ ਉਹ ਵੀ ਸੁਖੀ ਨਹੀਂ। ਐਸ ਤਰ੍ਹਾਂ ਫੁਰਮਾਨ ਕਰਦੇ ਨੇ-

***ਧਾਰਨਾ - ਦੁਖੀਆ ਸਭ ਸੰਸਾਰ***
***ਨਾਨਕ ਦੁਖੀ-ਨਾਨਕ ਦੁਖੀਆ।***

ਵੱਡਿਆਂ-ਵੱਡਿਆਂ ਦਾ ਨਾਉਂ ਲੈ ਕੇ ਜਿਵੇਂ ਹਾਥੀ ਦੀ ਪੈੜ ਵਿਚ ਸਾਰਿਆਂ ਦੀਆਂ ਪੈੜਾਂ ਆ ਜਾਂਦੀਆਂ ਨੇ, ਛੋਟਿਆਂ ਦੀ ਤਾਂ ਗੱਲ ਕਰਨੀ ਕੀ ਸੀ, ਜਿਹੜਾ ਇੰਦਰ ਰਾਜਾ ਇੰਦਰ ਲੋਕ ਦਾ ਮਾਲਕ ਹੈ, ਉਹਦੇ ਕੋਲ ਸੁੱਖਾਂ ਦੀ ਕੋਈ ਕਮੀ ਨਹੀਂ ਹੈ। ਅਪੱਛਰਾਂ ਨੇ ਨਾਚ-ਗਾਉਣੇ ਕਰਨ ਵਾਸਤੇ ਤੇ ਨੰਦਨਬਾਗ ਜਿਹਨੂੰ ਕਹਿੰਦੇ ਨੇ ਸੁਨਿਹਰੀ ਤੇ ਰੁਪਿਹਰੀ ਅਨੇਕ ਕਿਸਮ ਦੇ ਪਾਣੀਆਂ ਦੀਆਂ ਲਹਿਰਾਂ ਚਲਦੀਆਂ ਨੇ, ਫੁਹਾਰੇ ਚਲਦੇ ਨੇ। ਕਾਮਧੇਨ ਗਊ ਉਸ ਥਾਂ ਦੇ ਉਤੇ, ਕਲਪਬ੍ਰਿਛ ਦਾ ਉਹ ਮੰਡਲ ਹੈ। ਇਧਰੋਂ ਮੂੰਹ ਵਿਚੋਂ ਗੱਲ ਆਈ ਕਿ ਫਲਾਣੀ ਚੀਜ਼ ਚਾਹੀਦੀ ਹੈ ਉਸੇ ਵੇਲੇ ਹਾਜ਼ਰ ਹੋ ਜਾਂਦੀ ਹੈ। ਪਰ ਉਹ ਉਥੇ ਵੀ ਸੁਖੀ ਨਹੀਂ, ਉਹਦਾ ਰਾਜਾ ਭਟਕਦਾ ਹੋਇਆ, ਦੁਨੀਆਂ ਤੇ ਆਇਆ -

***ਗੋਤਮੁ ਤਪਾ ਅਹਿਲਿਆ ਇਸਤ੍ਰੀ***
***ਤਿਸੁ ਦੇਖਿ ਇੰਦ੍ਰੁ ਲੁਭਾਇਆ ॥***
***ਸਹਸ ਸਰੀਰ ਚਿਹਨ ਭਗ ਹੂਏ***
***ਤਾ ਮਨਿ ਪਛੋਤਾਇਆ ॥੧ ਅੰਗ - ੧੩੪੪***

ਮਾੜਾ ਕੰਮ ਕਰਿਆ ਉਹਨੇ ਆ ਕੇ। ਨਤੀਜਾ ਕੀ ਹੋਇਆ? ਹਜ਼ਾਰਾਂ ਥਾਉਂ ਤੋਂ ਸਰੀਰ ਫਟ ਗਿਆ, ਸ਼ਰਮ ਆ ਗਈ ਦੇਵ ਲੋਕ 'ਚ ਨਹੀਂ ਜਾਂਦਾ। ਰੋਂਦਾ ਹੈ, ਰੋਂਦਾ ਹੋਇਆ ਇਕ ਟੋਭੇ ਦੇ ਵਿਚ, ਕਮਲ ਫੁੱਲਾਂ ਦਾ ਟੋਭਾ ਹੈ ਉਹਦੇ ਵਿਚ ਲੁਕ ਕੇ ਬਹਿ ਗਿਆ। ਸੋ ਉਹਦੇ ਬਾਰੇ ਮਹਾਰਾਜ ਕਹਿੰਦੇ ਐਡਾ ਵੱਡਾ ਹੁੰਦਾ ਹੋਇਆ, ਦੱਸ ਅਰਬ ਗੁਣਾਂ ਸੁੱਖ ਹੈ ਇਥੋਂ ਦੇ ਚੱਕਰਵਰਤੀ ਬਾਦਸ਼ਾਹ ਨਾਲੋਂ। ਫੇਰ ਰੋਇਆ ਤੇ ਦੁਖੀ ਹੋਇਆ।

***ਪਰਸ ਰਾਮੁ ਰੋਵੈ ਘਰਿ ਆਇਆ ॥***
***ਅਜੈ ਸੁ ਰੋਵੈ ਭੀਖਿਆ ਖਾਇ ॥ ਅੰਗ - ੯੫੪***

ਅਜ ਰਾਜਾ ਸੂਰਜਵੰਸ਼ੀ ਕੁੱਲ ਦਾ ਵੱਡਾ ਸੀ, ਰਘੂ ਰਾਜੇ ਦਾ ਪਿਤਾ ਉਹ ਵੀ ਰੋਂਦਾ ਰਿਹਾ। ਨਿੰਦਿਆ ਕਰੀ, ਨਿੰਦਿਆ ਕਰਨ ਦੇ ਨਾਲ ਮਹਾਤਮਾ ਦੇ ਨਾਲ ਉਸ ਨੇ ਮਸ਼ਕਰੀ ਕਰੀ, ਨਤੀਜਾ ਕੀ ਹੋਇਆ? ਲਿੱਦ ਖਾਣੀ ਪਈ, ਰੋਇਆ ਬਹੁਤ ਉਹ।

***ਰੋਵੈ ਰਾਮੁ ਨਿਕਾਲਾ ਭਇਆ ॥***
***ਸੀਤਾ ਲਖਮਣੁ ਵਿਛੁੜਿ ਗਇਆ ॥***
***ਰੋਵੈ ਦਹਸਿਰੁ ਲੰਕ ਗਵਾਇ ॥***
***ਜਿਨਿ ਸੀਤਾ ਆਦੀ ਡਉਰੂ ਵਾਇ ॥***
***ਰੋਵਹਿ ਪਾਂਡਹ ਭਏ ਮਜੂਰ ॥***
***ਜਿਨ ਕੈ ਸੁਆਮੀ ਰਹਤ ਹਦੂਰਿ ॥***
***ਰੋਵੈ ਜਨਮੇਜਾ ਖੁਇ ਗਇਆ ॥***
***ਏਕੀ ਕਾਰਣਿ ਪਾਪੀ ਭਇਆ ॥***
***ਰੋਵਹਿ ਸੇਖ ਮਸਾਇਕ ਪੀਰ ॥***
***ਅੰਤਿ ਕਾਲਿ ਮਤੁ ਲਾਗੈ ਭੀੜ ॥***
***ਰੋਵਹਿ ਰਾਜੇ ਕੰਨ ਪੜਾਇ ॥***
***ਘਰਿ ਘਰਿ ਮਾਗਹਿ ਭੀਖਿਆ ਜਾਇ ॥***
***ਰੋਵਹਿ ਕਿਰਪਨ ਸੰਚਹਿ ਧਨੁ ਜਾਇ ॥***
***ਪੰਡਿਤ ਰੋਵਹਿ ਗਿਆਨੁ ਗਵਾਇ ॥ ਅੰਗ - ੯੫੪***

ਇਕ ਪੰਡਤ ਸੀ, ਸਾਰੀ ਦੁਨੀਆਂ ਉਹਨੇ ਫਤਹਿ ਕਰ ਲਈ ਸੀ, ਐਡਾ ਵਿਦਵਾਨ ਸੀ। ਜੈ-ਜੈ ਕਾਰ ਹੁੰਦੀ ਜਲੂਸ ਕੱਢੇ ਜਾਂਦੇ। ਫੁੱਲ ਵਰਸਾਏ ਜਾਂਦੇ। ਰਾਜੇ ਭੋਜ ਕੋਲ ਆ ਗਿਆ, ਆ ਕੇ ਉਸ ਨੇ ਢੰਡੋਰਾ ਪਿਟਵਾ ਦਿਤਾ ਕਿ ਕੋਈ ਬੰਦਾ ਮੇਰੇ ਨਾਲ ਆ ਕੇ ਸ਼ਾਸਤਰ ਅਰਥ ਕਰ ਲਵੇ। ਪੰਡਤ ਸਭ ਡਰ ਗਏ ਨਾਮ ਸੁਣ ਕੇ ਕਿ ਇਹ ਤਾਂ ਬਹੁਤ ਵੱਡਾ ਵਿਦਵਾਨ ਆ ਗਿਆ, ਇਹਦੇ ਮੁਕਾਬਲੇ 'ਤੇ ਤਾਂ ਸਾਡੇ ਤੋਂ ਗੱਲ ਹੀ ਨਹੀਂ ਹੋਣੀ। ਅਖੀਰ ਸਾਰਿਆਂ ਨੇ ਕਿਹਾ ਕਿ ਇਹਨੇ ਸਾਡੇ ਸਾਰਿਆਂ ਅੱਗੇ ਚੈਲੰਜ ਸੁੱਟਿਆ ਹੈ, ਸਾਨੂੰ accept ਕਰਨਾ ਚਾਹੀਦਾ ਹੈ। ਕੋਈ ਐਸਾ ਬੰਦਾ ਅਣਜਾਣ ਇਹਦੇ ਮੁਕਾਬਲੇ ਤੇ ਖੜ੍ਹਾ ਕਰ ਦਿਓ, ਜੇ ਹਾਰ ਜਾਏਗਾ ਤਾਂ ਵੀ ਆਪਣੀ ਬੇਇਜ਼ਤੀ ਨਹੀਂ ਹੋਏਗੀ। ਝੰਡੀ ਜ਼ਰੂਰ ਫੜਨੀ ਹੈ ਇਹਦੀ। ਰਾਜੇ ਭੋਜ ਨੇ ਕਿਹਾ ਕਿ ਤੁਸੀਂ ਐਨੇ ਵਿਦਵਾਨ, ਨੌ ਰਤਨ ਮੇਰੇ ਕੋਲ ਰਹਿੰਦੇ ਓਂ ਤੇ ਇਹ ਚੈਲੰਜ ਕਰ ਦੇਵੇ। ਕਹਿੰਦੇ ਹਾਂ ਮਾਹਾਰਾਜ ਅਸੀਂ ਇੰਤਜ਼ਾਮ ਕਰਿਆ ਹੈ ਜੇ ਆਪ ਪ੍ਰਵਾਨਗੀ ਦਿਓ। ਇਹਦਾ ਮੁਕਾਬਲੇ 'ਤੇ ਤਾਂ ਨਹੀਂ ਅਸੀਂ ਆ ਸਕਦੇ। ਪਰ ਇਕ ਬਚਣ ਦੀ ਵਿਉਂਤ ਕੱਢ ਲਈ ਹੈ। ਤੁਹਾਡੀ ਬਦਨਾਮੀ ਨਾ ਹੋਵੇ ਤੇ ਸਾਡੀ ਵੀ ਨਾ ਹੋਵੇ। ਕਹਿਣ ਲੱਗੇ ਕਿਵੇਂ ਕਰਨਾ ਹੈ? ਕਹਿੰਦੇ, ਮਹਾਰਾਜ! ਤੁਸੀਂ ਦੇਖਦੇ ਰਹਿਓ। ਇਕ ਉਸੇ ਪਿੰਡ ਦੇ ਵਿਚ ਕਾਣਾ ਤੇਲੀ ਰਹਿੰਦਾ ਸੀ, ਜਿਹਦਾ ਨਾਉਂ ਗਾਂਗਾ ਸੀ। ਉਹ ਗਾਲੜੀ ਬਹੁਤ ਸੀ, ਬਹੁਤ ਗੱਲਾਂ ਮਾਰਦਾ ਸੀ, ਕਹਿੰਦੇ, ਗਾਂਗੇ ਇਕ ਬਹੁਤ ਵੱਡਾ ਪੰਡਤ ਆਇਆ ਹੈ ਬਹਿਸ ਕਰਨ ਵਾਸਤੇ। ਕਹਿੰਦਾ, ਮੇਰੇ ਸਾਮ੍ਹਣੇ ਲਿਆਓ ਮਿੰਟ ਨਹੀਂ ਲਾਉਂਦਾ ਉਹਨੂੰ ਮੈਂ ਹਰਾਉਣ ਨੂੰ। ਉਹ

ਨਾ ਸ਼ਾਸਤਰ ਜਾਣੇ ਨਾ ਕੁਛ ਜਾਣੇ। ਉਹ ਕਹਿੰਦੇ, ਖਰੜ ਗਿਆਨ ਨਾਲ ਨਹੀਂ ਉਹਨੇ ਗੱਲ ਕਰਨੀ। ਉਹਨੇ ਸ਼ਾਸਤਰ 'ਚੋਂ ਕਰਨੀ ਹੈ। ਕਹਿੰਦਾ ਦੇਖੀ ਜਾਏਗੀ, ਮੈਨੂੰ ਲੈ ਚੱਲੋ ਇਕ ਵਾਰੀ। ਉਹਨੂੰ ਲੈ ਗਏ, ਪੰਡਤਾਂ ਵਾਲਾ ਰੂਪ ਬਣਾ ਦਿਤਾ। ਤਿਲਕ ਲਾ ਦਿਤਾ ਉਸੇ ਤਰ੍ਹਾਂ ਦੀ ਦਸਤਾਰ ਤੇ ਗਲ ਵਿਚ ਪਰਨਾ ਪਾ ਦਿਤਾ। ਪੈਰਾਂ ਦੇ ਵਿਚ ਬਹੁਤ ਸੋਹਣੀ ਜੁੱਤੀ ਕੱਢਵੀਂ ਪਾ ਦਿਤੀ। ਉਹ ਜਿਸ ਵਕਤ ਸਭਾ ਦੇ ਵਿਚ ਗਿਆ, ਬੇਅੰਤ ਭੀੜ ਹੋ ਗਈ, ਅੱਜ ਗਾਂਗੇ ਦਾ ਤੇ ਸਭ ਤੋਂ ਵਿਦਵਾਨ ਪੰਡਤ ਦਾ ਆਪਸ ਵਿਚ ਸੰਵਾਦ ਹੋਣਾ ਹੈ। ਇਹਨੇ ਜਦੋਂ ਦੂਰੋਂ ਹੀ ਦੇਖਿਆ ਕਿ ਇਕੱਠ ਬੜਾ ਹੈ, ਆਪਣੀ ਜੁੱਤੀ ਵਲ ਦੇਖਿਆ ਕਿ ਮੇਰੀ ਜੁੱਤੀ ਕੋਈ ਚੁੱਕ ਕੇ ਲੈ ਜਾਏਗਾ। ਇਹਨੇ ਆਪਣੇ ਕੋਲੋਂ ਜਿਹੜਾ ਗਲ ਵਾਲਾ ਪਰਨਾ ਸੀ ਉਹ ਲਾਹ ਲਿਆ। ਉਹਦੇ 'ਚ ਜੁੱਤੀ ਵਲੇਟ ਕੇ ਕੱਛ ਵਿਚ ਲੈ ਲਈ। ਚਲਿਆ ਗਿਆ ਸਭਾ 'ਚ, ਓਧਰ ਉਹ ਪੰਡਤ ਬਹਿ ਗਿਆ, ਏਧਰ ਇਹ ਬਹਿ ਗਿਆ। ਸਾਰੀ ਦੁਨੀਆਂ ਸਭਾ ਦੇਖ ਰਹੀ ਹੈ, ਹੁਣ ਪੰਡਤ ਨੇ ਕਿਹਾ ਕਿ ਇਹਦੇ ਬੁੱਕਲ 'ਚ ਜਿਹੜਾ ਸ਼ਾਸਤਰ ਹੈ ਪਹਿਲਾਂ ਮੈਨੂੰ ਉਹਦਾ ਗਿਆਨ ਹੋਣਾ ਚਾਹੀਦਾ ਹੈ। ਖਬਰੇ ਉਹਦੇ ਵਿਚੋਂ ਕਿਹੜਾ ਸਵਾਲ ਕਰ ਦੇਵੇ? ਉਹ ਕਹਿੰਦਾ ਪੰਡਤ ਜੀ ਮਹਾਰਾਜ! ਇਹ ਕਿਹੜਾ ਸ਼ਾਸਤਰ ਲਿਆਏ ਓਂ ਮੇਰੇ ਨਾਲ ਬਹਿਸ ਕਰਨ ਵਾਸਤੇ? ਕਹਿੰਦੇ, ਕੰਟਕ ਚੂਰਣ ਹੈ ਇਹਦਾ ਨਾਉਂ। ਕੰਡਿਆਂ ਦਾ ਮੂੰਹ ਤੋੜਨ ਵਾਲਾ, ਕੰਟਕ ਚੂਰਣ ਸ਼ਾਸਤਰ ਹੈ। ਉਹ ਹੈਰਾਨ ਹੋ ਗਿਆ ਕਿ ਆਹ ਸ਼ਾਸਤਰ ਤਾਂ ਮੈਂ ਹੁਣ ਤੱਕ ਪੜ੍ਹਿਆ ਹੀ ਨਹੀਂ ਹੈ। ਹੋਰ ਤਾਂ ਸਾਰੇ ਪੜ੍ਹ ਲਏ, ਸਾਰੀਆਂ ਉਪਨਿਸ਼ਦਾਂ, ਸਾਰੀਆਂ ਸਿਮ੍ਰਤੀਆਂ, ਹੋਰ ਭਾਸ਼ਾ 'ਚ ਬੇਅੰਤ ਪੜ੍ਹ ਲਏ ਆਹ ਤਾਂ ਪੜ੍ਹਿਆ ਹੀ ਨਹੀਂ। ਕੰਬ ਗਿਆ ਪੰਡਤ ਅੰਦਰੋਂ, ਕਹਿੰਦਾ ਬਈ ਐਉਂ ਦੱਸ, ਬਈ ਚਰਚਾ ਕਰਨੀ ਹੈ ਬੋਲ ਕੇ ਕਿ ਇਸ਼ਾਰੇ ਨਾਲ? ਉਹ ਕਹਿੰਦਾ ਜਿਵੇਂ ਤੇਰੀ ਮਰਜ਼ੀ ਹੈ। ਪੰਡਤ ਨੇ ਸੋਚਿਆ ਕਿ ਬੋਲ ਕੇ ਤਾਂ ਮੈਂ ਹਾਰ ਜਾਵਾਂਗਾ, ਇਸ਼ਾਰੇ ਨਾਲ ਮੈਂ ਜਿੱਤ ਜਾਵਾਂਗਾ। ਕਹਿੰਦਾ ਇਸ਼ਾਰੇ ਨਾਲ ਕਰਾਂਗੇ। ਇਸ਼ਾਰੇ ਨਾਲ ਚਰਚਾ ਸ਼ੁਰੂ ਹੋ ਗਈ। ਪੰਡਤ ਨੂੰ ਉਹਨੇ ਕਿਹਾ ਕਿ ਕਰੋ ਸਵਾਲ ਪੰਡਤ ਨੇ ਸਵਾਲ ਕਰਿਆ, ਇਕ ਉਂਗਲੀ ਖੜ੍ਹੀ ਕਰ ਦਿਤੀ। ਉਹ ਸਮਝਣ ਦਾ ਯਤਨ ਕਰਨ ਲੱਗਿਆ ਕਿ ਇਹਨੇ ਕੀ ਕਿਹਾ ਹੈ? ਗਾਂਗੇ ਨੇ ਸਮਝਿਆ ਕਿ ਇਹ ਕਹਿ ਰਿਹਾ ਹੈ ਕਿ ਮੈਂ ਤੇਰੀ ਇਕ ਅੱਖ ਕੱਢ ਦੇਵਾਂਗਾ। ਉਹਨੇ ਦੋ ਉਂਗਲੀਆਂ ਖੜ੍ਹੀਆਂ ਕਰ ਦਿਤੀਆਂ। ਪੰਡਤ ਨੇ ਥੋੜ੍ਹੀ ਦੇਰ ਸੋਚਿਆ ਉਸ ਤੋਂ ਬਾਅਦ ਪੰਜਾ ਖੜ੍ਹਾ ਕਰ ਦਿਤਾ। ਗਾਂਗੇ ਨੇ ਮੁੱਕਾ ਖੜ੍ਹਾ ਕਰ ਲਿਆ। ਪੰਡਤ ਉਠਿਆ, ਉਠ ਕੇ ਗਾਂਗੇ ਤੇਲੀ ਦੇ ਚਰਨਾਂ ਤੇ ਮੱਥਾ ਟੇਕ ਦਿਤਾ। ਵਾਜੇ ਵੱਜ ਗਏ ਕਿ ਜਿੱਤ ਗਿਆ-ਜਿੱਤ ਗਿਆ। ਪਹਿਲੀ ਵਾਰੀ ਹਾਰਿਆ ਜ਼ਿੰਦਗੀ 'ਚ। ਹਾਰਨਾ ਹੀ ਨਹੀਂ ਸੀ ਰੋਣ ਲੱਗ ਗਿਆ ਕਿ ਮੇਰੀ ਹਾਰ ਹੋ ਗਈ, ਨਾਲੇ ਮੈਨੂੰ ਸਮਝ 'ਚ ਨਹੀਂ ਆਇਆ। ਜਦੋਂ ਪੰਡਤ ਪਾਸੇ ਹੋ ਗਿਆ ਤਾਂ ਰਾਜੇ ਭੋਜ ਨੇ, ਪੰਡਤਾਂ ਨੇ ਗਾਂਗੇ ਨੂੰ ਪੁੱਛਿਆ ਕਿ ਮਹਾਰਾਜ! ਸਾਨੂੰ ਉਹ ਚੀਜ਼ ਤਾਂ ਦੱਸ ਦਿਓ, ਜਿਹਦੇ ਕਰਕੇ ਤੁਹਾਡੀ ਜਿੱਤ ਹੋ ਗਈ? ਉਹ ਕਹਿਣ ਲੱਗਿਆ ਕਿ ਜਦੋਂ ਉਹਨੇ ਚਰਚਾ ਕਰੀ ਨਾ, ਉਂਗਲੀ ਖੜ੍ਹੀ ਕਰੀ। ਮੈਂ ਕਿਹਾ ਕਿ ਇਹ ਕਹਿੰਦਾ ਹੈ ਕਿ ਤੇਰੀ ਇਕ ਅੱਖ ਮੈਂ ਜਿਹੜੀ ਹੈ ਮੈਂ ਕੱਢ ਦੇਵਾਂਗਾ। ਕਹਿੰਦਾ, ਮੈਂ ਦੋ ਉਂਗਲੀਆਂ ਖੜ੍ਹੀਆਂ ਕਰ ਦਿਤੀਆਂ ਕਿ ਮੈਂ ਤੇਰੀਆਂ ਦੋਵੇਂ ਕੱਢਾਂਗਾ। ਕਹਿੰਦਾ, ਫੇਰ ਉਹਨੇ ਪੰਜ ਉਂਗਲੀਆਂ ਖੜ੍ਹੀਆਂ ਕਰ ਦਿਤੀਆਂ, ਮੈਂ ਕਿਹਾ ਕਿ ਐਉਂ ਕਹਿੰਦਾ ਹੈ ਕਿ ਮੈਂ ਤੇਰੇ ਥੱਪੜ ਮਾਰਾਂਗਾ, ਮੈਂ ਘਸੁੰਨ ਵੱਟ ਲਿਆ ਕਿ ਮੈਂ ਘਸੁੰਨ ਮਾਰਾਂਗਾ। ਉਹ ਜੈ-ਜੈਕਾਰ ਹੋ ਗਈ, ਜਿੱਤਣਾ ਹੀ ਸੀ ਮੇਰਾ ਘਸੁੰਨ ਤੱਕੜਾ ਸੀ ਉਹਦੇ ਨਾਲੋਂ। ਪੰਡਤ ਨੂੰ ਪੁੱਛਿਆ ਕਿ ਮਹਾਰਾਜ! ਤੁਸੀਂ ਕਿਵੇਂ ਹਾਰ ਗਏ? ਕਹਿੰਦੇ, ਅਸੀਂ ਉਹਨੂੰ ਪੁੱਛਿਆ ਸੀ ਕਿ ਆਹ ਜਿਹੜੀ ਸ੍ਰਿਸ਼ਟੀ ਹੈ ਇਕੋ ਬ੍ਰਹਮ ਹੈ ਇਥੇ ਸੰਸਾਰ 'ਚ, ਉਹਨੇ ਦੋ ਉਂਗਲਾਂ ਖੜ੍ਹੀਆਂ ਕਰ ਦਿਤੀਆਂ ਕਿ ਪੰਡਤ ਜੀ, ਇਕੱਲਾ ਬ੍ਰਹਮ ਨਹੀਂ ਕੁਛ ਕਰ ਸਕਦਾ, ਨਾਲ ਮਾਇਆ ਵੀ ਹੈ। ਕਹਿੰਦੇ, ਫੇਰ ਮੈਂ ਉਹਨੂੰ ਕਿਹਾ ਕਿ ਇਹ ਜਿੰਨਾ ਕੁਛ ਵੀ ਹੈ ਇਹ ਪੰਜ ਤੱਤ ਦਾ ਬਣਿਆ ਹੋਇਆ ਹੈ, ਉਹਨੇ ਕਿਹਾ ਕਿ ਪੰਜ ਤੱਤ ਇਕੱਲਿਆਂ ਦਾ ਨਹੀਂ ਹੈ ਤੇ ਸਾਰੇ ਘੁਲ ਮਿਲ ਕੇ ਇਕੱਠੇ ਹੋਏ ਹੋਏ ਨੇ। ਸੋ ਉਹ ਹਾਰ ਲਿਆ। ਮਹਾਰਾਜ ਕਹਿੰਦੇ ਦੇਖੋ -

***ਰੋਵਹਿ ਕਿਰਪਨ ਸੰਚਹਿ ਧਨੁ ਜਾਇ ॥***
***ਪੰਡਿਤ ਰੋਵਹਿ ਗਿਆਨੁ ਗਵਾਇ ॥ ਅੰਗ - ੯੫੪***

ਇਕ ਲੜਕੀ ਸੀ ਉਸਨੇ ਪਹਿਲੇ ਜਨਮ 'ਚ ਆਪਣੇ ਪਤੀ ਦਾ ਜੋ ਬੰਦਗੀ ਕਰਨ ਵਾਲਾ ਸੀ, ਬੜਾ ਨਿਰਾਦਰ ਕਰਦੀ ਸੀ, ਉਹਨੇ ਕਿਹਾ ਕਿ ਜਾਹ ਜਨਮ ਤਾਂ ਧਾਰੇਂਗੀ ਪਰ ਤੈਨੂੰ ਪਤੀ ਨਹੀਂ ਮਿਲਣਾ। 20 ਵਿਆਹ ਕਰਾਏ, ਵਿਆਹ ਕਰਾ ਕੇ ਘਰ ਨਹੀਂ ਸੀ ਆਉਂਦੇ, ਰਾਹ 'ਚ ਹੀ ਮਰ ਜਾਂਦੇ ਸੀ। ਮਹਾਰਾਜ ਕਹਿੰਦੇ -

***ਬਾਲੀ ਰੋਵੈ ਨਾਹਿ ਭਤਾਰੁ ॥***
***ਨਾਨਕ ਦੁਖੀਆ ਸਭੁ ਸੰਸਾਰੁ ॥ ਅੰਗ - ੯੫੪***

ਹੁਣ ਇਥੇ ਮਹਾਰਾਜ ਨੇ ਭੇਤ ਖੋਲ੍ਹ ਦਿਤਾ ਕਿ ਜਿਹਨੇ ਸੁਖੀ ਹੋਣਾ ਹੈ ਨਾ, ਪਿਆਰਿਓ! ਨਾਮ ਦੇ ਉਤੇ ਵਿਸ਼ਵਾਸ਼ ਲਿਆਓ। ਨਾਮ ਪਰੀਪੂਰਨ ਸ਼ਕਤੀ ਹੈ, ਨਾਮ ਉਹ ਐਨਰਜੀ ਹੈ ਜਿਹਨੇ ਸਾਰੇ ਸੰਸਾਰ ਨੂੰ ਸਾਂਭ ਕੇ ਰੱਖਿਆ ਹੋਇਆ ਹੈ। ਜਿੰਨੇ ਖੰਡ ਬ੍ਰਹਿਮੰਡ ਨਜ਼ਰ ਆਉਂਦੇ ਨੇ ਸਭ ਨਾਮ ਸ਼ਕਤੀ ਕਰਕੇ ਨੇ, ਉਹ ਨਾਮ ਸ਼ਕਤੀ ਪਰੀਪੂਰਨ ਹੈ ਸਾਰੇ, ਉਹਨੂੰ ਜਿੰਨਾ ਚਿਰ ਆਦਮੀ ਨਹੀਂ ਮੰਨਦਾ ਓਨਾਂ ਚਿਰ ਕਹਿੰਦੇ, ਸੁੱਖ ਨਹੀਂ ਆਉਂਦਾ -

***ਮੰਨੇ ਨਾਉ ਸੋਈ ਜਿਣਿ ਜਾਇ ॥***
***ਅਉਰੀ ਕਰਮ ਨ ਲੇਖੈ ਲਾਇ ॥ ਅੰਗ - ੯੫੪***

ਚਾਰ ਦੁੱਖ ਵੱਡੇ-ਵੱਡੇ ਨੇ। ਜਿਹਦੇ ਵਿਚ ਸਾਰੀ ਦੁਨੀਆਂ ਪੀੜਿਤ ਹੋ ਰਹੀ ਹੈ। ਗੁਰੂ ਨਾਨਕ ਪਾਤਸ਼ਾਹ 17-18 ਸਾਲ ਦੇ ਸੀ ਐਸੀ ਅੰਦਰ ਪ੍ਰੇਮ ਦੀ ਲਗਨ ਲੱਗੀ ਹੋਈ ਸੀ ਕਿ ਨਾ ਬੋਲਦੇ ਸੀ, ਨਾ ਚਲਦੇ ਸੀ, ਮਰਜ਼ੀ ਕਰਦੇ ਸੀ ਹੱਸਣ ਲਗ ਜਾਂਦੇ ਸੀ, ਮਰਜ਼ੀ ਕਰਦੇ ਸੀ ਅੱਖਾਂ 'ਚੋਂ ਬੇਅੰਤ ਜਲ ਜਾਂਦਾ ਸੀ। ਜਿਹਦੇ ਬਾਰੇ ਆਪ ਨੇ ਐਸਾ ਫੁਰਮਾਨ ਕਰਿਆ -

***ਧਾਰਨਾ - ਰੰਗ ਹਸਦੇ ਤੇ ਰੰਗ ਰੋਂਦੇ,***
***ਪਰਵਾਹ ਨਾ ਕਿਸੇ ਦੀ ਰੱਖਦੇ ਸਾਧੂ।***

***ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ ॥***
***ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ ॥***
***ਅੰਗ - ੪੭੩***

ਇਕ ਵਾਹਿਗੁਰੂ ਤੋਂ ਬਗੈਰ ਜੋ ਰੱਬ ਦਾ ਪਿਆਰਾ ਹੈ ਉਹਨੂੰ ਕਿਸੇ ਦੀ ਪ੍ਰਵਾਹ ਨਹੀਂ ਹੋਇਆ ਕਰਦੀ ਕਿਉਂਕਿ ਲੈਣਾ ਦੇਣਾ ਹੀ ਨਹੀਂ ਉਹਨੇ ਕੁਛ ਹੁੰਦਾ।

***ਜੋ ਜਨੁ ਨਿਰਦਾਵੈ ਰਹੈ ਸੋ ਗਨੈ ਇੰਦ੍ਰ ਸੋ ਰੰਕ ॥***
***ਅੰਗ - ੧੩੭੩***

ਗਰਜ ਵਾਲੇ ਬੰਦਿਆਂ ਨੂੰ ਪ੍ਰਵਾਹ ਹੋਇਆ ਕਰਦੀ ਹੈ, ਬੇਗਰਜ਼ ਬੰਦੇ ਤਾਂ ਦੁਨੀਆਂ 'ਚ ਮਿਲਦੇ ਨਹੀਂ ਹਨ, ਨਾ ਬੇਲੋੜੇ ਬੰਦੇ ਮਿਲਦੇ ਹਨ।

***ਲੋੜਾ ਵਾਲੇ ਹੈਨ ਘਨੇਰੇ ਬੇਲੋੜੇ ਹੈਨ ਥੋੜ੍ਹੇ***
***ਜੇ ਮਿਲ ਜਾਵਣ ਬੇਲੋੜੇ ਚੁੰਮ ਤਿਨਾ ਦੇ ਜੋੜੇ***

ਕਿਉਂਕਿ ਉਹ ਤਾਂ ਵਾਹਿਗੁਰੂ ਦੇ ਨਾਲ ਮਿਲੇ ਹੋਏ ਨੇ, ਦੁਨੀਆਂ ਮੰਗਦੀ ਹੈ ਉਨ੍ਹਾਂ ਦੇ ਦਰ ਤੋਂ, ਜੋ ਮੰਗਦੇ ਨੇ ਸਭ ਨੂੰ ਦੇਈ ਜਾਂਦੇ ਨੇ -

***ਚਾਰਿ ਪਦਾਰਥ ਜੇ ਕੋ ਮਾਗੈ ॥***
***ਸਾਧ ਜਨਾ ਕੀ ਸੇਵਾ ਲਾਗੈ ॥ ਅੰਗ - ੨੬੬***

ਸਿਕੰਦਰ-ਏ-ਆਜ਼ਮ ਨੇ ਆ ਕੇ ਰਾਜੇ ਪੋਰਸ ਨੂੰ ਹਾਰ ਦਿਤੀ। ਤਿੰਨ ਮਹੀਨੇ ਉਹਦੀਆਂ ਫੌਜਾਂ ਰਾਵੀ ਦੇ ਪਰਲੇ ਪਾਰ ਰਹੀਆਂ, ਲੰਘ ਨਾ ਸਕੀਆਂ। ਅਖੀਰ ਇਧਰੋਂ ਜੰਮੂ ਵਲੋਂ ਜਾ ਕੇ ਉਸਨੇ ਰਾਵੀ ਪਾਰ ਕਰੀ, ਬੜੀ ਭਿਆਨਕ ਲੜਾਈ ਹੋਈ, ਲੜਾਈ ਦੇ ਵਿਚ ਜੋ ਪੋਰਸ ਸੀ ਉਹਦੇ ਹੱਥ ਐਸਾ ਸਿਕੰਦਰ ਦਾ ਵਾਰ ਆਇਆ ਕਿ ਉਹਨੂੰ ਮਾਰ ਦਿੰਦਾ, ਪਰ ਉਹਨੇ ਕਿਹਾ ਕਿ ਨਹੀਂ ਮਾਰਨਾ ਨਹੀਂ, ਅਖੀਰ ਉਸੇ ਲੜਾਈ ਵਿਚ ਪੋਰਸ ਦਾ ਹਾਥੀ ਮਾਰਿਆ ਜਾਂਦਾ ਹੈ ਤੇ ਪੋਰਸ ਗ੍ਰਿਫਤਾਰ ਹੋ ਜਾਂਦਾ ਹੈ, ਰਾਜ ਸਿਕੰਦਰ ਕੋਲ ਆ ਜਾਂਦਾ ਹੈ। ਜਿਸ ਵਕਤ ਪੋਰਸ ਨੂੰ ਪੁੱਛਿਆ ਕਿ ਤੇਰੇ ਨਾਲ ਕੀ ਸਲੂਕ ਕਰਨਾ ਹੈ? ਕਹਿੰਦਾ, ਜੋ ਰਾਜੇ ਰਾਜਿਆਂ ਨਾਲ ਕਰਦੇ ਨੇ। ਦਲੇਰ ਬੰਦਾ ਸੀ। ਉਸ ਵੇਲੇ ਪੰਜਾਬ ਦੀ ਮਾਨਤਾ ਸਾਰੀ ਦੁਨੀਆਂ ਦੇ ਉਤੇ ਛਾਈ ਹੋਈ ਸੀ। ਮਰਿਆਦਾ 'ਚ ਰਹਿਣ ਵਾਲੇ ਲੋਕ ਸੀ, 2300 ਸਾਲ ਪਹਿਲਾਂ। ਬੇਮਰਿਆਦਾ ਨਹੀਂ ਸੀ। ਉਸਨੂੰ ਸਿਕੰਦਰ ਨੇ ਇਕ ਸਵਾਲ ਕਰਿਆ, ਜਦੋਂ ਅਮਨ ਅਮਾਨ ਹੋ ਗਿਆ ਕਿ ਮੈਂ ਇਹ ਸੁਣਿਆ ਹੈ ਕਿ ਭਾਰਤ ਵਰਸ਼ ਦੇ ਵਿਚ ਐਸੇ ਮਹਾਤਮਾ ਨੇ ਜਿਹੜੇ ਪ੍ਰਮੇਸ਼ਰ ਨੂੰ ਮਿਲੇ ਹੋਏ ਹੁੰਦੇ ਨੇ, ਮੈਨੂੰ ਕਿਸੇ ਦਾ ਦਰਸ਼ਨ ਤਾਂ ਕਰਾ? ਕਹਿਣ ਲੱਗਿਆ ਕੋਈ ਨਹੀਂ ਮਹਾਰਾਜ, ਕੱਲ੍ਹ ਨੂੰ ਤਿਆਰੀ ਕਰਿਓ, ਆਪਾਂ ਸੰਤਾਂ ਕੋਲ ਚੱਲਾਂਗੇ।

ਦੂਸਰੇ ਦਿਨ ਤਿਆਰੀ ਹੋ ਗਈ, ਘੋੜੇ 'ਤੇ ਚੜ੍ਹ ਗਏ ਦੋਵੇਂ, ਆਪਣੇ-ਆਪਣੇ ਘੋੜਿਆਂ ਤੇ ਜਾਂਦੇ ਨੇ, ਅੱਗੇ ਜਾ ਕੇ ਜੰਗਲ ਆ ਗਿਆ। ਝਾੜੀਆਂ ਹੀ ਝਾੜੀਆਂ ਖੜ੍ਹੀਆਂ ਨੇ, ਮੁਸ਼ਕਲ ਦੇ ਨਾਲ ਹੌਲੀ-ਹੌਲੀ ਵਲ ਖਾ ਕੇ ਜਾ ਰਿਹਾ ਹੈ। ਸਿਕੰਦਰ ਕਹਿਣ ਲੱਗਿਆ ਕਿ ਤੁਸੀਂ ਸੰਤਾਂ ਨੂੰ ਸੁਨੇਹਾ ਨਹੀਂ ਸੀ ਭੇਜਿਆ ਕਿ ਮੈਂ ਆਉਣਾ ਹੈ। ਮੇਰੇ ਬਾਰੇ ਕੋਈ ਵਾਕਫੀ ਦੇਣੀ ਚਾਹੀਦੀ ਸੀ ਕਿ ਮੈਂ ਸਾਰੀ ਦੁਨੀਆਂ ਨੂੰ ਜਿੱਤਣ ਤੋਂ ਬਾਅਦ ਆਇਆ ਹਾਂ ਤੇ ਤੁਸੀਂ ਸੰਤਾਂ ਨੂੰ ਦੱਸਣਾ ਸੀ ਕਿ ਕੋਈ ਰਸਤਾ ਸਾਫ ਕਰਾ ਦਿੰਦੇ? ਪੋਰਸ ਨੇ ਕਿਹਾ, ਮਹਾਰਾਜ! ਸੰਤ ਨਹੀਂ ਕਿਸੇ ਦੀ ਪ੍ਰਵਾਹ ਕਰਿਆ ਕਰਦੇ, ਉਨ੍ਹਾਂ ਨੂੰ ਲੋੜ ਨਹੀਂ ਹੈ, ਜਿਨ੍ਹਾਂ ਨੇ ਜਾਣਾ ਹੈ ਰਸਤਾ ਸਾਫ ਕਰ ਲਓ। ਕਹਿੰਦਾ, ਕਿੱਥੇ ਨੇ ਸੰਤ? ਘਬਰਾ ਗਿਆ। ਉਸਨੇ ਨੇ ਕਿਹਾ ਕਿ ਔਹ ਸਾਮ੍ਹਣੇ ਝੌਂਪੜੀ ਹੈ, ਟੁੱਟੀ ਹੋਈ ਝੌਂਪੜੀ 'ਚ ਬੈਠੇ ਨੇ। ਜਦੋਂ ਅੱਗੇ ਗਿਆ ਅਭਿਮਾਨ ਇਹਦਾ ਟੀਸੀ ਤੇ ਜਾ ਚੜ੍ਹਿਆ। ਕੀ ਦੇਖਦਾ ਹੈ ਇਕ ਬਰੈਹਨਾ ਸੰਤ ਬੈਠਾ ਹੈ ਇਕੋ ਕੱਪੜਾ ਪਾਇਆ ਹੋਇਆ ਹੈ ਉਹਦੇ, ਬਾਕੀ ਸਰੀਰ ਤੋਂ ਨਗਨ ਹੈ। ਉਹਨੇ ਕਿਹਾ ਆਹ ਹੈ? ਪੋਰਸ ਨੇ ਕਿਹਾ ਕਿ ਹਾਂ ਇਹ ਨੇ। ਉਨ੍ਹਾਂ ਸੰਤਾਂ ਨੇ ਵੀ ਉਹਦੇ ਵਲ ਦੇਖ ਲਿਆ। ਜਾਣ ਗਏ ਕਿ ਅੱਜ ਪੂਰਾ ਅਭਿਮਾਨੀ ਬੰਦਾ ਆ ਰਿਹਾ ਹੈ ਕੋਈ ਤੇ ਜਦੋਂ ਨੇੜੇ ਗਿਆ ਤਾਂ ਇਹਦੇ ਮਨ ਵਿਚ ਨਰਾਜ਼ੀ ਆਈ ਕਿ ਇਹ ਤਾਂ ਖੜ੍ਹਾ ਹੀ ਨਹੀਂ ਹੋਇਆ ਮੇਰੇ ਆਉਣ 'ਤੇ, ਤਲਵਾਰ ਕੱਢ ਲਈ ਏਸਨੇ। ਕਹਿੰਦਾ, ਹੁਣ ਦੋ ਟੁਕੜੇ ਕਰ ਦਿੰਦਾ ਹਾਂ, ਇਹ ਕਾਹਦਾ ਸੰਤ ਹੈ ਜਿਹਨੂੰ ਪਤਾ ਹੀ ਨਹੀਂ ਕਿ ਬਾਦਸ਼ਾਹ ਦਾ ਕਿਵੇਂ ਸਤਿਕਾਰ ਕਰੀਦਾ ਹੈ? ਜਦੋਂ ਅੱਗੇ ਗਿਆ ਤਲਵਾਰ ਉਲ੍ਹਾਰ ਲਈ, ਮਾਰਨ ਲੱਗਿਆ, ਨਾ ਸਰੀਰ ਹਿਲਦਾ ਹੈ ਨਾ ਬਾਂਹ ਹਿਲਦੀ ਹੈ, ਕੁਛ ਨਹੀਂ ਹੁੰਦਾ ਉਥੇ ਹੀ ਜੜ੍ਹ ਬਣ ਗਿਆ, ਜਿਵੇਂ ਹਮਾਯੂੰ ਆਇਆ ਸੀ ਗੁਰੂ ਅੰਗਦ ਪਾਤਸ਼ਾਹ ਦੇ ਪਾਸ, ਕੁਛ ਕਰ ਹੀ ਨਾ ਸਕਿਆ, ਤਲਵਾਰ ਉਤੇ ਨੂੰ ਉਭਰੀ ਹੀ ਰਹਿ ਗਈ। ਸੰਤ ਮੁਸਕਰਾ ਰਹੇ ਨੇ ਕਹਿੰਦੇ ਮਾਰ? ਇਹ ਤਲਵਾਰ ਤੇਰੀ ਅਜੇ ਰੱਜੀ ਨਹੀਂ ਐਨੇ ਦੋ ਲੱਖ ਬੰਦਿਆਂ ਦਾ ਖ਼ੂਨ ਪੀ ਕੇ? ਪਤਾ ਨਹੀਂ ਤੂੰ ਕਿੰਨੀਆਂ ਭੈਣਾਂ ਦੇ ਭਰਾ ਮਾਰੇ ਨੇ, ਕਿੰਨੀਆਂ ਬੀਬੀਆਂ ਵਿਧਵਾ ਕੀਤੀਆਂ ਨੇ, ਕਿੰਨੇ ਬੱਚੇ ਯਤੀਮ ਕਰੇ ਨੇ, ਨਹੀਂ ਰੱਜੀ ਤਾਂ ਆ ਜਾ ਸਾਡੇ ਉਤੇ ਵਾਰ ਕਰ? ਚੁੱਪ ਕਰਿਆ ਖੜ੍ਹਾ ਹੈ ਪੱਥਰ

ਬਣਿਆ। ਝਾਕਦਾ ਹੈ। ਪੋਰਸ ਨੇ ਕਿਹਾ ਕਿ ਤੁਸੀਂ ਮਨ ਦੇ ਅੰਦਰ ਨਿਮਰਤਾ ਧਾਰੋ, ਅਰਦਾਸ ਕਰੋ, ਮਿਹਰ ਕਰ ਦੇਣਗੇ। ਉਸ ਵੇਲੇ ਆਪ ਪੋਰਸ ਅੱਗੇ ਵਧਿਆ ਕਿ ਮਹਾਰਾਜ! ਵਿਦੇਸ਼ੀ ਹੈ ਇਹ, ਸਾਰੀ ਦੁਨੀਆਂ ਜਿੱਤੀ ਹੈ, ਉਹਦਾ ਅਭਿਮਾਨ ਇਹਦੇ ਮਨ ਵਿਚ ਹੋਣ ਕਰਕੇ ਇਹਨੂੰ ਮਹਿਮਾ ਦਾ ਨਹੀਂ ਪਤਾ ਕਿ ਸੰਤ ਕੀ ਹੁੰਦੇ ਨੇ। ਕ੍ਰਿਪਾ ਕਰੋ ਆਪ।

ਜਿਸ ਵਕਤ ਬਾਬਾ ਦੀਪ ਜੀ ਗਏ ਤਾਂ ਅੱਗੇ ਦੱਖਣ ਦੇ ਵਿਚ ਜਾ ਕੇ ਸੰਤ ਸੁੰਦਰ ਦਾਸ ਰਹਿੰਦੇ ਸੀ ਉਥੇ। ਭਾਈ ਬਿਧੀ ਚੰਦ ਜੀ ਬੈਠੇ ਤਾਂ ਬੇਅੰਤ ਸੰਗਤ ਆਉਣ ਲੱਗ ਗਈ। ਕੋਈ ਕੁਛ ਮੰਗਦਾ ਹੈ, ਕੋਈ ਕੁਛ ਮੰਗਦਾ ਹੈ ਬਚਨ ਸਤਿਤਾ ਹੋਣ ਕਰਕੇ ਸਾਰਿਆਂ ਦੀਆਂ ਕਾਮਨਾਵਾਂ ਪੂਰੀਆਂ ਹੁੰਦੀਆਂ ਨੇ, ਇਹਨੂੰ ਖਬਰ ਪਹੁੰਚੀ ਕਿ ਬੜੀ ਮਾਨਤਾ ਹੋਈ ਹੈ ਕੋਈ ਪੰਜਾਬ ਤੋਂ ਆਇਆ ਹੈ। ਈਰਖਾ ਦੇ ਵਿਚ ਆ ਗਿਆ। ਕਹਿੰਦਾ ਮੈਂ ਤਾਂ ਹੁਣੇ ਹੀ ਨਠਾ ਦੇਵਾਂਗਾ। ਜਾਦੂ ਜਾਣਦਾ ਸੀ। ਨਾਲ ਰਿੱਧੀਆਂ ਸਿੱਧੀਆਂ ਬਹੁਤ ਸੀ, ਉਹ ਸ਼ੇਰ ਤੇ ਸਵਾਰੀ ਕਰਦਾ ਹੁੰਦਾ ਤੇ ਹੱਥ ਵਿਚ ਕੋਬਰੇ ਨਾਗ ਦਾ ਛਾਂਟਾ ਰੱਖਦਾ ਹੁੰਦਾ, ਮਹਾਰਾਜ ਵਲ ਨੂੰ ਚੱਲ ਪਿਆ, ਵੀਹ ਕਦਮਾਂ ਤੱਕ ਜਦੋਂ ਰਹਿ ਗਿਆ ਤਾਂ ਸਾਰਿਆਂ ਨੇ ਕਿਹਾ ਕਿ ਮਹਾਰਾਜ, ਇਹ ਤਾਂ ਬੜਾ ਅੜੀਅਲ ਬੰਦਾ ਹੈ ਤੇ ਇਹਨੇ ਸ਼ੇਰ ਦਾ ਤੁਹਾਡੇ ਉਤੇ ਹਮਲਾ ਕਰਾ ਦੇਣਾ ਹੈ ਜਾਂ ਸੱਪ ਛੱਡ ਦੇਣਾ ਹੈ। ਕਹਿੰਦੇ, ਕੋਈ ਨਾ ਫਿਕਰ ਨਾ ਕਰੋ। ਭਾਈ ਬਿਧੀ ਚੰਦ ਨੇ ਵਾਹਿਗੁਰੂ ਕਹਿ ਦਿਤਾ। ਐਨਾ ਕਹਿ ਕੇ ਓਧਰ ਨੂੰ ਜਦ ਦੇਖਿਆ ਤਾਂ ਨਾ ਉਹ ਸ਼ੇਰ ਹਿੱਲੇ, ਨਾ ਸੱਪ ਹਿੱਲੇ, ਨਾ ਸੰਤ ਹਿੱਲੇ। ਜੁੜ ਗਏ ਉਥੇ ਹੀ ਜਿਵੇਂ ਪੱਥਰ ਹੁੰਦੇ ਨੇ। ਪਤਾ ਲੱਗ ਗਿਆ ਉਹਨੂੰ। ਉਥੇ ਹੀ ਬੈਠਾ ਅੰਦਰ ਹੀ ਅੰਦਰ ਅਰਦਾਸ ਕਰਦਾ ਹੈ, ਮੈਨੂੰ ਬਖਸ਼ੋ। ਆਵਾਜ਼ ਦੇ ਦਿਤੀ, ਕਹਿੰਦੇ ਉਤਰ ਆ ਸ਼ੇਰ ਤੋਂ। ਸ਼ੇਰ ਤੋਂ ਉਤਰ ਆਇਆ, ਸੱਪ ਨੇ ਮਾਰਿਆ ਝਟਕਾ, ਸੱਪ ਜੰਗਲ 'ਚ ਨੂੰ ਚਲਿਆ ਗਿਆ, ਸ਼ੇਰ ਵੀ ਨੱਠ ਕੇ ਜੰਗਲ 'ਚ ਜਾ ਵੜਿਆ। ਸਾਰੀਆਂ ਸ਼ਕਤੀਆਂ ਰਹਿ ਗਈਆਂ, ਆ ਕੇ ਚਰਨ ਫੜ ਲਏ ਗੁਰਸਿੱਖ ਦੇ। ਸੋ ਇਸੇ ਤਰ੍ਹਾਂ ਦੇ ਨਾਲ ਇਸ ਦੀ ਬਾਂਹ ਜੁੜ ਗਈ। ਅਖੀਰ ਬੇਨਤੀ ਕਰੀ ਮਹਾਤਮਾ ਨੇ ਦ੍ਰਿਸ਼ਟੀ ਕਰੀ, ਦ੍ਰਿਸ਼ਟੀ ਕਰਨ ਦੇ ਨਾਲ ਹਿੱਲਿਆ ਜੁੱਲਿਆ। ਕਹਿੰਦੇ ਕੀ ਗੱਲ? ਕੀ ਨਰਾਜ਼ੀ ਸੀ ਤੇਰੀ ਸਾਡੇ ਨਾਲ ਤਲਵਾਰ ਕੱਢੀ ਹੈ? ਕਹਿੰਦਾ, ਮਹਾਰਾਜ! ਮੈਂ ਸਾਰੀ ਦੁਨੀਆਂ ਦਾ ਵਿਜੇਤਾ ਆਇਆ ਹਾਂ, ਮੇਰਾ ਨਾਮ ਸਿਕੰਦਰ-ਏ-ਆਜ਼ਮ ਹੈ ਤੇ ਤੁਸੀਂ ਮੇਰੇ ਆਉਣ ਤੇ ਮੇਰਾ ਸਤਿਕਾਰ ਨਹੀਂ ਕਰਿਆ? ਮਹਾਤਮਾ ਨੇ ਕਿਹਾ ਕਿ ਗੱਲ ਵਿਚਾਰ ਨਾਲ ਕਰਨੀ ਹੈ, ਸੁਣ ਲੈ ਅਸੀਂ ਤੇਰਾ ਸਤਿਕਾਰ ਕਿਉਂ ਨਹੀਂ ਕਰਿਆ। ਕਹਿੰਦੇ ਤੂੰ ਇਹ ਦੱਸ ਜੇ ਤੇਰਾ ਗੁਲਾਮ ਆ ਜਾਏ ਤੂੰ ਉਠ ਕੇ ਖੜ੍ਹਾ ਹੁੰਦਾ ਹੈਂ? ਕਹਿੰਦਾ, ਸਵਾਲ ਹੀ ਪੈਦਾ ਨਹੀਂ ਹੁੰਦਾ ਮੈਂ ਤਾਂ ਕਿਸੇ ਬਾਦਸ਼ਾਹ ਲਈ ਉਠ ਕੇ ਖੜ੍ਹਾ ਨਹੀਂ ਹੁੰਦਾ, ਕਿਉਂਕਿ ਮੈਂ ਸਭ ਤੋਂ ਵੱਡਾ great ਹਾਂ। ਕਹਿੰਦੇ ਤੂੰ ਮੇਰੇ ਗੁਲਾਮਾਂ ਦੇ, ਗੁਲਾਮਾਂ ਦਾ, ਗੁਲਾਮ ਹੈਂ, ਮੈਂ ਤੇਰੇ ਆਉਣ ਤੇ ਕਿਉਂ ਖੜ੍ਹਾ ਹੁੰਦਾ? ਤੂੰ ਤਾਂ ਕੁਛ ਵੀ ਨਹੀਂ ਹੈਂ, ਤੇਰੀ ਹਸਤੀ ਹੀ ਨਹੀਂ ਹੈ ਕੋਈ। ਕਹਿੰਦੇ, ਦੇਖ, ਕਾਹਦੇ ਵਾਸਤੇ ਤੁਰਿਆ ਫਿਰਦਾ ਹੈਂ, ਮਕਦੂਨੀਆ ਛੱਡਿਆ ਹੈ, ਯੂਨਾਨ ਤੋਂ ਤੂੰ ਆਇਆ ਹੈਂ, ਲੱਖਾਂ ਬੰਦੇ ਮਾਰ ਦਿਤੇ, ਕਿਹੜੀ ਚੀਜ਼ ਹੈ ਜਿਹੜੀ ਤੈਨੂੰ ਲਈ ਜਾਂਦੀ ਹੈ ਕਿ ਮੇਰਾ ਸਾਰੀ ਦੁਨੀਆਂ ਦੇ ਉਤੇ ਰਾਜ ਹੋਵੇ? ਹਿਰਸ ਹੈ ਨਾ ਤੇਰੇ ਅੰਦਰ? ਦੇਖ, ਉਹ ਪਈਆਂ ਨੇ ਸਾਡੀਆਂ ਖੜ੍ਹਾਵਾਂ, ਇਹ ਮਨ ਹੈ ਸਾਡਾ ਗੁਲਾਮ, ਤੂੰ ਹੈਂ ਮਨ ਦਾ ਗੁਲਾਮ। ਮਨ ਜਿਹੜਾ ਹੈ ਉਹ ਹਿਰਸ ਦਾ ਗੁਲਾਮ ਹੈ, ਉਹ ਤੈਨੂੰ ਲਈਂ ਫਿਰਦਾ ਹੈ, ਦੌੜਾਈ ਫਿਰਦਾ ਹੈ। ਕਹਿੰਦੇ, ਜਿਹੜਾ ਸਾਡਾ ਮਨ ਹੈ ਉਹ ਅਸੀਂ ਕਾਬੂ ਕਰਿਆ ਹੋਇਆ ਹੈ। ਔਹ ਜਿਹੜੀਆਂ ਸਾਡੀਆਂ ਖੜ੍ਹਾਵਾਂ ਪਈਆਂ ਨੇ ਨਾ ਉਹਦੇ ਥੱਲੇ ਅਸੀਂ ਲਾਲਚ ਦੱਬਿਆ ਹੋਇਆ ਹੈ। ਸਾਨੂੰ ਲੋੜ ਨਹੀਂ ਕਿਸੇ ਚੀਜ਼ ਦੀ ਵੀ। ਬੇਲੋੜੇ ਹਾਂ ਅਸੀਂ ਤੇ ਤੂੰ ਤਾਂ ਸਾਡੇ ਗੁਲਾਮਾਂ ਦੇ, ਗੁਲਾਮਾਂ ਦਾ, ਗੁਲਾਮ ਹੈਂ ਕਿਵੇਂ ਮੈਂ ਤੇਰੇ ਆਉਣ ਤੇ ਖੜ੍ਹਾ ਹੋ ਜਾਂਦਾ? ਗੱਲ ਸਮਝ 'ਚ ਆ ਗਈ ਕਿ ਮੈਂ ਤਾਂ ਬਹੁਤ ਛੋਟਾ ਹਾਂ, ਇਹ ਤਾਂ ਬੇਪਰਵਾਹ ਮਹਾਤਮਾ ਨੇ-

***ਓਇ ਵੇਪਰਵਾਹ ਨ ਬੋਲਨੀ***
***ਹਉ ਮਲਿ ਮਲਿ ਧੋਵਾ ਤਿਨ ਪਾਇ ॥***

***ਅੰਗ - ੪੧***

ਅਖੀਰ ਕਹਿਣ ਲੱਗਿਆ ਮਹਾਰਾਜ ਮੈਂ ਭੇਟਾ ਦੇਣੀ ਚਾਹੁੰਦਾ ਹਾਂ, ਕਹਿੰਦੇ ਸਾਨੂੰ ਲੋੜ ਨਹੀਂ। ਕਹਿੰਦਾ, ਨਹੀਂ ਮਹਾਰਾਜ! ਮੈਂ ਸੜਕ ਬਣਾ ਦਿੰਦਾ ਹਾਂ ਇਥੇ ਤੱਕ। ਸੰਗਤਾਂ ਆਉਣਗੀਆਂ? ਕਹਿੰਦੇ ਮੱਖੀਆਂ ਸਾਨੂੰ ਨਹੀਂ ਚਾਹੀਦੀਆਂ। ਅਸੀਂ ਬੜੇ ਅਨੰਦ 'ਚ ਰਹਿੰਦੇ ਹਾਂ। ਕੋਈ ਜਗਿਆਸੂ ਜਿਹੜਾ ਹੁੰਦਾ ਹੈ ਦ੍ਰਿੜ੍ਹਤਾ ਵਾਲਾ ਆ ਜਾਂਦਾ ਹੈ, ਸਾਨੂੰ ਨਹੀਂ ਲੋੜ। ਕਹਿੰਦਾ, ਮਹਾਰਾਜ! ਮੈਂ ਛੇਤਰ ਖੋਲ੍ਹ ਦਿੰਦਾ ਹਾਂ, ਲੰਗਰ ਖੋਲ੍ਹ ਦਿੰਦਾ ਹਾਂ ਸਰਕਾਰੀ ਖਰਚ ਤੇ ਲੰਗਰ ਚੱਲਣਗੇ? ਕਹਿੰਦੇ, ਨਾ। ਕਹਿੰਦਾ, ਪਾਰਕ ਬਣਵਾ ਦਿੰਦਾ ਹਾਂ, ਫੁਹਾਰੇ ਚੱਲਣਗੇ, ਤੁਹਾਡੀ ਯਾਦ ਬਣਵਾ ਦਿੰਦਾ ਹਾਂ, ਬਹੁਤ ਸੋਹਣਾ ਮੰਦਰ ਉਸਾਰ ਦਿੰਦਾ ਹਾਂ? ਕਹਿੰਦੇ ਲੋੜ ਨਹੀਂ। ਕਹਿੰਦਾ, ਮੈਂ ਤਾਂ ਦਿਤੇ ਬਿਨਾਂ ਨਹੀਂ ਹਿੱਲਣਾ ਤੇ ਮੇਰੀ ਕੋਈ ਭੇਟਾ ਮਨਜ਼ੂਰ ਤਾਂ ਕਰੋ। ਪੋਹ ਦਾ ਮਹੀਨਾ ਸੀ, ਸੂਰਜ ਦੇ ਸਾਮ੍ਹਣੇ ਖੜ੍ਹਾ ਸੀ, ਪਰਛਾਵਾਂ ਮਹਾਂਪੁਰਸ਼ਾਂ ਤੇ ਪੈਂਦਾ ਸੀ। ਕਹਿੰਦੇ, ਜੇ ਦੇਣਾ ਹੈ ਨਾ ਤਾਂ ਪਾਸੇ ਹਟ ਜਾ, ਸਾਨੂੰ ਸੂਰਜ ਦੀ ਧੁੱਪ ਲੱਗ ਜਾਏ। ਸੋ ਮਹਾਰਾਜ ਕਹਿੰਦੇ ਏਸ ਤਰ੍ਹਾਂ ਮਹਾਤਮਾ ਬੇਪਰਵਾਹ ਹੁੰਦੇ ਨੇ

***ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ ॥***
***ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ ॥***

***ਅੰਗ - ੪੭੩***

ਬਾਬਾ ਜੱਸਾ ਸਿੰਘ ਜੀ ਪਟਿਆਲੇ ਵਾਲੇ, ਮਾਈ ਸੀ,

ਜੱਸ ਕੌਰ। ਲੇਕਿਨ ਉਹ ਆਪਣਾ ਨਾਉਂ ਜੱਸਾ ਸਿੰਘ ਕਹਾਉਂਦੇ ਸੀ। ਮਹਾਰਾਜ ਨਾਭਾ ਪ੍ਰਦਮਨ ਸਿੰਘ, ਸਾਧੂ ਸੰਤਾਂ ਦਾ ਅੰਤਵਾਰਾ ਲੈਂਦਾ ਰਹਿੰਦਾ ਸੀ, ਸੀਗਾ ਪਰ ਬੜਾ ਚੰਗਾ, ਪਰ ਅਰਥ ਪੁੱਛਦਾ ਰਹਿੰਦਾ ਸੀ। ਕੋਈ ਨਾ ਕੋਈ ਮਹਾਂਪੁਰਸ਼ਾਂ ਤੇ ਸਵਾਲ ਪਾਈ ਜਾਣਾ ਤੇ ਫੇਰ ਦੇਖਣਾ ਕਿ ਇਹ ਕੱਚਾ ਹੈ ਕਿ ਪੱਕਾ ਹੈ। ਇਹ ਬਾਬਾ ਜੀ ਵੱਲ ਨੂੰ ਆਇਆ। ਬਾਬਾ ਜੀ ਕਹਿਣ ਲੱਗੇ ਕਿ ਅੱਜ ਇਕ ਰਾਜੇ ਨੇ ਆਉਣਾ ਹੈ, ਸਾਡੇ ਬਾਰੇ ਨਾ ਦੱਸਿਓ, ਜਿਸ ਵਕਤ ਨੇੜੇ ਆ ਗਿਆ, ਉਠ ਕੇ ਮੱਕੀ 'ਚ ਚਲੇ ਗਏ, ਭਾਦੋਂ ਦਾ ਮਹੀਨਾ ਸੀ। ਉਹ ਵਾਪਸ ਮੁੜ ਗਿਆ। ਇਸੇ ਤਰ੍ਹਾਂ ਨੌਂ ਵਾਰੀ ਮੋੜਿਆ। ਦੱਸਵੀਂ ਵਾਰੀ ਸਮਝ ਆ ਗਈ। ਵਜ਼ੀਰ ਕਹਿਣ ਲੱਗਿਆ, ਮਹਾਰਾਜ! ਮਹਾਂਪੁਰਸ਼ ਸਮਰੱਥ ਨੇ, ਤੁਹਾਡੇ ਅੰਦਰਲੀ ਭਾਵਨਾ ਜਾਣਦੇ ਨੇ ਤੇ ਤੁਸੀਂ ਅਰਦਾਸ ਕਰਕੇ ਚੱਲੋ। ਅਰਦਾਸ ਕਰਕੇ ਚੱਲਿਆ। ਬਾਬਾ ਜੱਸਾ ਸਿੰਘ ਸੇਵਾਦਾਰ ਨੂੰ ਕਹਿੰਦੇ ਕਿ ਐਉਂ ਕਰ ਕਿ ਅੱਠ ਤਗਾਰੀਆਂ ਭਰ ਕੇ ਗਾਰੇ ਦੀਆਂ ਮੇਰੇ ਕੋਲ ਰੱਖ ਦੇ। ਉਹ ਅੱਠ ਫੁੱਟ ਉਚੇ ਮਨ੍ਹੇ 'ਤੇ ਬੈਠਦੇ ਹੁੰਦੇ ਸੀ, ਉਥੇ ਹੀ ਦਰਸ਼ਨ ਦੇਣੇ, ਉਥੇ ਹੀ ਬਚਨ ਕਰਨੇ। ਜਿਸ ਵਕਤ ਮਹਾਰਾਜ ਨਾਭਾ ਆਇਆ ਪ੍ਰਦਮਨ ਸਿੰਘ ਇਸ ਨੇ ਆ ਕੇ ਬਾਬਾ ਜੀ ਦੇ ਕੋਲ ਆ ਕੇ ਨਮਸਕਾਰ ਕਰੀ। ਬਾਬਾ ਜੀ ਨੇ ਇਕ ਤੱਸਲਾ ਗਾਰੇ ਦਾ ਚੁੱਕਿਆ, ਇਸ ਦੇ ਸਿਰ ਉਤੇ ਸੁੱਟ ਦਿਤਾ। ਅਹਿਲਕਾਰ ਘਬਰਾ ਗਏ, ਜਿਹੜੇ ਵਸਤਰ ਪਹਿਨੇ ਸੀ ਸਾਰੇ ਗਾਰੇ ਨਾਲ ਲੱਥਪੱਥ ਹੋ ਗਏ। ਦੂਜਾ ਸੁਟਿਆ, ਤੀਜਾ ਇਸੇ ਤਰ੍ਹਾਂ ਅੱਠ ਸੁੱਟੇ। ਕਹਿੰਦੇ, ਹਟ ਜਾ ਹੁਣ ਪਰ੍ਹੇ, ਤੈਨੂੰ ਠੰਢ ਹੀ ਨਹੀਂ ਪਈ ਅਜੇ। ਕਿਉਂਕਿ ਮਹਾਤਮਾ ਬੇਪਰਵਾਹ ਹੁੰਦੇ ਨੇ।

ਮਹਾਰਾਜਾ ਪਟਿਆਲੇ ਨੇ ਲੰਡਨ ਤੋਂ ਗਲੀਚੇ ਲਿਆਂਦੇ, ਚਾਦਰਾਂ ਲਿਆਦੀਆਂ ਰੇਸ਼ਮੀ ਕਿ ਬਾਬਾ ਜੀ ਨੂੰ ਦੇਵਾਂਗੇ। ਬਾਬਾ ਜੀ ਨੂੰ ਲਿਆ ਕੇ ਭੇਟਾ ਕਰ ਦਿਤੀਆਂ ਤੇ ਨਾਲ ਇਹ ਕਹਿ ਦਿਤਾ ਕਿ ਬਾਬਾ ਜੀ! ਇਹ ਰਾਜਿਆਂ ਤੋਂ ਬਗੈਰ ਨਹੀਂ ਕੋਈ ਲਿਆ ਸਕਦਾ। ਮਾੜੇ-ਧੀੜੇ ਬੰਦਿਆਂ ਦਾ ਕੰਮ ਨਹੀਂ। ਬਹੁਤ ਮਹਿੰਗੀਆਂ ਲੈ ਕੇ ਆਇਆ ਹਾਂ, ਲੰਡਨ ਦੇ ਸਟੋਰਾਂ 'ਚੋਂ। ਕਹਿੰਦੇ ਕੋਈ ਨਾ ਭਾਈ, ਪਏ ਰਹਿਨ ਦੇ ਇਥੇ। ਰਾਤ ਪੈ ਗਈ, ਸਿੰਘਾਂ ਨੇ ਕਿਹਾ ਬਾਬਾ ਜੀ! ਅੰਦਰ ਕਰ ਲਈਏ। ਕਹਿੰਦੇ ਨਾ ਬਾਹਰ ਹੀ ਰਹਿਣ ਦਿਓ। ਪੰਜ ਸੌ ਕੁੱਤਾ, ਡੇਰਾ ਬਾਬਾ ਜੱਸਾ ਸਿੰਘ ਦੇ ਰਹਿੰਦਾ ਹੁੰਦਾ ਸੀ। ਉਹ ਜਿਉਂ ਕੁੱਤਿਆਂ ਨੇ ਰਾਤ ਨੂੰ ਪਾੜਣਾ ਸ਼ੁਰੂ ਕਰਿਆ, ਸਾਰੀ ਰਾਤ ਹੀ ਪਾੜੀ ਗਏ, ਲੀਰ-ਲੀਰ ਕਰ ਦਿਤੀ। ਹਵਾ ਚਲਦੀ ਸੀ ਤੇਜ਼ ਤੇ ਪਟਿਆਲੇ ਵਲ ਨੂੰ ਲੀਰਾਂ ਉਡ ਕੇ ਆ ਗਈਆਂ। ਸਵੇਰੇ ਹੀ ਮਹਾਰਾਜਾ ਪਟਿਆਲਾ ਗਿਆ ਕਿ ਮੈਂ ਜਾ ਕੇ ਦੇਖਦਾ ਹਾਂ ਕਿ ਕਿੰਨੇ ਕੁ ਸੋਹਣੇ ਲਗਦੇ ਨੇ, ਕਿਥੇ ਵਿਛਾਏ ਨੇ ਬਾਬਾ ਜੀ ਨੇ। ਜਦੋਂ ਉਥੇ ਗਿਆ, ਘੋੜੇ ਤੇ ਜਾਂਦਾ ਹੈ ਤਾਂ ਰਸਤੇ 'ਚ ਕੀ ਦੇਖਦਾ ਹੈ, ਲੀਰਾਂ ਉਡਦੀਆਂ ਫਿਰਦੀਆਂ ਨੇ, ਕਹਿੰਦੇ ਆਹ ਤਾਂ ਓਹੀ ਨੇ ਜਿਹੜੇ ਆਪਾਂ ਕੱਲ੍ਹ ਲਿਆਂਦੇ ਸੀ। ਕਹਿੰਦੇ ਹਾਂ ਜੀ। ਕਹਿੰਦੇ ਆਹ ਸਾਧ ਨੂੰ ਪਤਾ ਹੀ ਨਹੀਂ ਹੈ ਕਿ ਕਿੰਨੇ ਮੈਂ ਪੈਸੇ ਲਾਏ ਨੇ। ਤਰਕ ਕਰੀ ਮਹਾਤਮਾ 'ਤੇ, ਜਿਸ ਵਕਤ ਨੇੜੇ ਗਿਆ, ਸੰਤ ਕਹਿੰਦੇ ਆ ਜਾ, ਆ ਜਾ ਬਹੁਤ ਸੋਹਣੇ ਲਿਆਂਦੇ ਨੇ, ਕਮਾਲ ਕਰ ਦਿਤੀ ਤੂੰ ਤਾਂ, ਕਹਿੰਦੇ ਸਾਡੇ ਕੂਕਰਾਂ ਦਾ ਸਾਰਾ ਹੀ ਜ਼ੋਰ ਲੱਗ ਗਿਆ, ਹੁਣ ਤੂੰ ਪੰਜ ਸੌ ਰੁਪਈਏ ਦਾ ਘਿਉ ਲਿਆ ਕੇ ਇਨ੍ਹਾਂ ਨੂੰ ਪ੍ਰਸ਼ਾਦ ਛਕਾ। ਸੋ ਮਹਾਤਮਾ ਏਸ ਤਰ੍ਹਾਂ ਬੇਪਰਵਾਹ ਹੁੰਦੇ ਨੇ।

***ਜੋ ਜਨੁ ਨਿਰਦਾਵੈ ਰਹੈ ਸੋ ਗਨੈ ਇੰਦ੍ਰ ਸੋ ਰੰਕ ॥***

***ਅੰਗ - ੧੩੭੩***

ਸੰਤ ਐਵੇਂ ਨਹੀਂ ਹੁੰਦਾ, ਸੰਤਾਂ ਤਾਂ ਬੇਪਰਵਾਹ ਹੁੰਦੇ ਨੇ। ਉਹ ਪਰਵਾਹ ਨਹੀਂ ਕਿਸੇ ਦੀ ਰੱਖਦੇ ਕਿਉਂਕਿ ਵਾਹਿਗੁਰੂ ਦੇ ਪਿਆਰ ਵਿਚ ਮਸਤ ਹੋਏ ਹੁੰਦੇ ਨੇ।

***ਜਾ ਕਾ ਕਹਿਆ ਦਰਗਹ ਚਲੈ ॥***
***ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥***

***ਅੰਗ - ੧੮੬***

ਜਿਹਦਾ ਕਿਹਾ ਹੋਇਆ ਦਰਗਾਹ ਮੰਨ ਲੈਂਦੀ ਹੈ, ਉਹ ਨਦਰਿ 'ਚ ਲਿਆਉਂਦਾ ਹੈ ਕਿਸੇ ਨੂੰ? ਉਹਦੀ ਤਾਂ ਮੌਜ ਹੈ ਆਪਣੀ, ਏਸ ਤਰ੍ਹਾਂ ਪ੍ਰਮੇਸ਼ਰ ਦੇ ਪਿਆਰਿਆਂ ਨੂੰ ਕੋਈ ਕਹਿ ਨਹੀਂ ਸਕਦਾ ਕਿ ਐਉਂ ਰਹਿਣ ਜਾਂ ਐਉਂ ਰਹਿਣ। ਉਨ੍ਹਾਂ ਨੂੰ ਲੋੜ ਨਹੀਂ ਹੁੰਦੀ, ਜਿਹਨੂੰ ਲੋੜ ਹੈ ਉਹਨੂੰ ਅੰਦਰਲਾ ਗਿਆਨ ਨਹੀਂ ਹੈ। ਉਹ ਅੰਦਰੋਂ ਮੁਹਥਾਜ ਹੈ, ਵਾਹਿਗੁਰੂ ਦੀ ਮੁਹਥਾਜੀ ਨਹੀਂ ਝੱਲਦਾ, ਦੁਨੀਆਂ ਦਾ ਮੁਹਥਾਜ ਹੋਇਆ ਹੋਇਆ ਹੈ ਕਿ ਕੋਈ ਨਰਾਜ਼ ਨਾ ਹੋ ਜਾਏ, ਕੋਈ ਕੁਛ ਹੋਰ ਨਾ ਕਹਿ ਦੇ। ਸੋ ਐਸੀ ਅਵਸਥਾ ਜੋ ਹੈ -

***ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ ॥***
***ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ ॥***

***ਅੰਗ - ੪੭੩***

ਗੁਰੂ ਨਾਨਕ ਪਾਤਸ਼ਾਹ ਏਸ ਬਿਰਤੀ 'ਚ ਰਹਿੰਦੇ ਨੇ, ਮੌਜ ਕਰਦੀ ਹੈ ਜੰਗਲ ਨੂੰ ਚਲੇ ਜਾਂਦੇ ਨੇ, ਖਾਂਦੇ ਨਹੀਂ, ਪੀਂਦੇ ਨਹੀਂ, ਬੇਬੇ ਨਾਨਕੀ ਦੇਖਦੀ ਹੈ ਕਿ ਵੀਰ ਭੁੱਖਾ ਹੈ, ਕੁਛ ਨਹੀਂ ਛਕਿਆ, ਆਪ ਵੀ ਅੰਨ ਪਾਣੀ ਛੱਡ ਦਿੰਦੀ ਹੈ, ਵੀਰ ਜੀ! ਜੇ ਤੁਸੀਂ ਕੁਛ ਮੁਖ ਪਾਓਂਗੇ ਤਾਂ ਮੈਂ ਖਾਉਂ। ਇਕ ਅੱਧਾ ਪ੍ਰਸ਼ਾਦਾ ਉਹਨੇ ਛਕ ਲੈਣਾ, ਬਾਕੀ ਉਵੇਂ ਪਿਆ ਰਹਿਣਾ। ਆਪ ਨੇ ਨਾ ਮਾਂ ਨਾਲ ਬੋਲਣਾ, ਨਾ ਪਿਤਾ ਨਾਲ, ਨਾ ਕਿਸੇ ਹੋਰ ਨਾਲ ਚੁੱਪ ਕਰਕੇ ਦੁਪੱਟੀ ਉਪਰ ਲੈ ਲੈਣੀ (ਹਲਕੀ ਜਿਹੀ ਚਾਦਰ) ਢੱਕ ਕੇ ਮੂੰਹ ਪਏ ਰਹਿਣਾ। ਅਖੀਰ ਸ਼ਰੀਕੇ 'ਚ ਗੱਲਾਂ ਚੱਲਣ ਲੱਗ ਗਈਆਂ ਕਿ ਦੇਖੋ ਇਕੋ ਇਕ ਪੁੱਤਰ ਹੈ ਤੇ ਇਹਦਾ ਇਲਾਜ ਨਹੀਂ ਕਰਾਉਂਦੇ। ਮਹਿਤਾ ਜੀ ਨੂੰ ਕਹਿਣ ਲੱਗੇ ਕਿ ਤੁਸੀਂ ਕੋਈ ਇਲਾਜ ਤਾਂ ਕਰਾਓ ਉਹਦਾ। ਉਹਨੂੰ ਤਾਂ ਕੋਈ ਛਾਇਆ ਚਿੰਬੜੀ ਹੋਈ ਹੈ, ਆਹ ਜੰਗਲਾਂ

'ਚ ਤਰਿਆ ਫਿਰਦਾ ਹੈ ਇਥੇ ਕੋਈ ਇਲ-ਬਲਾ ਚਿੰਬੜ ਗਈ। ਕਹਿੰਦਾ ਮੈਂ ਤਾਂ ਚੋਰੀ-ਚੋਰੀ ਮੁੱਲਾਂ ਤੋਂ ਕਰਾ ਚੁੱਕਿਆ ਹਾਂ, ਕੁਛ ਨਹੀਂ ਹੋ ਰਿਹਾ। ਤਿੰਨ ਮਹੀਨੇ ਲੰਘ ਗਏ, ਹਰਿਦਿਆਲ ਵੈਦ ਨੂੰ ਦਿਖਾ ਲਓ, ਮਸ਼ਹੂਰ ਵੈਦ ਹੈ ਉਹ। ਵੈਦ ਜੀ ਦੇ ਕੋਲ ਮਹਿਤਾ ਜੀ ਜਾਂਦੇ ਨੇ। ਵੈਦ ਜੀ ਕਹਿਣ ਲੱਗੇ, ਮਹਿਤਾ ਜੀ ਅਸੀਂ ਸਵੇਰੇ ਆਵਾਂਗੇ, ਨਿਹਾਰ ਮੂੰਹ ਰੱਖਿਓ ਨਾਨਕ ਨੂੰ। ਅਸੀਂ ਨਬਜ਼ ਦੇਖਾਂਗੇ ਤੇ ਅਸੀਂ ਇਲਾਜ ਕਰ ਦੇਵਾਂਗੇ। ਕੋਈ ਔਖੀ ਬਾਤ ਨਹੀਂ, ਕੁਛ ਵੀ ਨਹੀਂ ਉਨ੍ਹਾਂ ਨੂੰ ਤਾਂ ਹੋਇਆ ਹੋਇਆ। ਬਦਹਜ਼ਮੀ ਹੋਣੀ ਹੈ ਤਾਂ ਨਹੀਂ ਰੋਟੀ ਖਾਂਦੇ, ਚਿੱਤ ਨਹੀਂ ਲਗਦਾ ਹੋਣਾ, ਕੋਈ ਗੱਲ ਹੋਰ ਹੋਣੀ ਹੈ। ਮੈਂ ਸਭ ਕੁਛ ਦੇਖ ਲਵਾਂਗਾ। ਦੂਜੇ ਦਿਨ ਵੈਦ ਜੀ ਆਉਂਦੇ ਨੇ, ਮਹਿਤਾ ਜੀ ਅੱਗੇ ਹੋ ਕੇ ਨਮਸਕਾਰ ਕਰਦੇ ਨੇ, ਪ੍ਣਾਮ ਕਰਦੇ ਨੇ ਤੇ ਦੋਵੇਂ ਜਣੇ ਅੰਦਰ ਆ ਕੇ, ਗੁਰੂ ਨਾਨਕ ਸਾਹਿਬ ਜਿੱਥੇ ਪਏ ਸੀ, ਮਹਿਤਾ ਜੀ ਮੂੜ੍ਹਾ ਕਾਨਿਆਂ ਦਾ ਲਿਆ ਕੇ ਡਾਹ ਦਿੰਦੇ ਨੇ। ਕਹਿੰਦੇ ਆਹ ਪਏ ਨੇ, ਬੁਲਾ ਲਓ ਤੁਸੀਂ, ਸਾਡੇ ਨਾਲ ਤਾਂ ਬੋਲਦੇ ਨਹੀਂ। ਵੈਦ ਨੇ ਕਈ ਹਾਕਾਂ ਮਾਰੀਆਂ, ਗੁਰੂ ਮਹਾਰਾਜ ਨੇ ਜਵਾਬ ਹੀ ਨਾ ਦਿਤਾ। ਮਹਿਤਾ ਜੀ ਨੇ ਕਿਹਾ ਕਿ ਜਾਗਦੇ ਨੇ, ਤੁਸੀਂ ਦੇਖ ਲਓ ਨਬਜ਼, ਉਸ ਵੇਲੇ ਵੈਦ ਨੇ ਖੇਸ ਦੇ ਥੱਲੇ ਹੱਥ ਪਾਇਆ ਤੇ ਮਹਾਰਾਜ ਜੀ ਦੀ ਕਲਾਈ ਬਾਹਰ ਕੱਢ ਲਈ। ਨਬਜ਼ ਦੇਖਣ ਲੱਗ ਗਿਆ। ਉਸੇ ਵੇਲੇ ਮਹਾਰਾਜ ਉਠ ਕੇ ਬੈਠ ਗਏ। ਮਹਾਰਾਜ ਵੈਦ ਵਲ ਝਾਕੇ ਨੇਤਰਾਂ ਦਾ ਤੇਜ਼ ਸੀ, ਉਹ ਤਾਬ ਨਾ ਲਿਆ ਸਕਿਆ, ਕੰਬ ਗਿਆ ਵੈਦ। ਉਸ ਵੇਲੇ ਮਹਾਰਾਜ ਨੇ ਫੁਰਮਾਨ ਕੀਤਾ -

***ਧਾਰਨਾ - ਵੈਦਾਂ ਮੇਰੀ ਜੀ ਬਾਂਹ ਛੱਡ ਦੇ,***
***ਤੈਨੂੰ ਰੋਗ ਦਾ ਪਤਾ ਨਾ ਕੋਈ।***
***ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ ॥***
***ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ ॥***
***ਅੰਗ - ੧੨੭੯***

ਵੈਦ ਜੀ, ਕੀ ਦੇਖ ਰਹੇ ਓਂ ਤੁਸੀਂ? ਕਹਿੰਦਾ, ਨਾਨਕ ਜੀ! ਮੈਂ ਦੇਖਦਾ ਹਾਂ ਕਿ ਤੁਹਾਡੇ ਸਵਸਥ ਵਿਚ ਵਿਗਾੜ ਕਿਹੜੀ ਚੀਜ਼ ਨੇ ਪਾ ਦਿਤਾ। ਪਿੱਤ ਜ਼ਿਆਦਾ ਹੋ ਗਈ, ਕਫ ਜ਼ਿਆਦਾ ਹੋ ਗਈ ਕਿ ਵਾਇ ਹੋ ਗਈ? ਤਿੰਨਾਂ ਤੱਤਾਂ ਦਾ ਸੰਤੁਲਨ ਸਰੀਰ ਨੂੰ ਰਾਜ਼ੀ ਰੱਖਦਾ ਹੈ, ਜੇ ਤਿੰਨਾਂ ਤੱਤਾਂ 'ਚੋਂ ਇਕ ਤੱਤ 'ਚ ਵਿਗਾੜ ਪੈ ਜਾਏ, ਸਰੀਰ ਰੋਗੀ ਹੋ ਜਾਇਆ ਕਰਦਾ ਹੈ। ਮਹਾਰਾਜ ਨੇ ਪੁਛਿਆ ਕਿ ਵੈਦ ਜੀ! ਕਿੰਨੀਆਂ ਕੁ ਬਿਮਾਰੀਆਂ ਦਾ ਇਲਾਜ ਜਾਣਦੇ ਓਂ? ਕਹਿੰਦਾ, ਮਹਾਰਾਜ ਮੈਂ ਸਾਰੇ ਸ਼ਾਸਤਰ, ਚਰਕ ਸ਼ਾਸਤਰ, ਅਥਰਵਣ ਵੇਦ, ਜਿੰਨੀਆਂ ਮੈਡੀਕਲ ਦੀਆਂ ਪੁਸਤਕਾਂ ਨੇ, ਸਾਰੀਆਂ ਪੜ੍ਹ ਕੇ ਪੂਰਾ ਅਧਿਐਨ ਕੀਤਾ ਹੋਇਆ ਹੈ, ਮੈਂ ਸਾਰੇ ਹੀ ਰੋਗਾਂ ਦਾ ਇਲਾਜ ਜਾਣਦਾ ਹਾਂ। ਕਹਿੰਦੇ, ਕਿੰਨੇ ਹੁੰਦੇ ਨੇ? ਕਹਿੰਦਾ ਮਹਾਰਾਜ ਜੀ! 99 ਵੱਡੇ-ਵੱਡੇ ਰੋਗ ਹੁੰਦੇ ਨੇ, ਬਾਕੀ ਜੇ ਗਿਣੀਏ ਤਾਂ ਹਜ਼ਾਰਾਂ ਦੀ ਤਾਦਾਦ 'ਚ ਹੁੰਦੇ ਨੇ, ਸਭ ਦਾ ਇਲਾਜ ਜਾਣਦਾ ਹਾਂ। ਕਹਿੰਦੇ ਫੇਰ ਜਿਹੜੇ ਇਲਾਜ ਤੁਸੀਂ ਜਾਣਦੇ ਹੋ ਨਾ ਉਨ੍ਹਾਂ ਵਿਚੋਂ ਮੈਨੂੰ ਕੋਈ ਬਿਮਾਰੀ ਨਹੀਂ ਹੈ। ਤੁਹਾਨੂੰ ਨਹੀਂ ਏਸ ਗੱਲ ਦਾ ਪਤਾ -

***ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ ॥***
***ਅੰਗ - ੧੨੭੯***

ਮੈਂ ਤਾਂ ਪ੍ਰਮੇਸ਼ਰ ਦੇ ਪਿਆਰ ਦੇ ਵਿਚ ਹਾਂ। ਇਹਦਾ ਤੇਰੇ ਕੋਲ ਇਲਾਜ ਕੋਈ ਨਹੀਂ ਹੈ। ਇਹਦਾ ਇਲਾਜ ਹੈ ਮਿਲਾਪ, ਉਹ ਤੇਰੇ ਕੋਲ ਹੈ ਨਹੀਂ। ਇਸ ਕਰਕੇ ਇਹ ਛੱਡ ਦੇ, ਕਾਹਨੂੰ ਖੱਪਦਾ ਹੈਂ।

***ਵੈਦ ਨ ਭੋਲੇ ਦਾਰੂ ਲਾਇ ॥***
***ਦਰਦੁ ਹੋਵੈ ਦੁਖੁ ਰਹੈ ਸਰੀਰ ॥***
***ਐਸਾ ਦਾਰੂ ਲਗੈ ਨ ਬੀਰ ॥ ਅੰਗ - ੧੨੫੬***

ਮਹਾਰਾਜ ਕਹਿੰਦੇ, ਵੈਦ ਜੀ! ਰੋਗ ਜਿਹੜੇ ਨੇ ਤੁਹਾਨੂੰ ਪਤਾ ਹੈ ਕਿੱਥੋਂ ਪੈਦਾ ਹੁੰਦੇ ਨੇ? ਹੈਰਾਨ ਹੋ ਗਿਆ ਵੈਦ ਤੇ ਅੱਜ ਤੋਂ ਪਹਿਲਾਂ ਸੁਣ ਚੁੱਕਿਆ ਸੀ ਕਿ ਇਹ ਤਾਂ ਪਾਧੇ ਨੂੰ ਪੜ੍ਹਾ ਕੇ ਆਏ ਨੇ। ਮਾਸਟਰ ਨੂੰ ਸੱਚੀ ਪੜ੍ਹਾਈ ਦੱਸ ਚੁੱਕੇ ਨੇ ਤੇ ਫੱਟੀ ਲਿਖ ਚੁੱਕੇ ਨੇ। ਨਮਸਕਾਰ ਕਰੀ ਅੰਦਰ ਹੀ ਅੰਦਰ ਕਿ ਅੱਜ ਮੇਰੀ ਵਾਰੀ ਆ ਗਈ, ਅੱਜ ਮੈਨੂੰ ਸਮਝਾਉਣਗੇ। ਸ਼ਰਧਾ 'ਚ ਆ ਗਿਆ, ਭਾਵਨਾ 'ਚ ਆ ਗਿਆ। ਕਹਿੰਦਾ, ਹੇ ਨਾਨਕ ਜੀ! ਅਸੀਂ ਤਾਂ ਦਵਾਈ ਦਿੰਦੇ ਹਾਂ, ਰੋਗ ਲਗਦਾ ਹੈ ਕੋਈ, ਉਪਚਾਰ ਗਲਤ ਹੋ ਜਾਂਦਾ ਹੈ, ਮਹਾਰਾਜ ਕਹਿੰਦੇ ਨਹੀਂ ਪਿਆਰਿਆ ਰੋਗ ਮਨ ਤੋਂ ਸ਼ੁਰੂ ਹੁੰਦਾ ਹੈ। ਸਰੀਰ ਨਹੀਂ ਰੋਗੀ ਹੁੰਦਾ, ਪਹਿਲਾਂ ਮਨ ਰੋਗੀ ਹੁੰਦਾ ਹੈ।

***ਖਸਮੁ ਵਿਸਾਰਿ ਕੀਏ ਰਸ ਭੋਗ ॥***
***ਤਾਂ ਤਨਿ ਉਠਿ ਖਲੋਏ ਰੋਗ ॥ ਅੰਗ - ੧੨੫੬***

ਵਾਹਿਗੁਰੂ ਨੂੰ ਭੁੱਲ ਕੇ ਆਦਮੀ ਜਦੋਂ ਰਸਾਂ-ਕਸਾਂ 'ਚ ਪੈਂਦਾ ਹੈ, ਸ਼ਰਾਬਾਂ ਕਬਾਬਾਂ ਗਲਤ ਖਾਣਿਆਂ 'ਚ। ਬੇਮਰਿਆਦਾ ਹੋ ਜਾਂਦਾ ਹੈ, ਭੋਗਾਂ ਵਿਚ ਲਗ ਜਾਂਦਾ ਹੈ ਓਸ ਵੇਲੇ ਸਰੀਰ ਰੋਗੀ ਹੋਣਾ ਹੀ ਹੈ। ਜੇ ਸਿਹਤ ਦਾ ਆਪਣਾ ਹਿਸਾਬ ਰੱਖ ਕੇ ਚੱਲੋ, ਸਰੀਰ ਕਦੇ ਵੀ ਰੋਗੀ ਨਹੀਂ ਹੁੰਦਾ। ਜੰਗਲ ਦੇ ਜਾਨਵਰ ਦੇਖੇ ਨੇ ਕਦੇ ਬਿਮਾਰ ਹੋਏ ਹੋਏ? ਹੁੰਦੇ ਹੀ ਨਹੀਂ। ਸਾਡੇ ਪਸ਼ੂ ਰੋਜ਼ ਹੀ ਬਿਮਾਰ ਰਹਿੰਦੇ ਨੇ। ਇਹ ਤਾਂ ਇਹ ਗੱਲ ਕਰਦਾ ਹੈ -

***ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥***
***ਅੰਗ - ੧੩੫***

***ਮਨ ਅੰਧੇ ਕਉ ਮਿਲੈ ਸਜਾਇ ॥***
***ਵੈਦ ਨ ਭੋਲੇ ਦਾਰੂ ਲਾਇ ॥ ਅੰਗ - ੧੨੫੬***

ਕਹਿੰਦੇ, ਵੈਦ ਜੀ! ਰੋਗ ਮਨ ਤੋਂ ਚਲਦਾ ਹੈ, ਆਪਾਂ ਸਾਰੇ ਹੀ ਜਾਣਦੇ ਹਾਂ ਜੇ ਗੁੱਸਾ ਆ ਜਾਏ, ਉਹਨੂੰ ਕਹੋ

ਪ੍ਰਸ਼ਾਦਾ ਛਕ ਲੈ, ਕਹਿੰਦਾ ਮੇਰਾ ਤਾਂ ਪਹਿਲਾ ਹੀ ਹਜ਼ਮ ਨਹੀਂ ਹੋਇਆ। ਫਿਕਰ ਹੋ ਜਾਏ ਕਿਸੇ ਬੰਦੇ ਨੂੰ, ਬਗੈਰ ਬਿਮਾਰੀ ਤੋਂ ਖਤਮ ਹੋ ਜਾਂਦਾ ਹੈ। ਉਹਦਾ ਸਰੀਰ ਨਹੀਂ ਰਹਿੰਦਾ ਫਿਕਰ ਨਾਲ। ਹਾਲਾਂਕਿ ਕੋਈ ਬੁਰੀ ਚੀਜ਼ ਨਹੀਂ ਅੰਦਰ ਗਈ, ਕੋਈ ਬਿਮਾਰੀ ਨਹੀਂ, ਕੋਈ ਤਾਪ ਨਹੀਂ ਚੜ੍ਹਿਆ, ਕੁਛ ਨਹੀਂ ਹੋਇਆ।

ਆਹ ਜਦ 1947 ਦਾ ਜ਼ਮਾਨਾ ਸੀ ਸਾਰਿਆਂ ਨੇ ਦੇਖਿਆ ਹੈ, ਜਿਹੜੇ ਵੱਡੇ ਨੇ। ਆਹ ਜਿਹੜਾ ਸਾਡਾ ਆਪਣਾ ਖੂਹ ਸੀਗਾ, ਇਥੇ ਗੰਨਾ ਹੁੰਦਾ, ਇਹ ਰਲਾ ਜਿਹੜਾ ਆਪਣਾ ਸੀ, ਕਸ਼ਮੀਰੀ ਉਹਦੇ ਲੜਕੇ ਉਥੇ ਛੁਪੇ ਹੋਏ ਸੀ। ਬੇਬੇ ਜੀ ਸਾਡੀ ਜਾਂਦੀ ਸੀ, ਜਾ ਕੇ ਦੁੱਧ ਦੇ ਆਉਣਾ, ਪ੍ਰਸ਼ਾਦੇ ਦੇਣ ਰਾਤ ਨੂੰ ਜਾਣਾ, ਮੈਨੂੰ ਨਾਲ ਲੈ ਗਈ, ਉਹ ਬਾਹਰ ਜਦ ਨਿਕਲ ਕੇ ਆਏ ਮੈਂ ਹੈਰਾਨ ਰਹਿ ਗਿਆ ਕਿ ਸ਼ੇਰਾਂ ਵਰਗੇ ਸੀ ਇਨ੍ਹਾਂ ਨੂੰ ਹੋ ਕੀ ਗਿਆ? ਸੁੱਕ ਕੇ ਪਿੰਜਰ ਬਣੇ ਪਏ ਨੇ, ਦੋ ਤਿੰਨ ਦਿਨਾਂ 'ਚ ਹੀ। ਜਿਹਦੇ ਅੰਦਰ ਚਿੰਤਾ ਆ ਜਾਵੇ, ਫਿਕਰ ਆ ਜਾਏ। ਚਿੰਤਾ ਚਿਖਾ ਬਰਾਬਰ ਹੈ। ਇਹ ਮਨ ਤੋਂ ਰੋਗੀ ਹੁੰਦਾ ਹੈ, ਪਹਿਲਾਂ ਮਨ ਰੋਗੀ ਹੋਏਗਾ, ਫੇਰ ਸਰੀਰ ਰੋਗੀ ਹੋਏਗਾ। ਉਸ ਵੇਲੇ ਕਹਿਣ ਲੱਗਿਆ ਕਿ ਸੱਚੇ ਪਾਤਸ਼ਾਹ! ਮੈਨੂੰ ਮਨ ਦੀ ਗੱਲ ਦਾ ਨਹੀਂ ਪਤਾ। ਹੁਣ ਤਾਂ ਸਾਇਕੋਲੋਜੀ ਵਾਲੇ ਦੱਸ ਦਿੰਦੇ ਨੇ ਕਿ ਇਹਨੂੰ ਆਹ ਫਿਕਰ ਹੋਇਆ ਸੀ, ਉਹਦਾ effect ਹੋਇਆ, ਬਲੱਡ ਪਰੈਸ਼ਰ ਤਾਂ ਹੋਇਆ। ਦਿਲ ਦੇ ਰੋਗ ਦਾ ਕਾਰਣ ਇਹ ਹੈ ਕਿ tension ਇਹਦੇ ਮਨ ਵਿਚ ਬਹੁਤੀ ਰਹੀ ਹੈ। ਬਿਮਾਰੀ ਮਨ ਤੋਂ ਆਉਂਦੀ ਹੈ, ਸਰੀਰ ਤਾਂ ਰੋਗੀ ਨਹੀਂ ਹੁੰਦਾ, ਸਰੀਰ ਤਾਂ ਬੇਮਰਿਆਦਾ ਖਾਣ ਪੀਣ ਨਾਲ ਹੋ ਜਾਂਦਾ ਹੈ। ਸੋ ਉਸ ਵੇਲੇ ਕਹਿਣ ਲੱਗਿਆ, ਸੱਚੇ ਪਾਤਸ਼ਾਹ ਮੈਨੂੰ ਇਨ੍ਹਾਂ ਗੱਲਾਂ ਦਾ ਨਹੀਂ ਕੋਈ ਧਿਆਨ, ਮਹਾਰਾਜ ਕਹਿਣ ਲੱਗੇ, ਵੈਦ ਜੀ! ਸਰੀਰ ਦੇ ਰੋਗ ਐਨੇ ਭਿਆਨਕ ਨਹੀਂ ਹੁੰਦੇ। ਵੱਧਦੇ-ਵੱਧਦੇ ਹੋ ਸਕਦਾ ਹੈ, ਬੰਦਾ ਰੋਗੀ ਹੋ ਕੇ ਮਰ ਸਕਦਾ ਹੈ। ਲੇਕਿਨ ਇਸ ਤੋਂ ਭਿਆਨਕ ਜਿਹੜੇ ਰੋਗ ਨੇ ਉਹ ਮਨ ਦੇ ਰੋਗ ਨੇ। ਹੱਥ ਬੰਨ੍ਹ ਲਏ ਕਹਿੰਦੇ ਸੱਚੇ ਪਾਤਸ਼ਾਹ! ਸਾਰਿਆਂ ਨੂੰ ਲੱਗੇ ਹੋਏ ਨੇ ਕਹਿੰਦਾ ਹਾਂ। ਸਾਰੀ ਦੁਨੀਆਂ ਰੋਗਾਂ ਦੇ ਵਿਚ ਫਸੀ ਹੋਈ ਹੈ, ਮਨ ਦੇ ਰੋਗ ਨੇ ਤੇ ਮਨ ਦੇ ਰੋਗਾਂ ਦਾ ਐਡਾ ਭੈੜਾ ਨਤੀਜਾ ਨਿਕਲਦਾ ਰਿਹਾ ਹੈ ਕਿ ਬੰਦਾ ਜੰਮਦਾ ਹੈ ਮਰ ਜਾਂਦਾ ਹੈ, ਜੰਮਦਾ ਹੈ ਮਰ ਜਾਂਦਾ ਹੈ। ਕੋਈ ਛੁਟਕਾਰਾ ਹੀ ਨਹੀਂ ਹੁੰਦਾ। ਕਹਿੰਦੇ, ਜਿਹੜਾ ਸਭ ਤੋਂ ਭਿਆਨਕ ਰੋਗ ਹੈ, ਹਉਮੈ ਦਾ, ਉਹ ਜਦੋਂ ਮਨੁੱਖ ਦੇ ਹਿੱਸੇ 'ਚ ਆਇਆ, ਜਾਨਵਰਾਂ ਦੇ ਹਿੱਸੇ 'ਚ ਨਹੀਂ ਆਇਆ, ਇਹ ਹਉਮੈ ਦਾ ਰੋਗ ਹੈ -

***ਹਉਮੈ ਰੋਗੁ ਮਾਨੁਖ ਕਉ ਦੀਨਾ ॥***
***ਕਾਮ ਰੋਗਿ ਮੈਗਲੁ ਬਸਿ ਲੀਨਾ ॥ ਅੰਗ - ੧੧੪੦***

ਜਦੋਂ ਹਾਥੀ ਫੜਨਾ ਹੋਵੇ, ਕਾਗਜ਼ਾਂ ਦੀ, ਕਾਲੇ ਪੀਲੇ ਕਾਗਜ਼ਾਂ ਦੀ ਹਥਣੀ ਬਣਾ ਕੇ ਟੋਆ ਪੁੱਟ ਕੇ ਉਤੇ ਘਾਹ ਫੂਸ ਨਾਲ ਢਕ ਕੇ ਖੜ੍ਹਾ ਦਿੰਦੇ ਨੇ, ਹਾਥੀ ਨੂੰ ਕਿਉਂਕਿ ਕਾਮ ਰੋਗ ਹੈ ਦੌੜਿਆ ਹੀ ਆਉਂਦਾ ਹੈ, ਟੋਏ ਦੇ ਵਿਚ ਗਿਰ ਪੈਂਦਾ ਹੈ ਤੇ ਬੰਦੇ ਦੇ ਹੱਥ ਆ ਜਾਂਦਾ ਹੈ। ਬੰਦਾ ਸਾਰੀ ਜ਼ਿੰਦਗੀ ਉਸ ਤੋਂ ਕੰਮ ਲੈਂਦਾ ਹੈ।

***ਦ੍ਰਿਸਟਿ ਰੋਗਿ ਪਚਿ ਮੁਏ ਪਤੰਗਾ ॥***
***ਅੰਗ - ੧੧੪੦***

ਅੱਖਾਂ ਦਾ ਰੋਗ ਪਤੰਗੇ ਨੂੰ ਹੈ, ਦੀਵਾ ਜਾਲ ਦਿਓ, ਲਾਲਟੈਨ ਜਲ ਜਾਏ, ਬਲਬ ਜਲ ਜਾਏ, ਪਤੰਗੇ ਆ-ਆ ਕੇ ਗਰਮ ਨਾਲ ਲਗ-ਲਗ ਕੇ ਮਰੀ ਜਾਂਦੇ ਨੇ। ਸੋ ਇਸ ਤਰ੍ਹਾਂ ਦੇ ਨਾਲ -

***ਨਾਦ ਰੋਗਿ ਖਪਿ ਗਏ ਕੁਰੰਗਾ ॥ ਅੰਗ - ੧੧੪੦***

ਜਿਹੜਾ ਹਰਨ ਹੈ ਇਹਨੂੰ ਕੰਨਾਂ ਦਾ ਰੋਗ ਹੈ, ਸੁਣਨ ਦਾ, ਸ਼ਬਦ ਦਾ। ਪਹਿਲੇ ਜ਼ਮਾਨਿਆਂ 'ਚ ਘੰਡੇਹੇੜੇ ਦਾ ਸ਼ਬਦ ਹੁੰਦਾ, ਉਹ ਸ਼ਿਕਾਰੀ ਵਜਾਈ ਜਾਂਦਾ ਸੀ, ਹਰਨ ਨੇ ਜਿਉਂ-ਜਿਉਂ ਨੇੜੇ ਆਉਣਾ, ਆ ਕੇ ਲਿਟਣਾ ਸ਼ੁਰੂ ਕਰ ਦੇਣਾ, ਸ਼ਿਕਾਰੀ ਨੇ ਜਾ ਕੇ ਗਲ 'ਚ ਰੱਸਾ ਪਾ ਲੈਣਾ। ਕਹਿੰਦੇ, ਉਹ ਵੀ ਏਸ ਰੋਗ ਦਾ ਮਾਰਿਆ ਹੋਇਆ ਹੈ।

***ਜੋ ਜੋ ਦੀਸੈ ਸੋ ਸੋ ਰੋਗੀ ॥***
***ਰੋਗ ਰਹਿਤ ਮੇਰਾ ਸਤਿਗੁਰੁ ਜੋਗੀ॥ ਅੰਗ - ੧੧੪੦***
***ਜਿਹਵਾ ਰੋਗਿ ਮੀਨੁ ਗ੍ਰਸਿਆਨੋ ॥ ਅੰਗ - ੧੧੪੦***

ਜਿਹੜੀ ਮੱਛੀ ਹੈ ਇਹਨੂੰ ਜੀਭ ਦਾ ਰੋਗ ਹੈ, ਕੁੰਡੀ ਦੇ ਨਾਲ ਲਾ ਦਿੰਦੇ ਨੇ ਤੇ ਨਿਗਲ ਜਾਂਦੀ ਹੈ ਤੇ ਨਤੀਜਾ ਕੀ ਹੁੰਦਾ ਹੈ, ਮਛਿਆਰੇ ਦੇ ਹੱਥ ਵਿਚ ਆ ਜਾਂਦੀ ਹੈ ਤੇ ਭੁੰਨ ਕੇ ਖਾ ਜਾਂਦੇ ਨੇ।

***ਬਾਸਨ ਰੋਗਿ ਭਵਰੁ ਬਿਨਸਾਨੋ ॥ ਅੰਗ - ੧੧੪੦***

ਵਾਸ਼ਨਾ ਦਾ ਜਿਹੜਾ ਰੋਗ ਹੈ ਇਹ ਭਉਰੇ ਨੂੰ ਹੈ, ਫੁੱਲ ਤੇ ਬੈਠ ਜਾਂਦਾ ਹੈ, ਰਾਤ ਨੂੰ ਫੁੱਲ ਬੰਦ ਹੋ ਜਾਂਦਾ ਹੈ ਤੇ ਉਹਦੇ 'ਚ ਉਹਦਾ ਨਾਸ਼ ਹੋ ਜਾਂਦਾ ਹੈ।

***ਹੇਤ ਰੋਗ ਕਾ ਸਗਲ ਸੰਸਾਰਾ ॥ ਅੰਗ - ੧੧੪੦***

ਆਹ ਜਿਹੜਾ ਮੋਹ ਲੱਗਿਆ ਹੋਇਆ ਹੈ, ਮੋਹ ਦਾ ਰੋਗ ਸਾਰੇ ਸੰਸਾਰ ਦੇ ਵਿਚ ਹੈ। ਕੋਈ ਨਹੀਂ ਬਚਿਆ ਹੋਇਆ ਮੋਹ ਤੋਂ। ਇਹ ਜਿਹੜੇ ਰਿਸ਼ਤੇਦਾਰ ਨੇ, ਧੀਆਂ ਨੇ, ਪੁੱਤਰ ਨੇ ਇਹ ਸਾਰੇ ਆਪਣੇ ਕਰਮ ਹੋਇਆ ਕਰਦੇ ਨੇ, ਕਿਸੇ ਦੇ ਸ਼ੁਭ ਕਰਮ ਹੁੰਦੇ ਨੇ, ਧੀਆਂ-ਪੁਤਰ ਚੰਗੇ ਹੁੰਦੇ ਨੇ, ਜਿਨ੍ਹਾਂ ਦੇ ਕਰਮ ਮਾੜੇ ਹੁੰਦੇ ਨੇ, ਉਹ ਫੇਰ ਬਦਲੇ ਲੈਣ ਵਾਲੇ ਆ ਜਾਂਦੇ ਨੇ। ਇਹ ਤਾਂ ਸਾਰੇ ਚਾਹੇ ਮਾਤਾ ਹੈ, ਚਾਹੇ ਪਿਤਾ ਹੈ, ਚਾਹੇ ਭਰਾ ਹੈ, ਚਾਹੇ ਬੱਚੇ ਨੇ, ਕਰਮਾਂ ਦੇ ਬੰਨ੍ਹੇ ਹੋਏ ਜੀਵ ਆ ਕੇ ਲੈਣ ਦੇਣ ਦਾ ਸਬੰਧ ਕਰਦੇ ਨੇ। ਇਕ ਦੁੱਖ ਦੇ ਕੇ ਚਲੇ ਜਾਂਦੇ

ਨੇ, ਇਕ ਮਹਿਮਾ ਕਰਾ ਕੇ ਚਲੇ ਜਾਂਦੇ ਨੇ। ਇਕਨਾ ਦੇ ਨਾਲ ਮਾਂ-ਬਾਪ ਦੀ ਇੱਜ਼ਤ ਅਸਮਾਨਾਂ ਤੇ ਪਹੁੰਚਦੀ ਹੈ। ਇਕਨਾਂ ਦੇ ਨਾਲ ਮਾਂ-ਬਾਪ ਦੀ ਇੱਜ਼ਤ ਧਰਤੀ 'ਚ ਰੁਲਦੀ ਫਿਰਦੀ ਹੈ। ਇਹ ਤਾਂ ਕਰਮਾਂ ਦੇ ਬੰਨ੍ਹੇ ਹੋਏ ਜੀਵ ਆਉਂਦੇ ਨੇ, ਜੇ ਹੇਤ ਰੋਗ ਵਿਚ ਫਸ ਜਾਵੇ, ਫੇਰ ਆਪ ਨੂੰ ਸਜ਼ਾ ਮਿਲਦੀ ਹੈ। ਸੋ ਮਹਾਰਾਜ ਕਹਿੰਦੇ ਰੋਗ ਨੇ, ਜਿਹਦੇ ਨਾਲ ਬਾਰ-ਬਾਰ ਆਦਮੀ ਨੂੰ ਜੰਮਣਾ ਪੈਂਦਾ ਹੈ, ਮਰਨਾ ਪੈਂਦਾ ਹੈ। ਸੋ ਕਹਿਣ ਲੱਗੇ, ਵੈਦ ਜੀ! ਸਭ ਤੋਂ ਭਿਆਨਕ ਰੋਗ ਜੋ ਮਨੁੱਖ ਨੂੰ ਲੱਗਿਆ ਹੋਇਆ ਹੈ -

***ਹਉਮੈ ਰੋਗੁ ਮਾਨੁਖ ਕਉ ਦੀਨਾ ॥ ਅੰਗ - ੧੧੪੦***

ਉਹਦਾ ਨਤੀਜਾ ਕੀ ਹੁੰਦਾ ਹੈ? ਆਹ ਭਿਆਨਕ ਨਤੀਜਾ ਹੁੰਦਾ ਹੈ?

***ਧਾਰਨਾ - ਜੰਮਦਾ ਤੇ ਮਰਦਾ ਹੈ***
***ਹਉਮੈ ਦਾ ਬੰਨ੍ਹਿਆ ਹੋਇਆ।***

ਸਾਰਾ ਸੰਸਾਰ ਗਹਿਰੀ ਨੀਂਦ ਵਿਚ ਸੁੱਤਾ ਪਿਆ ਹੈ, ਬਹੁਤ ਜਬਰਦਸਤ ਤੇਰੇ ਉਤੇ ਟੀਕਾ ਲੱਗ ਗਿਆ ਮਾਇਆ ਦਾ। illusion, egnorance ਦਾ, ਭੁੱਲ ਦਾ, ਅਵਿਦਿਆ ਦਾ। ਉਹਦੇ ਨਾਲ ਕੀ ਹੋਇਆ? ਤੈਨੂੰ ਨੀਂਦ ਆ ਗਈ, ਤੂੰ ਕਹਿੰਦਾ ਹੈਂ ਮੈਂ ਜਾਗਦਾ ਹਾਂ, ਮਹਾਰਾਜ ਕਹਿੰਦੇ ਤੂੰ ਤਾਂ ਤੂੰ ਇਹ ਤਾਂ ਸਾਰਾ ਸੰਸਾਰ ਹੀ ਸੁੱਤਾ ਪਿਆ ਹੈ -

***ਧਾਰਨਾ - ਸੌਂ ਗਿਆ ਜਗ ਸਾਰਾ ਜੀ***
***ਮਾਇਆ ਦੀ ਨੀਂਦ ਗਾੜ੍ਹੀ।***

ਜਿਹਨੂੰ ਅਸੀਂ ਕਹਿੰਦੇ ਹਾਂ ਕਿ ਅਸੀਂ ਜਾਗਦੇ ਹਾਂ, ਕਾਰੋਬਾਰ ਕਰਦੇ ਹਾਂ, ਮਹਾਰਾਜ ਕਹਿੰਦੇ ਤੁਸੀਂ ਤਾਂ ਤੁਸੀਂ ਆਹ ਸਾਰਾ ਸੰਸਾਰ, ਜਿੰਨਾ earth planet ਦੇ ਉਤੇ ਨੱਠੇ ਭੱਜੇ, ਹਵਾਈ ਜਹਾਜ਼ਾਂ 'ਚ ਤੁਰੇ ਫਿਰਦੇ ਹਾਂ ਸਭ ਸੁੱਤੇ ਪਏ ਨੇ। ਜਾਗ ਨਹੀਂ ਹੈ ਕਿਸੇ ਨੂੰ ਵੀ, mind ਦੀ ਸਥਿਤੀ ਐਸੀ ਹੈ, ਹਾਲਤ ਐਸੀ ਹੈ ਕਿ ਸਭ ਸੁੱਤੇ ਪਏ ਨੇ।

ਇਕ ਵਾਰੀ ਰਾਜਾ ਜਨਕ ਦਰਬਾਰ ਲੱਗਿਆ ਹੋਇਆ ਹੈ, ਗਰਮੀ ਦਾ ਮਹੀਨਾ ਹੈ, ਖਸ ਦੀਆਂ ਟਟੀਆਂ ਲਾ ਕੇ ਠੰਢਾ ਠਾਰ ਕਰਿਆ ਪਿਆ ਹੈ। ਤਖਤ ਤੇ ਬੈਠਾ ਹੈ ਤੇ ਸਭਾ ਚਲ ਰਹੀ ਹੈ। ਅਚਾਨਕ ਕੀ ਹੋਇਆ, ਮਾੜੀ ਜਿਹੀ ਅੱਖ ਲੱਗ ਗਈ ਉਹਦੀ, ਅੱਖ ਲੱਗਣ ਦੇ ਵਿਚ ਕੀ ਦੇਖਦਾ ਹੈ ਕਿ ਮੇਰੀ ਪਰਜਾ ਵਿਗੜ ਗਈ, ਨਾਲ ਦੇ ਰਾਜੇ ਨੂੰ ਉਨ੍ਹਾਂ ਨੇ ਸੁਨੇਹਾ ਭੇਜ ਦਿਤਾ ਤੇ ਮੇਰੇ ਵਜ਼ੀਰ ਸਭ ਵਿਗੜ ਗਏ। ਉਸ ਵੇਲੇ ਰਾਜਾ ਆ ਗਿਆ ਫੌਜਾਂ ਲੈ ਕੇ, ਮੇਰੀਆਂ ਫੌਜਾਂ ਨੇ ਵੀ ਜਵਾਬ ਦੇ ਦਿਤਾ। ਬਿਨਾਂ ਲੜਾਈ ਤੋਂ ਕਬਜ਼ਾ ਕਰ ਲਿਆ ਤਖਤ ਦੇ ਉਤੇ, ਬਹੁਤ ਇਹਦੀ ਬੇਇਜ਼ਤੀ ਕਰੀ, ਰਾਣੀਆਂ ਆਈਆਂ ਉਹ ਵੀ ਇਹ ਕਹਿ ਰਹੀਆਂ ਨੇ ਕਿ ਤੂੰ ਤਾਂ ਬੜਾ ਪਾਪੀ ਬੰਦਾ ਹੈਂ, ਜਿਹੜੀਆਂ ਪਤੀਵਰਤਾ ਰਾਣੀਆਂ ਨੇ ਉਹਦਾ ਵੀ ਇਹਨੂੰ ਝੌਲਾ ਵੱਜਿਆ ਕਿ ਮੈਨੂੰ ਸੁਪਨੇ ਵਿਚ ਗਾਲ੍ਹਾਂ ਕੱਢਦੀਆਂ ਨੇ। ਅਖੀਰ ਵਸਤਰ ਲਾਹ ਲਏ, ਇਕ ਵਸਤਰ ਛੱਡ ਕੇ ਹੁਕਮ ਕਰ ਦਿਤਾ ਕਿ ਇਹਨੂੰ ਕੱਢ ਦਿਓ, ਬਾਹਰ ਸਭ ਇੱਟਾਂ ਮਾਰੋ ਇਹਦੇ, ਇੱਟਾਂ ਵੱਡੇ ਖਾਂਦਾ ਪਾਗਲਾਂ ਵਾਂਗਣ ਦੌੜਿਆ ਜਾਂਦਾ ਹੈ, ਤਿੰਨ ਦਿਨ-ਤਿੰਨ ਰਾਤਾਂ ਬੜਾ ਹੀ ਦੁਖੀ ਹੋ ਕੇ ਰਾਜ 'ਚੋਂ ਨਿਕਲਿਆ। ਦੂਜਾ ਰਾਜ ਆ ਗਿਆ ਉਤੇ ਬੇਰੀ ਦਾ ਮੁੱਢ ਸੀ, ਉਸ ਤੇ ਬਹਿ ਗਿਆ, ਰੋਈ ਜਾਂਦਾ ਹੈ ਕਿ ਮੇਰੇ ਨਾਲ ਹੋਇਆ ਕੀ? ਭਾਣਾ ਕੀ ਵਰਤਿਆ? ਰਾਜ ਜਾਂਦਾ ਰਿਹਾ, ਲੋਕ ਮੇਰੇ ਐਨੇ ਖਿਲਾਫ ਹੋ ਗਏ, ਕਸੂਰ ਤਾਂ ਮੈਂ ਕੋਈ ਕਰਿਆ ਨਹੀਂ ਸੀ, ਰਾਣੀਆਂ ਵੀ ਮੇਰੇ ਖਿਲਾਫ ਹੋ ਗਈਆਂ, ਖੂਨ ਜਾ ਰਿਹਾ ਹੈ ਤੇ ਭੁੱਖਾ ਤਿਹਾਇਆ ਹੈ। ਰੋਂਦੇ ਕੋਲ ਕੋਈ ਪ੍ਰੇਮੀ ਆ ਗਿਆ, ਕਹਿਣ ਲੱਗੇ ਕੌਣ ਹੈਂ ਪ੍ਰੇਮੀਆ! ਤੇਰੇ ਵਾਲ ਖਿਲਰੇ ਪਏ ਨੇ, ਬੜੀ ਭਿਆਨਕ ਤੇਰੀ ਸ਼ਕਲ ਹੋਈ ਹੈ, ਥਾਂ-ਥਾਂ ਤੇ ਸਰੀਰ ਉਤੋਂ ਖੂਨ ਨਿਕਲ ਰਿਹਾ ਹੈ। ਕਹਿਣ ਲੱਗਿਆ, ਭਰਾਵਾਂ ਮੈਂ ਰਾਜਾ ਜਨਕ ਹਾਂ। ਮੇਰਾ ਰਾਜ ਖੋਹ ਲਿਆ ਤੇ ਮੈਂ ਹੁਣ ਬਹੁਤ ਭੁੱਖਾ ਤਿਹਾਇਆ, ਤਿੰਨ ਦਿਨ ਤੋਂ ਕੁਛ ਨਹੀਂ ਖਾਧਾ ਤੇ ਮੈਂ ਇਸ ਰਾਜ 'ਚ ਆਇਆ ਹਾਂ ਮੈਨੂੰ ਕੁਛ ਖਾਣ ਨੂੰ ਦੇ। ਉਹ ਕਹਿੰਦਾ ਔਹ ਦੇਖ ਸਾਮ੍ਹਣੇ ਛੇਤਰ ਚਲ ਰਿਹਾ ਓਸ ਨਗਰ ਦਾ। ਔਹ ਲਾਈਨ ਲੱਗੀ ਹੋਈ ਹੈ, ਲਾਈਨ 'ਚ ਜਾ ਕੇ ਤੂੰ ਖੜ੍ਹ ਜਾ। ਲਾਈਨ 'ਚ ਜਾ ਕੇ ਖੜ੍ਹ ਗਿਆ, ਜਦੋਂ ਇਹਦੀ ਵਾਰੀ ਆਈ, ਹੱਥਾਂ ਦੇ ਉਤੇ ਲੈਣ ਲੱਗਿਆ, ਉਹ ਕਹਿੰਦੇ ਓ ਪ੍ਰੇਮੀਆ! ਇਹ ਤਾਂ ਗਰਮ ਖਿਚੜੀ ਦੇ ਰਹੇ ਹਾਂ ਅਸੀਂ ਤੂੰ ਬਰਤਨ ਲਿਆ ਕੋਈ ਜਿਹਦੇ 'ਚ ਪਾਉਣੀ ਹੈ। ਬਰਤਨ ਮਿਲਦਾ ਨਹੀਂ, ਮੰਗਦਾ ਹੈ, ਮੰਗਦੇ ਨੂੰ 19 ਕੌਡੀਆਂ ਮਿਲੀਆਂ ਸਾਰੀਆਂ ਹੀ। ਇਕ ਕਟੋਰਾ ਮਿਲ ਗਿਆ, ਕਟੋਰਾ ਲੈ ਕੇ ਜਦੋਂ ਫੇਰ ਆਇਆ ਉਹਦੇ ਕੋਲ ਤਾਂ ਖਿਚੜੀ ਵਗੈਰਾ ਸਾਰਾ ਭੋਜਨ ਵਰਤ ਚੁੱਕਿਆ ਸੀ। ਖੁਰਚਣ ਉਨ੍ਹਾਂ ਨੇ ਲਾਹੀ ਕੌੜੀ ਜਿਹੜੀ ਜਲੀ ਹੋਈ ਸੀ, ਲਾਹ ਕੇ ਉਹਦੇ ਕਟੋਰਾ 'ਚ ਪਾ ਦਿਤੀ। ਕਹਿੰਦੇ, ਔਹ ਘਿਉ ਲੈ ਲੈ, ਸਾਮ੍ਹਣੇ ਮਿਲਦਾ ਹੈ, ਉਥੇ ਚਲਿਆ ਗਿਆ ਉਹ ਕਹਿੰਦੇ ਹੁਣ ਤਾਂ ਵਰਤ ਚੁੱਕਿਆ ਹੁਣ ਨਹੀਂ ਹੈ ਕੁਛ ਦੇਣ ਨੂੰ। ਬੇਨਤੀਆਂ ਕਰਦਾ ਹੈ, ਅਖੀਰ ਉਹਨੇ ਇਕੱਠਾ ਕਰਿਆ ਤੇ ਇਕ ਕੜਛੀ ਪਾ ਦਿਤੀ, ਜਦੋਂ ਪਾਉਣ ਲੱਗਿਆ, ਹੱਥ ਹਿਲ ਗਿਆ, ਉਹ ਥੱਲੇ ਡੁਲ੍ਹ ਗਿਆ, ਬਹੁਤ ਝਿੜਕਾਂ ਮਾਰੀਆਂ, ਬਹੁਤ ਉਹਨੇ ਬੁਰਾ ਭਲਾ ਕਿਹਾ। ਕਹਿੰਦਾ, ਥੱਲਿਓਂ ਚੁੱਕ ਹੁਣ, ਮੈਂ ਨਹੀਂ ਹੋਰ ਦੇਣਾ, ਤਰਸ ਆ ਗਿਆ, ਅਖੀਰ ਕਹਿਣ ਲੱਗਿਆ, ਲੈ ਹੁਣ ਠੀਕ ਲਈਂ, ਉਹ ਪਾ ਦਿਤਾ ਉਹਦੇ ਵਿਚ, ਕਹਿੰਦੇ ਦੂਰ ਚਲਿਆ ਜਾ, ਕਿਉਂਕਿ ਸ਼ਕਲ ਇਹੋ ਜਿਹੀ ਹੋਈ ਪਈ ਸੀ ਕਿ ਨੇੜੇ ਵੀ ਨਾ ਬੈਠਣ ਦਿਤਾ, ਜਦੋਂ ਬੈਠੇ ਕਹਿੰਦੇ ਹੋਰ ਚੱਲ ਅੱਗੇ, ਹੋਰ ਅੱਗੇ ਚੱਲ। ਰਾਹ ਸੀਗਾ, ਰਾਹ ਦੇ ਕੋਲ ਜਾ ਕੇ ਬਹਿ ਗਿਆ। ਜਦੋਂ ਮੂੰਹ 'ਚ ਪਾਉਣ ਲੱਗਿਆ, ਦੋ ਸਾਂਨ੍ਹ ਭਿੜ ਪਏ, ਵਿਚਾਲੇ ਆ ਗਿਆ, ਕਟੋਰਾ ਫੁੱਟ ਗਿਆ ਤੇ ਜਾਗ ਆ ਗਈ, ਜਾਗ

ਆਈ ਤਾਂ ਕੀ ਦੇਖਦਾ ਹੈ ਤਖਤ ਤੇ ਬੈਠਾ ਹੈ। ਐਨਾ ਸੁਪਨਾ ਗਹਿਰਾ ਚਲਿਆ ਗਿਆ ਕਿ ਦਿਮਾਗ ਦੇ ਉਤੇ ਸ਼ੌਕ ਲੱਗ ਗਿਆ, ਅਸਰ ਹੋ ਗਿਆ ਗਹਿਰਾ। ਆਲੇ ਦੁਆਲੇ ਦੇਖਦਾ ਹੈ, ਸਾਰੇ ਅਮੀਰਾਂ ਵਲ ਦੇਖਿਆ, ਹਰੇਕ ਚੀਜ਼ ਵਲ ਦੇਖਿਆ, ਹੁਣ ਸਮਝ ਨਹੀਂ ਆਉਂਦੀ ਕਿ ਇਹ ਕੀ ਹੋਇਆ ਤੇ ਉਹ ਕੀ ਹੋਇਆ? ਉਠ ਕੇ ਰਿਟਾਇਰਿੰਗ ਰੂਮ ਵਿਚ ਚਲਿਆ ਗਿਆ ਕਿਸੇ ਨਾਲ ਨਹੀਂ ਬੋਲਦਾ। ਦਰਬਾਰ ਬਰਖਾਸ਼ਤ ਕਰ ਦਿਤਾ, ਘੋੜੇ 'ਤੇ ਚੜ੍ਹਿਆ, ਦੇਖਣ ਚਲਿਆ ਗਿਆ। ਉਥੇ ਕੀ ਦੇਖਦਾ ਹੈ ਉਵੇਂ ਹੀ ਇੱਟਾਂ ਪਈਆਂ ਨੇ, ਜਿਹੜੇ ਮੁੱਢ 'ਤੇ ਬੈਠਾ ਸੀ ਉਤੇ ਖੂਨ ਵੀ ਲੱਗਿਆ ਨਜ਼ਰ ਆ ਗਿਆ, ਹੁਣ ਪੱਕਾ ਹੋ ਗਿਆ ਕਿ ਹੁਣ ਪਤਾ ਨਹੀਂ ਲਗਦਾ ਕਿ ਆਹ ਝੂਠਾ ਹੈ ਕਿ ਔਹ ਝੂਠਾ ਹੈ। ਉਹਨੇ ਉਸ ਵੇਲੇ ਬੜਾ ਭਾਰੀ ਯੱਗ ਕਰਕੇ ਸਾਰੇ ਭਾਰਤ ਵਰਸ਼ ਦੇ ਵਿਦਵਾਨ ਇਕੱਠੇ ਕਰ ਲਏ, ਜਦੋਂ ਯੱਗ ਹੋ ਹਟਿਆ, ਉਹਨੇ ਇਕ ਸਮੱਸਿਆ ਰੱਖ ਦਿਤੀ ਕਿ ਪਿਆਰਿਓ! ਮੇਰਾ ਇਕ ਸਵਾਲ ਹੈ ਇਹਦਾ ਨਿਰਣਾ ਕਰਕੇ ਜਾਓ ਕਿ ਆਹ ਝੂਠਾ ਹੈ ਇਕ ਔਹ ਝੂਠਾ ਹੈ। ਸਾਰੇ ਹੈਰਾਨ ਹੋ ਗਏ, ਕੋਈ ਜਵਾਬ ਨਹੀਂ ਦਿੰਦਾ। ਖੋਲ੍ਹ ਕੇ ਦਸਦਾ ਨਹੀਂ ਹੈ, ਅਖੀਰ ਅੱਠ ਸਾਲ ਲੰਘ ਗਏ। ਜਾਣ ਕਿਸੇ ਨੂੰ ਦਿੰਦਾ ਨਹੀਂ, ਬੜਾ ਸ਼ਾਹੀ ਸਲੂਕ ਕਰਦਾ ਹੈ, ਖਾਣ ਪੀਣ ਨੂੰ ਦੇ ਰਿਹਾ ਹੈ, ਰਿਹਾਇਸ਼ ਬਹੁਤ ਵਧੀਆ ਦੇ ਰਿਹਾ ਹੈ, ਲੇਕਿਨ ਜਾਣ ਨਹੀਂ ਦਿੰਦਾ। ਕਹਿੰਦਾ ਹੈ ਕਿ ਮੇਰੇ ਸਵਾਲ ਦਾ ਜਵਾਬ ਦੇ ਕੇ ਜਾਓ।

ਅਖੀਰ ਇਕ ਬੱਚਾ ਸੀ ਜਿਸਦਾ ਨਾਉਂ ਅਸ਼ਟਾਵਕਰ ਸੀ, ਸਰੀਰ ਵਿਚ ਅੱਠ ਵਲ ਪੈਂਦੇ ਸੀ। ਉਹਦਾ ਪਿਤਾ ਇਥੇ ਸੀ ਅਤੇ ਉਹ ਮਾਂ ਨੂੰ ਕਹਿ ਕੇ ਪਾਲਕੀ 'ਚ ਬੈਠ ਕੇ ਇਥੇ ਆ ਜਾਂਦਾ ਹੈ, ਮਿਥਲਾਪੁਰੀ 'ਚ। ਉਥੇ ਆ ਕੇ ਰਾਜੇ ਜਨਕ ਦੇ ਪਾਸ ਜਾਂਦਾ ਹੈ ਤੇ ਉਹਨੂੰ ਇਹ ਕਹਿੰਦਾ ਹੈ ਕਿ ਤੂੰ ਸਭਾ ਲਾ, ਮੈਂ ਤੇਰੇ ਸਵਾਲ ਦਾ ਜਵਾਬ ਦੇਵਾਂਗਾ। ਸਭਾ ਲਗ ਜਾਂਦੀ ਹੈ ਜਿਸ ਵਕਤ ਅਸ਼ਟਾਵਕਰ ਆਉਂਦਾ ਹੈ ਸਾਰੇ ਹੈਰਾਨ ਨੇ ਕਿ ਕਿਹੜਾ ਮੁਨੀ ਆ ਗਿਆ, ਕਿਹੜਾ ਰਿਸ਼ੀ ਆ ਗਿਆ, ਕਿਹੜਾ ਵਿਦਵਾਨ ਪੰਡਤ ਆ ਗਿਆ ਜਿਹੜਾ ਸਾਡੇ ਤੋਂ ਜਵਾਬ ਨਹੀਂ ਦੇ ਹੁੰਦਾ ਤੇ ਉਹ ਕਹਿੰਦਾ ਹੈ ਕਿ ਮੈਂ ਦੇਵਾਂਗਾ। ਜਿਸ ਵਕਤ ਉਹ ਆ ਰਿਹਾ ਹੈ ਉਸ ਵਕਤ ਐਲਾਨ ਹੋ ਗਿਆ ਕਿ ਮਹਾਂਰਿਸ਼ੀ ਆ ਰਹੇ ਨੇ, ਰਾਜੇ ਦੇ ਸਵਾਲ ਦਾ ਜਵਾਬ ਦੇਣ ਵਾਸਤੇ। ਉਹ ਜਦੋਂ ਪੌੜੀਆਂ ਚੜ੍ਹਦਾ ਹੈ ਤਾਂ ਸਰੀਰ ਵਿਚ ਅੱਠ ਵਲ ਪੈਂਦੇ ਨੇ, ਅੱਖਾਂ ਕਿਧਰੇ ਨੂੰ ਦੇਖਦੀਆਂ ਨੇ, ਗਰਦਨ ਕਿਧਰੇ ਨੂੰ ਮੁੜੀ ਹੋਈ ਹੈ, ਛਾਤੀ ਕਿਧਰੇ ਨੂੰ ਹੈ, ਲੱਕ ਕਿਧਰੇ ਨੂੰ ਹੈ, ਪੈਰ ਕਿਸ ਪਾਸੇ ਨੂੰ ਧਰਦਾ ਹੈ, ਤੁਰਦਾ ਕਿਧਰੇ ਨੂੰ ਹੈ, ਬਾਹਾਂ ਕਿਧਰੇ ਨੂੰ ਹੈ, ਉਹ ਜਦੋਂ ਸਾਮ੍ਹਣੇ ਆਇਆ, ਅੱਠ ਸਾਲ ਦਾ ਬੱਚਾ ਸਾਰੇ ਹੀ ਹੱਸ ਪਏ ਕਿ ਆਹ ਜਵਾਬ ਦੇਣ ਆਇਆ ਹੈ। ਉਹ ਵੀ ਹਸਣ ਲੱਗ ਗਿਆ। ਜਿਵੇਂ ਬੱਚੇ ਦੰਦੀਆਂ ਚਿੜਾਉਂਦੇ ਨੇ ਐਉਂ ਕਰਨ ਲੱਗ ਗਿਆ। ਕਹਿੰਦੇ ਦੇਖੋ ਰਾਜਨ ਇਹ ਸਾਨੂੰ tease ਕਰਦਾ ਹੈ, ਬੱਚੇ ਨੂੰ ਚਾਹੀਦਾ ਸੀ, ਸਭਾ ਦੀ ਮਰਿਆਦਾ ਰੱਖ ਕੇ ਪਹਿਲਾਂ ਸਾਰਿਆਂ ਨੂੰ ਨਮਸ਼ਕਾਰ ਕਹਿੰਦਾ, ਛੋਟੀ ਉਮਰ ਹੈ ਇਹਦੀ। ਇਹਨੂੰ ਬੰਦ ਕਰਾਓ। ਰਾਜੇ ਜਨਕ ਨੇ ਕਿਹਾ ਕਹਿੰਦੇ ਬਾਲ ਬ੍ਰਹਮਚਾਰੀ, ਇਹ ਵੱਡੇ-ਵੱਡੇ ਮੁਨੀ ਬੈਠੇ ਨੇ ਇਨ੍ਹਾਂ ਦਾ ਆਦਰ ਕਰ। ਕਹਿੰਦਾ, ਇਨ੍ਹਾਂ ਦਾ ਆਦਰ? ਇਹ ਮੁਨੀ ਨਹੀਂ ਹਨ, ਇਹ ਤਾਂ ਸਾਰੇ ਚਮਾਰ ਬੈਠੇ ਨੇ। ਗੁੱਸੇ ਹੋ ਗਏ ਬ੍ਰਾਹਮਣ ਲੋਕ ਕਿ ਸਾਨੂੰ ਐਉਂ ਕਹਿ ਦਿਤਾ। ਉਹ ਕਹਿੰਦੇ ਐਸਾ ਸ਼ਬਦ ਤੈਨੂੰ ਕਹਿਣਾ ਨਹੀਂ ਸੀ ਚਾਹੀਦਾ, ਗਲਤ ਗੱਲ ਕਹੀ ਹੈ ਤੂੰ। ਸਾਰਿਆਂ ਨੇ protest ਕਰ ਦਿਤਾ। ਉਹ ਕਹਿੰਦਾ ਰਾਜਨ! ਇਨ੍ਹਾਂ ਨੂੰ ਹੀ ਮੈਂ ਪੁੱਛਦਾ ਹਾਂ ਕਿ ਤੁਸੀਂ ਹੱਸੇ ਕਿਉਂ? ਮੇਰੇ ਸਰੀਰ ਨੂੰ ਦੇਖ ਕੇ ਹੱਸੇ ਓਂ, ਮੈਂ ਤਾਂ ਨਹੀਂ ਸਰੀਰ ਬਣਾਇਆ। ਜਿਹੋ ਜਿਹਾ ਪ੍ਰਮੇਸ਼ਰ ਨੇ ਦੇ ਦਿਤਾ, ਮੇਰਾ ਆਤਮਾ ਉਹਦੇ ਵਿਚ ਹੈਗਾ। ਤੁਸੀਂ ਐਉਂ ਦੱਸੋ ਕਿ ਜੇ ਗੰਨੇ ਵਿਚ ਵਲ ਹੋਣ ਤਾਂ ਰਸ ਵਿਚ ਵੀ ਵਲ ਹੁੰਦਾ ਹੈ? ਨੀਵੀਆਂ ਪਾ ਲਈਆਂ ਸਾਰਿਆਂ ਨੇ। ਕਹਿੰਦੇ, ਜਿਹੜਾ ਆਤਮ ਗਿਆਨ ਹੈ ਉਹ ਸਰੀਰ ਦੇ ਵਲਾਂ ਨਾਲ ਨੀਵਾਂ ਹੁੰਦਾ ਹੈ ਕਿ ਪੂਰਾ ਹੁੰਦਾ ਹੈ? ਕਹਿੰਦੇ, ਤੁਸੀਂ ਮੇਰੇ ਸਰੀਰ ਦੇ ਚਮੜੇ ਨੂੰ ਦੇਖ ਕੇ ਹੱਸੇ ਓਂ? ਚਮੜੇ ਦੀ ਪਰਖ ਉਨ੍ਹਾਂ ਲੋਕਾਂ ਨੂੰ ਹੀ ਹੁੰਦੀ ਹੈ, ਇਸ ਕਰਕੇ ਮੈਂ ਤੁਹਾਨੂੰ ਇਸ ਤਰ੍ਹਾਂ ਕਿਹਾ ਹੈ। ਕਹਿਣ ਲੱਗਿਆ, ਰਾਜਨ! ਆਹ ਚਰਮਦ੍ਰਿਸ਼ਟੀ ਵਾਲਿਆਂ ਤੋਂ ਤੂੰ ਆਤਮਕ ਦ੍ਰਿਸ਼ਟੀ ਭਾਲਦਾ ਹੈਂ? ਇਨ੍ਹਾਂ ਨੂੰ ਨਹੀਂ ਪਤਾ, ਸਾਰੇ ਹੈਰਾਨ ਹੋ ਗਏ ਉਸ ਵੇਲੇ ਚੰਦਨ ਦੀ ਚੌਂਕੀ ਤੇ ਜਾ ਕੇ ਬੈਠ ਗਿਆ, ਕਹਿਣ ਲੱਗਿਆ, ਰਾਜਨ! ਸਵਾਲ ਕਰ। ਸਵਾਲ ਕਰਿਆ, "ਇਹ ਸੱਚਾ ਕਿ ਔਹ ਸੱਚਾ?" ਕਹਿਣ ਲੱਗਿਆ ਰਾਜਨ! ਜਿਵੇਂ ਤੂੰ ਸਵਾਲ ਕਰਦਾ ਹੈਂ ਜਵਾਬ ਮੈਂ ਉਵੇਂ ਦੇਵਾਂ? ਇਹ ਵੀ ਝੂਠਾ ਤੇ ਔਹ ਵੀ ਝੂਠਆ। ਖੋਲ੍ਹ ਕੇ ਸਵਾਲ ਕਰ ਮੈਂ ਖੋਲ੍ਹ ਕੇ ਜਵਾਬ ਦੇਵਾਂ। ਉਹ ਚੁੱਪ ਕਰ ਗਿਆ ਰਾਜਾ ਜਨਕ। ਕਹਿਣ ਲੱਗਿਆ, ਸਭਾ ਜਨੋ! ਏਸ ਰਾਜੇ ਨੂੰ ਇਕ ਸੁਪਨਾ ਆਇਆ ਹੈ ਭਿਆਨਕ। ਉਹ ਐਨਾ ਬੇਇਜ਼ਤੀ ਦਾ ਭਰਿਆ ਹੋਇਆ ਹੈ ਕਿ ਇਹਦੇ ਮਨ ਦੇ ਉਤੇ ਐਨਾ ਸ਼ੌਕ ਲੱਗਿਆ ਕਿ ਅੱਖਾਂ ਤੋਂ ਉਹਲੇ ਨਹੀਂ ਹੁੰਦਾ। ਬੜੀ ਭਾਰੀ ਬੇਇਜ਼ਤੀ ਹੋਈ, ਬੜਾ ਦੁਖ ਪਾਇਆ। ਲੇਕਿਨ ਜਾਗ ਕੇ ਓਸ ਸੁਪਨੇ ਦਾ ਅਧਿਆਸ ਐਨਾ ਸੀ, ਐਨਾ ਗਹਿਰਾ ਚਲਿਆ ਗਿਆ ਕਿ ਇਹ ਹੁਣ ਨਿਰਣਾ ਨਹੀਂ ਕਰ ਸਕਦਾ ਕਿ ਆਹ ਸੁਪਨਾ ਹੈ ਕਿ ਉਹ ਸੁਪਨਾ ਹੈ। ਕਦੇ ਤਾਂ ਉਹਨੂੰ ਸੁਪਨਾ ਕਹਿੰਦਾ ਹੈ ਕਦੇ ਏਸ ਨੂੰ ਸੁਪਨਾ ਕਹਿੰਦਾ ਹੈ। ਜਦੋਂ ਜਾਗਦਾ ਹੈ ਐਨੀ ਭ੍ਰਾਂਤੀ ਪੈ ਗਈ ਇਹਦੇ ਉਤੇ ਕਿ ਜਾਗਦੀ ਅਵਸਥਾ ਨੂੰ ਸੁਪਨਾ ਸਮਝਦਾ ਹੈ ਤੇ ਸੁਪਨਾ ਰੈਨ ਦਾ ਹੈ, ਚਾਹੇ ਜੀਵਨ ਦਾ ਹੈ ਸੁਪਨੇ ਦੋਵੇਂ ਝੂਠੇ ਨੇ -

***ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ ॥***

*ਦ੍ਰਿਸਟਿਮਾਨ ਸਭੁ ਬਿਨਸੀਐ ਕਿਆ ਲਗਹਿ ਗਵਾਰ॥*
*ਅੰਗ - ੮੦੮*

ਸੁਪਨਾ ਤਾਂ ਸੁਪਨਾ ਹੀ ਹੈ, ਸੋ -

*ਸੁਪਨੇ ਸੇਤੀ ਚਿਤੁ ਮੂਰਖਿ ਲਾਇਆ ॥*
*ਬਿਸਰੇ ਰਾਜ ਰਸ ਭੋਗ ਜਾਗਤ ਭਖਲਾਇਆ ॥*
*ਅੰਗ - ੭੦੭*

ਸੁਪਨੇ ਨਾਲ ਸਾਡਾ ਚਿੱਤ ਲੱਗ ਗਿਆ, ਹਉਮੈ ਦੀ ਸੁਰਤ ਦੇ ਵਿਚ ਸਾਨੂੰ ਫਿਰਦਿਆਂ ਨੂੰ ਕਰੋੜਾਂ ਸਾਲ ਲੰਘ ਗਏ।

***ਧਾਰਨਾ - ਮਨ ਭੋਲਿਆ ਹਉਮੈ ਸੁਰਤ ਵਿਸਾਰ।***

ਇਹ ਜਿਹੜੀ ਤੈਨੂੰ ਸੁਰਤ ਆ ਗਈ ਨਾ ਕੈਮੀਕਲ ਸੁਰਤ, ਦਿਮਾਗ ਦੇ ਅੰਦਰ 15 ਅਰਬ ਸੈਲ ਲੱਗੇ ਹੋਏ ਨੇ, ਇਹ ਇਲੈਕਟ੍ਰਾਨਿਕ ਅਤੇ ਮਗਨੈਟਿਕ ਲਹਿਰਾਂ ਦੇ ਨਾਲ ਚਲਦਾ ਹੈ, ਦੋ ਲਹਿਰਾਂ ਇਹਦੇ ਵਿਚ ਚਲਦੀਆਂ ਰਹਿੰਦੀਆਂ ਨੇ। ਇਹਦੇ ਨਾਲ ਇਹਦੀ ਹਰਕਤ ਆਉਂਦੀ ਹੈ ਦਿਮਾਗ 'ਚ ਤੇ ਦਿਮਾਗ ਦੇ ਵਿਚੋਂ ਪਛਾਣ ਆਉਂਦੀ ਹੈ ਫੇਰ, ਕੈਮੀਕਲ ਅੰਨ੍ਹ ਖਾਏਗਾ, ਪਾਣੀ ਪੀਏਗਾ, ਉਹਦੇ ਨਾਲ ਇਹਨੂੰ ਸੁਰਤ ਰਹਿੰਦੀ ਹੈ, ਜੇ ਨਾ ਹੋਵੇ ਫੇਰ ਬੇਹੋਸ਼ ਹੋ ਜਾਂਦਾ ਹੈ। ਇਕ ਤਾਂ ਇਹ ਸੁਰਤ ਹੈ, ਇਕ ਇਸ ਦਿਮਾਗ ਤੋਂ ਉਪਰ beyond mind ਤੋਂ ਸੁਰਤ ਹੈ ਜਿਹਨੂੰ ਮਹਾਰਾਜ ਆਤਮ ਵਿਛੈਣੀ ਬੁੱਧੀ ਕਹਿੰਦੇ ਨੇ, ਆਤਮਕ ਸੁਰਤ ਕਹਿੰਦੇ ਨੇ। ਇਹ ਜਿਹੜੀ ਹਉਮੈ ਦੀ ਸੁਰਤ ਹੈ ਇਹ ਪ੍ਰਮੇਸ਼ਰ ਦਾ ਕਿਤੇ ਨੇੜਾ ਤੇੜਾ ਵੀ ਨਹੀਂ ਦਿਸਣ ਦਿੰਦੀ। ਹਰ ਵਕਤ ਆਦਮੀ ਭੁੱਲਿਆ ਰਹਿੰਦਾ ਹੈ ਕਿਉਂਕਿ ਸੁਰਤ ਕੈਮੀਕਲ ਹੈ, ਦੂਸਰੀ ਹੈ ਆਤਮਕ ਸੁਰਤ, ਆਤਮਕ ਸੁਰਤ ਬੰਦਗੀ ਕਰਨ ਤੋਂ ਬਾਅਦ ਆਉਂਦੀ ਹੈ, ਜਿੱਥੇ ਬੁੱਧੀ ਖਤਮ ਹੁੰਦੀ ਹੈ ਤੇ ਉਸ ਤੋਂ ਬਾਅਦ ਆਤਮਕ ਬੁੱਧੀ ਜਾਗਦੀ ਹੈ।

*ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥*
*ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥*
*ਅੰਗ - ੮*

*ਕਹਿ ਕਬੀਰ ਬੁਧਿ ਹਰਿ ਲਈ ਮੇਰੀ*
*ਬੁਧਿ ਬਦਲੀ ਸਿਧਿ ਪਾਈ ॥ ਅੰਗ - ੩੩੯*

ਉਹ ਸਿੱਧ ਆਉਂਦੀ ਹੈ, ਫੇਰ ਸਿੱਧ ਆਈ ਤੇ ਕੀ ਨਜ਼ਰ ਆਉਂਦਾ ਹੈ, ਨਿਗ੍ਹਾ ਬਦਲ ਜਾਂਦੀ ਹੈ -

***ਧਾਰਨਾ - ਤੂੰ ਹੀ ਤੂੰ ਹੀ ਮੋਹਿਨਾ।***

*ਗੁਰਹਿ ਦਿਖਾਇਓ ਲੋਇਨਾ ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ ॥ ਅੰਗ - ੪੦੭*

ਜਾਗ ਆ ਗਈ, ਅੱਖ ਖੁਲ੍ਹ ਗਈ ਕਹਿੰਦੇ ਫੇਰ ਨਜ਼ਰ ਕੀ ਆਇਆ -

*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ ॥ ਅੰਗ - ੪੦੭*
*ਜਹ ਜਹ ਪੇਖਉ ਤਹ ਹਜੂਰਿ*
*ਦੂਰਿ ਕਤਹੁ ਨ ਜਾਈ॥ ਅੰਗ - ੬੭੭*

ਜਿਧਰ ਵੀ ਦੇਖਦੇ ਹਾਂ ਵਾਹਿਗੁਰੂ ਨਾਲ ਹੀ ਰਹਿੰਦਾ ਨਜ਼ਰ ਆਉਂਦਾ ਹੈ, ਦੂਰ ਨਹੀਂ ਜਾਂਦਾ।

*ਰਵਿ ਰਹਿਆ ਸਰਬਤ੍ਰ ਮੈ*
*ਮਨ ਸਦਾ ਧਿਆਈ ॥ ੧ ॥*
*ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ ॥*
*ਬਿਨਸਿ ਜਾਇ ਜੋ ਨਿਮਖ ਮਹਿ*
*ਸੋ ਅਲਪ ਸੁਖੁ ਭਨੀਐ ॥ ਅੰਗ - ੬੭੭*

ਸੰਤ ਬਾਬਾ ਅਤਰ ਸਿੰਘ ਜੀ ਮਹਾਰਾਜ ਮਸਤੂਆਣੇ ਵਾਲੇ ਆਪ ਨੇ ਸਵਾ ਲੱਖ ਜਪੁਜੀ ਸਾਹਿਬ ਦਾ ਪਾਠ ਹਜ਼ੂਰ ਸਾਹਿਬ ਬੈਠ ਕੇ ਕੀਤਾ ਅਤੇ ਨਾਲ ਬੇਅੰਤ ਪਾਠ ਮੂਲਮੰਤ੍ਰ ਦੇ ਤੇ ਹੋਰ ਸਿਮਰਨ ਤਾਂ ਹਿਸਾਬ ਕਿਤਾਬ ਤੋਂ ਹੀ ਬਾਹਰਾ ਕੀਤਾ। ਆਪ ਵਾਪਸ ਆ ਰਹੇ ਨੇ, ਆਪ ਦੇ ਨਾਲ ਇਕ ਸਿੰਘ ਰਲ ਗਿਆ। ਜਦੋਂ ਆਏ, ਵਿੰਧਿਆਚਲ ਪਰਬਤ ਤੇ, ਉਥੇ ਅਚਾਨਕ ਕੀ ਦੇਖਦੇ ਨੇ ਸੜਕ ਦੇ ਉਤੇ ਸ਼ੇਰ ਖੜ੍ਹਾ ਹੈ, ਸ਼ੇਰ ਜ਼ਿਆਦਾ ਸੀ ਉਨ੍ਹਾਂ ਦਿਨਾਂ 'ਚ, ਹੁਣ ਤਾਂ ਬਹੁਤ ਘਟ ਗਏ। ਜਿਹੜਾ ਨਾਲ ਦਾ ਸੀ ਉਹ ਦੇਖਦੇ ਸਾਰ ਡਰ ਗਿਆ, ਡਰ ਜਿਹੜਾ ਹੈ ਇਹ ਵੀ ਇਕ ਮਨ ਦਾ ਖਿਆਲ ਹੈ, ਡਰਨ ਦੇ ਨਾਲ ਜ਼ੁਬਾਨ ਇਕ ਦਮ ਸੁੱਕ ਗਈ, ਮੁੜ ਗਈ ਪਿਛੇ ਨੂੰ, ਉਹ ਨਾ ਸ਼ੇਰ ਕਹਿ ਸਕਿਆ ਨਾ ਕੁਛ, ਲੱਤਾਂ, ਹੱਥ ਪੈਰ ਵੀ ਫੁੱਲ ਗਏ, ਨੱਠ ਕੇ ਦਰਖਤ ਨੂੰ ਚਿੰਬੜ ਗਿਆ, ਚੜ੍ਹਨ ਦਾ ਯਤਨ ਕਰਦਾ ਹੈ। ਇਧਰ ਮਹਾਂਪੁਰਸ਼ ਹੌਲੀ-ਹੌਲੀ ਤੁਰੇ ਜਾਂਦੇ ਨੇ, ਜਦੋਂ ਸ਼ੇਰ ਦੇ ਕੋਲ ਗਏ ਉਸ ਸ਼ੇਰ ਨੇ ਸੁੰਘਿਆ ਤੇ ਸੁੰਘ ਕੇ ਪੂੰਛ ਮਾਰਨ ਲੱਗ ਗਿਆ। ਉਸ ਤੋਂ ਬਾਅਦ ਉਹਨੇ ਜੰਗਲ 'ਚ ਛਾਲ ਮਾਰੀ ਤੇ ਦੂਰ ਚਲਿਆ ਗਿਆ, ਇਹਨੇ ਜਦੋਂ ਦੇਖਿਆ ਕਿ ਦੂਰ ਗਿਆ ਇਹ ਨੱਠਿਆ ਤੇ ਬਾਬਾ ਜੀ ਨੂੰ ਆ ਕੇ ਮਿਲ ਗਿਆ। ਦਮ ਚੜ੍ਹਿਆ ਹੋਇਆ ਹੈ, ਕਹਿੰਦੇ ਕੀ ਗੱਲ ਪ੍ਰੇਮੀਆ! ਤੈਨੂੰ ਐਨਾ ਦਮ ਚੜ੍ਹਿਆ ਹੋਇਆ ਹੈ? ਕਹਿੰਦਾ ਮਹਾਰਾਜ! ਸ਼ੇਰ ਖੜ੍ਹਾ ਸੀ? ਕਹਿੰਦੇ, ਕਿੱਥੇ? ਕਹਿੰਦਾ, ਤੁਸੀਂ ਨਹੀਂ ਦੇਖਿਆ। ਕਹਿੰਦੇ ਨਾ? ਮਹਾਰਾਜ! ਉਹਨੇ ਤੁਹਾਨੂੰ ਸੁੰਘਿਆ ਹੈ ਤੇ ਮੈਂ ਤਾਂ ਡਰ ਗਿਆ ਕਿ ਹੁਣ ਖਾ ਜਾਏਗਾ। ਮੈਂ ਤਾਂ ਮਹਾਰਾਜ ਨਾ ਬੋਲ ਸਕਿਆ, ਮੇਰੀ ਤਾਂ ਜਾਨ ਸੁੱਕ ਗਈ ਉਸੇ ਵੇਲੇ, ਮੈਂ ਤਾਂ ਮਰਨ ਵਾਲਾ ਹੀ ਹੋ ਗਿਆ। ਜਦੋਂ ਤੁਹਾਡੇ ਕੋਲ ਆਇਆ ਤਾਂ ਮੈਂ ਹੋਰ ਘਬਰਾ ਗਿਆ ਕਿ ਹੁਣ ਤਾਂ ਮਹਾਂਪੁਰਸ਼ਾਂ ਤੇ ਹਮਲਾ ਕਰੇਗਾ, ਮੈਂ ਦੱਸ ਵੀ ਨਾ ਸਕਿਆ। ਉਹਨੇ ਤੁਹਾਨੂੰ ਸੁੰਘਿਆ ਹੈ। ਮਹਾਂਪੁਰਸ਼ ਹੱਸ ਪਏ, ਕਹਿੰਦੇ ਪਿਆਰਿਆ! ਆਹ ਸ਼ੇਰ ਵੀ

ਕਦੇ ਨਜ਼ਰ ਆਇਆ ਕਰਦੇ ਸੀ, ਸੱਪ ਵੀ ਨਜ਼ਰ ਆਇਆ ਕਰਦੇ ਸੀ। ਜਦੋਂ ਤੋਂ ਗੁਰੂ ਨਾਨਕ ਦੇ ਗਿਆਨ ਦਾ ਸੁਰਮਾ ਨੇਤਰਾਂ 'ਚ ਪਿਆ ਹੈ ਇਹ ਨੇਤਰਾਂ ਦੀ ਦ੍ਰਿਸ਼ਟੀ ਹੀ ਬਦਲ ਗਈ। ਹੁਣ ਨਹੀਂ ਸਾਨੂੰ ਹੋਰ ਕੁਛ ਦਿਸਦਾ, ਹੁਣ ਤਾਂ ਜਿਧਰ ਅਸੀਂ ਨਿਗ੍ਹਾ ਮਾਰਦੇ ਹਾਂ ਸਾਨੂੰ ਤਾਂ ਗੁਰੂ ਨਾਨਕ ਤੋਂ ਬਗੈਰ ਨਜ਼ਰ ਹੀ ਕੋਈ ਨਹੀਂ ਆਉਂਦਾ, ਇਕੋ ਪ੍ਰਮੇਸ਼ਰ ਸਾਰੇ ਪਰੀਪੂਰਨ ਨਜ਼ਰ ਆ ਰਿਹਾ ਹੈ। ਇਹ ਤਾਂ ਹੁੰਦੀ ਹੈ ਜਾਗ ਜਿਹੜੀ ਅਸਲੀਅਤ ਨੂੰ ਦੇਖ ਲਵੇ। ਜਿਹੜੀ ਨਕਲੀ ਚੀਜ਼ ਹੈ ਆਹ ਸੰਸਾਰ ਤੇ ਕਿੰਨੇ ਵਾਰੀ ਆਏ ਹਾਂ, ਕਦੇ ਮੁੜ ਕੇ ਯਾਦ ਆਉਂਦਾ ਹੈ ਕਿ ਪਹਿਲਾਂ ਵੀ ਇਥੇ ਸੀ, ਖਬਰੇ ਕਿੱਥੇ-ਕਿੱਥੇ ਸੀ।

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ ਅੰਗ - ੧੭੬*

ਉਹ ਇਕ ਸੁਪਨੇ ਦੇ ਅੰਦਰ ਖੇਡ ਹੋ ਰਹੀ ਹੈ, ਹੋ ਕਿਉਂ ਰਹੀ ਹੈ ਕਿਉਂਕਿ ਹਉਮੈ ਦਾ ਰੋਗ ਲੱਗਿਆ ਹੋਇਆ ਹੈ। ਮਹਾਰਾਜ ਕਹਿੰਦੇ -

*ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥*
*ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥*
*ਅੰਗ - ੪੬੬*

*ਕਾਇਆ ਅੰਦਰਿ ਹਉਮੈ ਮੇਰਾ ॥*
*ਜੰਮਣ ਮਰਣੁ ਨ ਚੂਕੈ ਫੇਰਾ ॥ ਅੰਗ - ੧੨੬*

ਜਿਨ ਚਿਰ ਹਉਮੈ ਹੈ -

*ਜਿਨਿ ਰਚਿ ਰਚਿਆ ਪੁਰਖਿ ਬਿਧਾਤੈ*
*ਨਾਲੇ ਹਉਮੈ ਪਾਈ ॥*
*ਜਨਮ ਮਰਣੁ ਉਸ ਹੀ ਕਉ ਹੈ ਰੇ*
*ਓਹਾ ਆਵੈ ਜਾਈ ॥ ਅੰਗ - ੯੯੯*

ਅਸੀਂ ਤਾਂ ਨਹੀਂ ਜੰਮਦੇ, ਨਾ ਅਸੀਂ ਮਰਦੇ ਹਾਂ। ਇਹ ਤਾਂ ਅਗਿਆਨ ਦੇ ਨਾਲ ਜਿਹੜਾ ਭੁੱਲਿਆ ਹੋਇਆ ਜੀਵ ਹੈ ਉਹ ਜੰਮਦਾ ਮਰਦਾ ਹੈ, ਪਰਛਾਵਾਂ ਹੈ ਉਹ। ਅਸਲੀ ਨਹੀਂ ਹੈ। ਗੁਰੂ ਦਸਵੇਂ ਪਾਤਸ਼ਾਹ ਜਦੋਂ ਪਾਉਂਟੇ ਸਾਹਿਬ ਗਏ। ਉਨ੍ਹਾਂ ਦੇ ਨੇੜੇ ਇਕ ਪੀਰ ਰਹਿੰਦਾ ਸੀ, ਸਢੌਰੇ ਵਾਲਾ ਜਿਹਦਾ ਨਾਉਂ ਪੀਰ ਬੁੱਧੂ ਸ਼ਾਹ ਜਗੀਰਦਾਰ ਵੀ ਸੀ, ਬੰਦਗੀ ਕਰਨ ਵਾਲਾ ਵੀ top ਦਾ ਸੀ। ਹਿੰਦੂ ਵੀ ਉਹਦੇ ਮੁਰੀਦ ਸੀ ਤੇ ਮੁਸਲਮਾਨ ਵੀ ਮੁਰੀਦ ਸੀ, ਉਹਦੇ ਦੀਵਾਨਾਂ ਨੂੰ ਸੁਣਨ ਵਾਸਤੇ ਹਿੰਦੂਆਂ ਨੇ ਵੀ ਓਨਾਂ ਹੀ ਆਉਣਾ ਤੇ ਮੁਸਲਮਾਨਾਂ ਨੇ ਵੀ ਆਉਣਾ। ਲੰਗਰ ਦੋ ਚਲਾਇਆ ਕਰਦਾ ਸੀ। ਇਕ ਪੱਕਾ ਲੰਗਰ ਤੇ ਇਕ ਮੁਸਲਮਾਨਾਂ ਵਾਲਾ। ਆਇਆ ਗਿਆਂ ਦੀ ਬੜੀ ਸੇਵਾ ਕਰਦਾ ਸੀ, ਸਾਧੂ ਮਹਾਤਮਾ ਦੇ ਸਤਿਸੰਗ ਸੁਣਨੇ, ਲੇਕਿਨ ਅੱਜ ਤੱਕ ਅੱਖ ਨਹੀਂ ਸੀ ਖੁੱਲ੍ਹੀ। ਕਰਾਮਾਤਾਂ ਬੇਅੰਤ ਸੀ ਗਿਆਨ ਨਹੀਂ ਸੀ ਆਇਆ ਤੇ ਬੜਾ ਪਰੇਸ਼ਾਨ ਸੀ ਕਿ ਉਮਰ ਲੰਘ ਰਹੀ ਹੈ, ਇਹਦਾ ਕੀ ਭਰੋਸਾ ਹੈ -

*ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ ॥*
*ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ॥*
*ਅੰਗ - ੨੫੪*

ਖਬਰੇ ਕਿਹੜੇ ਵੇਲੇ ਜਮਾਂ ਦਾ ਫੰਧਾ ਗਲ ਪੈ ਜਾਣਾ ਹੈ, ਮੈਂ ਤਾਂ ਉਹ ਕੰਮ ਕਰ ਨਹੀਂ ਸਕਿਆ ਜਿਹਦੇ ਵਾਸਤੇ ਆਇਆ ਸੀ। ਰਹਿ ਗਿਆ ਅਧੂਰਾ ਮੈਂ ਤਾਂ। ਸਭ ਦੇ ਉਤੇ ਸਵਾਲ ਕਰਦਾ ਹੈ ਪਰ ਨਿਸ਼ਾ ਨਹੀਂ ਹੁੰਦੀ, ਅਖੀਰ ਉਹਨੇ ਕਿਹਾ ਕਿ ਗੁਰੂ ਨਾਨਕ ਪਾਤਸ਼ਾਹ ਦਾ ਦਸਵਾਂ ਜਾਮਾ ਇਥੇ ਆਇਆ ਹੈ ਕਿਉਂ ਨਾ ਮੈਂ ਉਨ੍ਹਾਂ ਕੋਲ ਚੱਲਾਂ। ਸੋ ਬੜੀ ਸ਼ਰਧਾ ਭਾਵਨਾ ਨਾਲ ਘਰ ਤੋਂ ਤੁਰਿਆ, ਨਾਲ ਤਿੰਨ ਚਾਰ ਸੌ ਮੁਰੀਦ ਹੋ ਗਿਆ ਕਿ ਸਾਡੇ ਪੀਰ ਜੀ ਨੇ ਜਾਣਾ ਹੈ। ਆਪਾਂ ਵੀ ਬਚਨ ਸੁਣਾਂਗੇ, ਨਾਲੇ ਦਰਸ਼ਨ ਮੇਲੇ ਜੇ ਇਹ ਕਰਨਗੇ ਅਸੀਂ ਵੀ ਕਰਾਂਗੇ। ਜਦੋਂ ਪਾਉਂਟੇ ਸਾਹਿਬ ਪਹੁੰਚਦਾ ਹੈ। (ਬੜੀ ਪਵਿੱਤਰ ਭੂਮੀ ਹੈ ਗੁਰੂ ਸਾਹਿਬ ਦੀ, ਗੁਰੂ ਸਾਹਿਬ ਨੇ ਜਿਥੇ ਬੜਾ ਸਮਾਂ ਬਿਤਾਇਆ ਹੈ, ਬੇਅੰਤ ਲਿਟਰੇਚਰ ਉਸ ਥਾਂ ਦੇ ਉਤੇ ਰਚਿਆ, ਇਕ ਯੁੱਧ ਬੜਾ ਭਾਰਾ ਉਥੇ ਕੀਤਾ। ਸਾਹਿਬਜ਼ਾਦਾ ਅਜੀਤ ਸਿੰਘ ਜੀ ਦਾ ਪ੍ਰਕਾਸ਼ ਪਾਉਂਟੇ ਸਾਹਿਬ ਹੋਇਆ ਸੀ।) ਸੋ ਕਿਉਂ ਨਾ ਮੈਂ ਉਥੇ ਉਨ੍ਹਾਂ ਦੇ ਕੋਲ ਜਾਵਾਂ, ਬੜਾ ਹੀ ਰਮਣੀਕ ਥਾਂ ਹੈ, ਜਮੁਨਾ ਦਾ ਕੰਢਾ ਹੈ ਤੇ ਗੁਰੂ ਮਹਾਰਾਜ ਦਾ ਦੀਵਾਨ ਲੱਗਿਆ ਹੋਇਆ ਹੈ, 21-22 ਸਾਲ ਦੀ ਉਮਰ ਹੈ, ਚੜ੍ਹਦੀ ਜਵਾਨੀ ਹੈ, ਚਿਹਰੇ ਦੀਆਂ ਜਿਹੜੀਆਂ ਰਿਸ਼ਮਾਂ ਨੇ ਉਹ ਐਉਂ ਹੀਰੇ ਵਾਂਗਣ, ਲਾਲ ਵਾਂਗਣ ਲਾਲ ਵਾਂਗਣ ਬਾਹਰ ਨੂੰ ਖਿੰਡ ਰਹੀਆਂ ਨੇ। ਨਿਗ੍ਹਾ ਨਹੀਂ ਟਿਕਦੀ ਕਿਸੇ ਦੀ ਮਹਾਰਾਜ ਦੇ ਚਿਹਰੇ 'ਤੇ। ਐਨਾ ਸੁੰਦਰ ਚਿਹਰਾ ਕਿ ਸਾਰਿਆਂ ਨੂੰ ਖਿੱਚ ਪਾਈ ਜਾਂਦਾ ਹੈ ਦੇਖਣ ਵਾਲਿਆਂ ਨੂੰ, ਇਹਨੇ ਵੀ ਜਦੋਂ ਦੇਖਿਆ ਮਨ 'ਚ ਬੜੀ ਭਾਰੀ ਖਿੱਚ ਪੈ ਗਈ ਤੇ ਅੰਦਰ ਫੁਰਨਾ ਆਇਆ ਕਿ ਮੈਂ ਤਾਂ ਜਾ ਕੇ ਚਰਨਾਂ 'ਤੇ ਢਹਿ ਪੈਣਾ ਹੈ, ਜਦੋਂ ਤਕ ਮੈਨੂੰ ਪ੍ਰਤੱਖ ਨਹੀਂ ਕਰਦੇ, ਆਤਮਾ ਸਾਖਸ਼ਾਤਕਾਰ ਨਹੀਂ ਕਰਦੇ ਮੈਂ ਚਰਨ ਨਹੀਂ ਛੱਡਣੇ।

ਜਦੋਂ ਨੇੜੇ ਗਿਆ, ਹੁਣ ਹਉਮੈ ਕੰਮ ਕਰਨ ਲੱਗ ਗਈ ਕਿ ਇਹਦੀ ਤਾਂ ਉਮਰ ਬੜੀ ਛੋਟੀ ਹੈ, ਮੇਰੇ ਤਾਂ ਚਿੱਟੇ ਵਾਲ ਆਏ ਹੋਏ ਨੇ। ਪਿਛੇ ਨੂੰ ਦੇਖਿਆ ਕਿ 300 ਮੁਰੀਦ ਮੇਰੇ ਨਾਲ ਹੈ, ਜੇ ਮੈਂ ਚਰਨਾਂ 'ਤੇ ਪੈ ਗਿਆ ਤਾਂ ਇਹ ਸਾਰੇ ਨਸ਼ਰਧਕ ਹੋ ਜਾਣਗੇ ਕਿ ਸਾਡੇ ਪੀਰ ਨੂੰ ਤਾਂ ਆਉਂਦਾ ਹੀ ਕੁਛ ਨਹੀਂ। ਫੇਰ ਖਿਆਲ ਆਇਆ ਕਿ ਮੈਂ ਮੋਮਨ ਹਾਂ, ਮੋਮਨਾਂ ਦੇ ਵਿਚ ਇਹ ਵਿਸ਼ਵਾਸ਼ ਹੈ ਕਿ ਅਸੀਂ ਤਾਂ ਅਸਲੀ ਹਾਂ ਬਾਕੀ ਸਭ ਕਾਫਰ ਨੇ। ਗਲਤਫਹਿਮੀ ਹੈ ਇਹ। ਕਾਫਰ ਉਹ ਹੁੰਦਾ ਹੈ ਜਿਹੜਾ ਸਾਕਤ ਹੁੰਦਾ ਹੈ, ਕੁਫਰ ਨੂੰ ਮੰਨਣ

ਵਾਲਾ ਹੁੰਦਾ ਹੈ। ਪ੍ਰਮੇਸ਼ਰ ਨੂੰ ਮੰਨਣ ਵਾਲੇ ਸਾਰੇ ਹੀ ਮੋਮਨ ਹੁੰਦੇ ਨੇ, ਕਾਫਰ ਨਹੀਂ ਹੁੰਦੇ। ਸੋ ਐਸਾ ਖਿਆਲ ਮਨ 'ਚੋਂ ਲੰਘ ਗਿਆ, ਅਖੀਰ ਕੋਲ ਜਾ ਕੇ ਮਸਤਕ ਤਾਂ ਕੀ ਨਿਵਾਉਣਾ ਸੀ ਹੱਥ ਵਧਾ ਦਿਤਾ, ਦਸਤਪੰਜਾ ਕਹਿੰਦੇ ਨੇ, ਮਹਾਰਾਜ ਨੇ ਦੋ ਉਂਗਲੀਆਂ ਵਧਾਈਆਂ। ਕਹਿੰਦੇ, ਪੀਰ ਜੀ! ਬੈਠੋ, ਕਿਵੇਂ ਆਏ? ਕਹਿਣ ਲੱਗਿਆ, ਮਹਾਰਾਜ! ਮੈਂ ਆਪ ਨੂੰ ਪੁੱਛਣ ਵਾਸਤੇ ਕਿ ਖੁਦਾ ਕਾ ਔਰ ਰੂਹ ਕਾ ਮੇਲ ਕੈਸੇ? ਯਾਨਿ ਕਿ ਆਹ ਜਿਹੜੇ ਅਸੀਂ ਹਾਂ ਤੇ ਰੱਬ ਹੈ ਇਹਦਾ ਮੇਲ ਕਿਵੇਂ? ਮਹਾਰਾਜ ਕਹਿੰਦੇ, ਰਾਤ ਕਾ ਔਰ ਦਿਨ ਕਾ ਜੈਸੇ। ਸੋਚਣ ਲੱਗ ਗਿਆ ਕਿ ਰਾਤ? ਰਾਤ ਕਦੇ ਦਿਨ ਨੂੰ ਮਿਲੀ ਦੇਖੀ ਹੈ ਕਿਸੇ ਨੇ? ਰਾਤ ਤਾਂ ਮਿਲਦੀ ਹੀ ਨਹੀਂ ਦਿਨ ਨੂੰ। ਜਦ ਰਾਤ ਹੁੰਦੀ ਹੈ ਦਿਨ ਨਹੀਂ ਹੁੰਦਾ, ਦਿਨ ਹੁੰਦਾ ਹੈ ਰਾਤ ਨਹੀਂ ਹੁੰਦੀ। ਫੇਰ ਇਨ੍ਹਾਂ ਦਾ ਮੇਲ ਕੀ ਹੋਇਆ? ਸੋਚੀ ਜਾਂਦਾ ਹੈ, ਮਹਾਰਾਜ ਕਹਿੰਦੇ ਹਾਂ-ਹਾਂ। ਹੁਣ ਕਹਿ ਨਹੀਂ ਸਕਦਾ ਚੇਲਿਆਂ ਦੇ ਸਾਮ੍ਹਣੇ ਕਿ ਮੈਂ ਸਮਝਿਆ ਨਹੀਂ ਹਾਂ। ਸਮੱਸਿਆ ਆ ਗਈ ਬੜੀ ਜ਼ਬਰਦਸਤ। ਸਮਝ 'ਚ ਆਇਆ ਕੁਛ ਨਹੀਂ।

ਕਹਿਣ ਲੱਗਿਆ, "ਮਹਾਰਾਜ! ਮੈਂ ਸਮਝਿਆ ਨਹੀਂ।

ਮਹਾਰਾਜ ਜੀ ਨੇ ਕਿਹਾ ਕਿ ਜਿਵੇਂ ਤੂੰ ਸਮਝਿਆ ਹੈਂ ਏਵੇਂ ਹੀ ਹੈ।

ਸਮਝਿਆ ਕੀ ਸੀ ਕਿ ਰਾਤ ਤੇ ਦਿਨ ਨਹੀਂ ਮਿਲਦੇ।

ਕਹਿੰਦਾ ਮਹਾਰਾਜ! ਮੈਂ ਤਾਂ ਇਹ ਸਵਾਲ ਕਰਿਆ ਸੀ ਕਿ ਰੂਹ ਦਾ ਤੇ ਖੁਦਾ ਦਾ ਵਸਲ ਕੈਸੇ?

ਮਹਾਰਾਜ ਕਹਿੰਦੇ, "ਝੂਠ ਕਾ ਔਰ ਸੱਚ ਕਾ ਜੈਸੇ?"

ਹੁਣ ਫੇਰ ਸਮੱਸਿਆ ਪੈ ਗਈ ਕਿ ਝੂਠ ਤੇ ਸੱਚ ਤਾਂ ਕਦੇ ਮਿਲਦੇ ਹੀ ਨਹੀਂ। ਜਿਥੇ ਸੱਚ ਹੋਏਗਾ ਉਥੇ ਝੂਠ ਨਹੀਂ ਹੁੰਦਾ। ਪਹਿਲਾਂ ਦਿਨ ਤੇ ਰਾਤ ਦਾ ਕਹਿ ਦਿਤਾ, ਹੁਣ ਸੱਚ ਤੇ ਝੂਠ ਦਾ ਕਹਿ ਦਿਤਾ।

ਕਹਿੰਦਾ, ਮਹਾਰਾਜ! ਮੈਂ ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਪੜ੍ਹੀ ਹੈ -

***ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ ॥***
***ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ ॥***
***ਅੰਗ - ੫੫੦***

ਆਹ ਬੁੱਧੀ ਰੂਪ ਬਿਰਖ ਦੇ ਉਤੇ ਸਾਡੇ ਅੰਦਰ ਇਕ ਤਾਂ ਸਾਖੀ ਰਹਿੰਦਾ, ਇਕ ਜੀਵ ਤੱਤ ਰਹਿੰਦਾ ਹੈ ਤੇ ਇਕ ਤਾਂ ਉਡਾਰੀਆਂ ਮਾਰਦਾ ਹੈ ਇਕ ਚੁੱਪ ਕਰਕੇ ਬੈਠਾ ਹੈ। ਇਨ੍ਹਾਂ ਵਿਚੋਂ ਅਸਲ ਕਿਹੜਾ ਹੈ? ਮਹਾਰਾਜ ਕਹਿੰਦੇ, ਜਿਹੜਾ ਨਕਲ ਹੈ ਉਹ ਤਾਂ ਨੱਠਦਾ ਹੈ ਪਰਛਾਵਾਂ ਜਿਹੜਾ -

***ਪੰਖੀ ਬਿਰਖ ਸੁਹਾਵੜੇ ਊਡਹਿ ਚਹੁ ਦਿਸਿ ਜਾਹਿ ॥***
***ਜੇਤਾ ਊਡਹਿ ਦੁਖ ਘਣੇ ਨਿਤ ਦਾਝਹਿ ਤੈ ਬਿਲਲਾਹਿ॥***
***ਅੰਗ - ੬੬***

ਉਹ ਤਾਂ ਕਹਿੰਦੇ ਪਰਛਾਵਾਂ ਹੈ, ਜਿਹੜਾ ਅਸਲੀ ਹੈ ਉਹ ਸਾਖੀ ਹੈ। ਕਹਿੰਦਾ ਮਹਾਰਾਜ! ਫੇਰ ਜੀਵ ਕਿੱਥੋਂ ਆ ਗਿਆ। ਕਹਿੰਦੇ ਉਹਦੇ ਪ੍ਰਕਾਸ਼ ਦੇ ਨਾਲ ਇਕ ਅਣਹੋਈ ਚੀਜ਼ ਬਣ ਗਈ। ਅਣਹੋਈ ਚੀਜ਼ ਨੂੰ ਇਹਨੇ ਹੋਈ ਹੋਈ ਮੰਨ ਲਿਆ ਇਸ ਕਰਕੇ ਅਣਹੋਈ ਨੂੰ ਤਾਂ ਮੰਨਦਾ ਹੈ ਅਸਲ ਨੂੰ ਨਹੀਂ ਮੰਨਦਾ। ਨਕਲ ਨੂੰ ਮੰਨ ਰਿਹਾ ਹੈ। ਕਹਿੰਦਾ, ਸੱਚੇ ਪਾਤਸ਼ਾਹ! ਮੈਂ ਤਾਂ ਇਹ ਪੁੱਛਿਆ ਸੀ ਕਿ ਰੂਹ ਕਾ ਔਰ ਖੁਦਾ ਕਾ ਮੇਲ ਕੈਸੇ? ਮਹਾਰਾਜ ਕਹਿੰਦੇ, ਸੱਚ ਕਾ ਔਰ ਝੂਠ ਕਾ ਜੈਸੇ। ਕਹਿੰਦਾ ਸੱਚੇ ਪਾਤਸ਼ਾਹ ਝੂਠ ਤੇ ਸੱਚ ਤਾਂ ਕਦੇ ਰਲਦੇ ਹੀ ਨਹੀਂ ਹਨ। ਮਹਾਰਾਜ ਕਹਿੰਦੇ ਇਹੀ ਤਾਂ ਅਸੀਂ ਕਹਿੰਦੇ ਹਾਂ, ਜਦੋਂ ਸੱਚ ਦਾ ਪ੍ਰਕਾਸ਼ ਹੋ ਜਾਏਗਾ ਓਸ ਵੇਲੇ ਜਿਹੜਾ ਝੂਠਾ ਜੀਵ ਹੈ ਉਹਦਾ ਨਾਸ਼ ਹੋ ਜਾਏਗਾ, ਉਡ ਜਾਏਗਾ ਜਿਵੇਂ ਰਾਤ ਨਹੀਂ ਰਹਿੰਦੀ। ਕਹਿੰਦੇ ਫੇਰ ਮਹਾਰਾਜ! ਅਸੀਂ ਹਾਂ ਨਹੀਂ? ਮਹਾਰਾਜ ਕਹਿੰਦੇ, ਹੈਗੇ। ਪਰ ਤੁਸੀਂ ਸਤਿ ਹੋਂ, ਸਾਖੀ ਰੂਪ। ਆਹ ਜੀਵ ਨਹੀਂ, ਜੀਵਪੁਣਾ ਤਾਂ ਤੁਸੀਂ ਬਿਆਧੀ ਲਾ ਲਈ। ਇਹ ਜੰਮਦਾ ਹੈ ਮਰਦਾ ਹੈ, ਇਹ ਤਾਂ ਹਉਮੈ ਦਾ ਪਰਛਾਵਾਂ ਹੈ।

***ਹਉ ਹਉ ਭੀਤਿ ਭਇਓ ਹੈ ਬੀਚੋ***
***ਸੁਨਤ ਦੇਸਿ ਨਿਕਟਾਇਓ ॥***
***ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥***
***ਅੰਗ - ੬੨੪***

ਏਸ ਪੜਦੇ ਦੇ ਨਾਲ ਸਾਰੇ ਹੀ ਪੀੜਤ ਨੇ -

***ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ***
***ਰੋਗੀ ਵਿਚਿ ਹਉਮੈ ਕਾਰ ਕਮਾਈ ॥***
***ਅੰਗ - ੭੩੫***

ਹਉਮੈ ਦੇ ਵਿਚ ਕੰਮ ਕਰਦੇ ਨੇ, ਇਹ ਵੀ ਰੋਗੀ ਨੇ -

***ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ***
***ਹਰਿ ਗੁਰਮੁਖਿ ਸੋਝੀ ਪਾਈ ॥ ਅੰਗ - ੭੩੫***

ਗੁਰੂ ਧਾਰਨ ਨਹੀਂ ਇਹ ਕਰਦੇ, ਇਸ ਕਰਕੇ ਦੇਵਤਿਆਂ ਨੂੰ ਸੋਝੀ ਨਹੀਂ ਹੁੰਦੀ। ਵੈਸੇ ਨਾਮ ਦੀ ਲੋਚਾ ਕਰਦੇ ਨੇ, ਨਾਮ ਨਹੀਂ ਮਿਲਦਾ।

***ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ ..........॥***
***ਅੰਗ - ੯੧੮***

ਅੰਮ੍ਰਿਤ ਜੋ ਹੈ ਨਾਮ ਹੈ -

***ਸੁ ਅੰਮ੍ਰਿਤੁ ਗੁਰ ਤੇ ਪਾਇਆ ॥ ਅੰਗ - ੯੧੮***

ਉਹ ਤਾਂ ਗੁਰੂ ਤੋਂ ਬਗੈਰ ਮਿਲਦਾ ਨਹੀਂ। ਸੋ ਕਹਿਣ ਲੱਗੇ, ਬੁੱਧੂਸ਼ਾਹ! ਜਿਹੜੀ ਝੂਠੀ ਮੈਂ ਹੈ, ਇਹ ਹਉਮੈ ਦਾ

ਪਰਛਾਵਾਂ ਹੈ। ਇਹ ਰਾਤ ਹੈ, ਇਹ ਰਾਤ ਜਦੋਂ ਖਤਮ ਹੋਏਗੀ, ਦਿਨ ਚੜ੍ਹ ਜਾਏਗਾ। ਮੇਲ ਹੁੰਦਾ ਹੈ ਫੇਰ ਤਾਂ ਵਿਛੋੜਾ ਹੀ ਨਹੀਂ ਹੁੰਦਾ। ਇਹ ਹਉਮੈ ਨੇ ਇਕ ਪੜਦਾ ਪਾ ਦਿਤਾ।

ਜਦੋਂ ਤੂੰ ਹੋ ਗਿਆ ਤੇ ਅਸੀਂ ਹਟ ਗਏ।

*ਜਬ ਹਮ ਹੋਤੇ ਤਬ ਤੁਮ ਨਾਹੀ*
*ਅਬ ਤੁਮ ਹਹੁ ਹਮ ਨਾਹੀ ॥ ਅੰਗ - ੩੩੯*

ਗੱਲ ਐਨੀ ਹੀ ਹੈ, ਰੱਬ ਕਿਤੇ ਦੂਰ ਤਾਂ ਨਹੀਂ ਹੈ ਪਿਆਰਿਓ। ਰੱਬ ਅੰਦਰ ਵਸਦਾ ਹੈ ਇਕ ਪੜਦਾ ਪਿਆ ਹੋਇਆ ਹੈ, ਪਤਲਾ ਜਿਹਾ। ਉਹ ਐਡਾ ਜਬਰਦਸਤ ਹੈ, ਕਰੋੜਾਂ, ਅਰਬਾਂ, ਖਰਬਾਂ ਸਾਲ ਦਾ ਪਿਆ ਹੋਇਆ ਨਹੀਂ ਹਟਦਾ। ਉਹਨੂੰ ਹਟਾਉਣ ਵਾਸਤੇ ਕੋਈ ਇਲਾਜ ਹੈ? ਮਹਾਰਾਜ ਕਹਿੰਦੇ, ਉਹਦਾ ਇਲਾਜ ਪ੍ਰਮੇਸ਼ਰ ਦਾ ਨਾਮ ਹੈ।

*ਵਾਹਿਗੁਰੂ ਗੁਰਮੰਤ੍ਰ ਹੈ ਜਪੁ ਹਉਮੈ ਖੋਈ।*
*ਹਉਮੈ ਨਾਵੈ ਨਾਲਿ ਵਿਰੋਧੁ ਹੈ*
*ਦੁਇ ਨ ਵਸਹਿ ਇਕ ਠਾਇ ॥ ਅੰਗ - ੫੬੦*

ਹਉਮੈ ਹੈ ਕੀ? ਆਪਣੇ ਅਸਲੀ ਸਰੂਪ ਨੂੰ ਭੁੱਲ ਕੇ ਨਕਲੀ ਜੀਵ ਨੂੰ ਕਹਿਣਾ ਮੈਂ? ਮੇਰਾ ਘਰ, ਮੇਰਾ ਪਿਉ, ਮੇਰੀ ਮਾਂ, ਮੇਰਾ ਦੇਸ਼, ਮੇਰਾ ਫਲਾਣਾ, ਕਹਿੰਦਾ ਗੁਰਮੁਖ ਵੀ ਹੈ ਪਰ ਗੁਰਮੁਖ ਨੂੰ ਪਤਾ ਹੈ ਕਿ ਇਹ ਤਾਂ ਕੰਮ ਚਲਾਉਣ ਵਾਸਤੇ ਗੱਲ ਹੈ। ਮਨਮੁਖ ਨੂੰ ਨਹੀਂ ਪਤਾ ਉਹ ਸੱਚਮੁਚ ਸਮਝਦਾ ਹੈ। ਮਹਾਰਾਜ ਕਹਿੰਦੇ -

*ਭੋਲਿਆ ਹਉਮੈ ਸੁਰਤਿ ਵਿਸਾਰਿ ॥ ਅੰਗ - ੧੧੯੮*

ਕਹਿਣ ਲੱਗਿਆ, ਸੱਚ ਫੜਨਾ ਆਪਣੇ ਵਸ ਵਿਚ ਤਾਂ ਨਹੀਂ। ਮਹਾਰਾਜ ਕਹਿੰਦੇ, ਝੂਠ ਛੱਡਣਾ ਤਾਂ ਆਪਣੇ ਵਸ ਵਿਚ ਹੈ। ਕਹਿੰਦੇ, ਮਹਾਰਾਜ! ਕੋਈ ਇਲਾਜ ਦੱਸੋ?

ਕਹਿੰਦੇ, ਇਲਾਜ ਹੈ ਸਤਿਸੰਗ।

ਕਹਿੰਦਾ, ਸੱਚੇ ਪਾਤਸ਼ਾਹ! ਫੇਰ ਮੈਂ ਆਇਆ ਤਾਂ ਹਾਂ?

ਕਹਿੰਦੇ, ਆਇਆ ਤਾਂ ਹੈਂ ਸਤਿਸੰਗ 'ਚ ਪਰ ਝੂਠ ਦਾ ਬੁਰਕਾ ਪਾ ਕੇ ਆਇਆ ਹੈਂ। ਮੈਂ ਪੀਰ, ਮੇਰੇ ਨਾਲ ਚੇਲੇ, ਇਹ ਹਿੰਦੂ ਹੈ ਜੇ ਮੈਂ ਇਹਦੇ ਅੱਗੇ ਸੀਸ ਨਿਵਾਇਆ ਤਾਂ ਮੇਰੇ ਚੇਲੇ ਕੀ ਕਹਿਣਗੇ। ਇਹਦੀ ਉਮਰ ਛੋਟੀ ਹੈ, ਮੇਰੀ ਉਮਰ ਵੱਡੀ ਹੈ। ਕਿਉਂ ਬਈ ਬੁੱਧੂਸ਼ਾਹ ਝੂਠ ਦਾ ਚੋਲਾ ਨਹੀਂ ਪਹਿਨ ਕੇ ਆਇਆ? ਜਗਿਆਸੂ ਬਣ ਕੇ ਤਾਂ ਆਇਆ ਹੀ ਨਹੀਂ ਤੂੰ। ਜੇ ਹਾਸਲ ਕਰਨਾ ਹੈ ਤਾਂ ਨੱਚ, ਖੁਲ੍ਹ ਕੇ ਸਮਝ ਲੈ, ਤੇਰਾ ਸਰੂਪ ਜਿਹੜਾ ਹੈ ਉਹ ਇਹ ਨਹੀਂ ਹੈ, ਤੇਰਾ ਸਰੂਪ ਹੋਰ ਹੈ-

*ਧਾਰਨਾ - ਮਨ ਤੂੰ ਜੋਤ ਸਰੂਪ ਹੈਂ,*
*ਆਪਣਾ ਮੂਲ ਪਛਾਣ।*
*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥*
*ਅੰਗ - ੪੪੧*

ਕਹਿੰਦੇ, ਦੇਹੀ ਨਹੀਂ ਹੈ ਪੰਜ ਤੱਤਾਂ ਦੀ, ਨਾ ਤੂੰ 25 ਪ੍ਰਕ੍ਰਿਤੀਆਂ ਹੈਂ, ਨਾ ਤੂੰ ਪੰਜ ਤੱਤ ਹੈਂ, ਨਾ ਤੂੰ ਪੰਜ ਪ੍ਰਾਣਾਂ 'ਚੋਂ ਕੋਈ ਪ੍ਰਾਣ ਹੈਂ, ਨਾ ਤੂੰ ਮਨ ਹੈਂ, ਨਾ ਬੁੱਧੀ ਹੈਂ, ਨਾ ਤੂੰ ਚਿੱਤ ਹੈਂ, ਆਹ ਜਿਹੜਾ ਮੈਂ ਬਣ ਗਿਆ ਨਾ ਇਹ ਵਾਧੂ ਦੀ ਚੀਜ਼ ਹੈ, ਦਰਅਸਲ ਹੈ ਨਹੀਂ ਇਹ ਪਰਛਾਵਾਂ ਹੈ। ਇਹਨੂੰ ਚਲਾਉਣ ਵਾਲਾ, ਇਹਨੂੰ ਸ਼ਕਤੀ ਦੇਣ ਵਾਲਾ ਤੂੰ ਹੈਂ। ਤੇਰਾ ਨਾਉਂ ਆਤਮਾ ਹੈ, ਆਪਣਾ ਮੂਲ ਪਛਾਣ, ਤੂੰ ਤਾਂ ਦੇਹ ਬਣਿਆ ਬੈਠਾ ਹੈਂ। ਆਪਣੇ ਆਪ ਨੂੰ ਮਿੱਟੀ ਸਮਝਣ ਲੱਗ ਗਿਆ, ਤੂੰ ਨਾ ਜੰਮਦਾ ਹੈਂ ਨਾ ਮਰਦਾ ਹੈਂ, ਇਹ ਤਾਂ ਆਉਣਾ ਜਾਣਾ -

*ਜਿਨਿ ਰਚਿ ਰਚਿਆ ਪੁਰਖਿ ਬਿਧਾਤੈ*
*ਨਾਲੇ ਹਉਮੈ ਪਾਈ ॥*
*ਜਨਮ ਮਰਣੁ ਉਸ ਹੀ ਕਉ ਹੈ ਰੇ*
*ਓਹਾ ਆਵੈ ਜਾਈ ॥ ਅੰਗ - ੯੯੯*

ਜਿਹਦੇ ਨੇਤਰ ਖੁਲ੍ਹ ਗਏ -

*ਗਿਆਨ ਅੰਜਨੁ ਗੁਰਿ ਦੀਆ*
*ਅਗਿਆਨ ਅੰਧੇਰ ਬਿਨਾਸੁ ॥*
*ਹਰਿ ਕਿਰਪਾ ਤੇ ਸੰਤ ਭੇਟਿਆ*
*ਨਾਨਕ ਮਨਿ ਪਰਗਾਸੁ ॥ ਅੰਗ - ੨੯੩*

ਚਾਨਣਾ ਹੋ ਗਿਆ ਪਤਾ ਕੀ ਲੱਗਿਆ, ਹਨ੍ਹੇਰੇ ਵਿਚ ਰੱਸੀ ਪਈ ਸੀ, ਦਰਵਾਜ਼ੇ ਦੇ ਮੂਹਰੇ ਪਈ ਸੀ, ਬਾਹਰ ਨਿਕਲਣ ਲੱਗੇ ਡਰ ਗਏ ਕਿ ਇਹ ਤਾਂ ਸੱਪ ਪਿਆ ਹੈ। ਹਨ੍ਹੇਰ ਗੁਬਾਰ ਹੈ ਉਹ ਆਉਂਦੀ ਹੈ ਲੀਕ ਜਿਹੀ ਨਜ਼ਰ ਕਿ ਸੱਪ ਪਿਆ ਹੈ। ਸੋਟੀ ਕੋਲ ਨਹੀਂ ਕੋਈ। ਸਾਰੀ ਰਾਤ ਡਰਦਾ ਅੰਦਰ ਬੈਠਿਆ ਰਿਹਾ, ਜੇ ਭਲਾ ਮੰਜੇ ਕੋਲ ਦਿਸ ਜਾਵੇ ਰਾਤ ਨੂੰ, ਉਹ ਤਾਂ ਮਾੜਾ ਜਿਹਾ ਹਿੱਲੇ ਤੇ ਉਹ ਆ ਗਿਆ ਚੜ੍ਹਿਆ ਸੱਪ, ਸਾਰੀ ਰਾਤ ਪਰੇਸ਼ਾਨ ਰਹੇਗਾ। ਕਿਉਂਕਿ ਹਨ੍ਹੇਰਾ ਹੈ।

*ਅੰਧਕਾਰ ਸੁਖਿ ਕਬਹਿ ਨ ਸੋਈ ਹੈ ॥*
*ਰਾਜਾ ਰੰਕੁ ਦੋਊ ਮਿਲਿ ਰੋਈ ਹੈ ॥ ਅੰਗ - ੩੨੫*

ਹਨ੍ਹੇਰੇ ਵਿਚ ਵੀ ਕੋਈ ਸੁੱਖੀ ਹੋਇਆ ਹੈ। ਸੰਤ ਮਹਾਰਾਜ (ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ) ਵਾਲੇ ਇਕ ਸਾਖੀ ਸੁਣਾਇਆ ਕਰਦੇ ਸੀ ਕਿ ਜਦੋਂ ਆਹ ਨਹਿਰ ਬਣੀ ਤੁਹਾਡੇ ਪਿੰਡ ਵਾਲੀ, ਅੱਗੇ ਗਈ ਤਾਂ ਜਿਹੜੀ ਰਾਜਸਥਾਨ ਦੇ ਵਿਚ ਜਿਹੜੀ ਬਣੀ। ਉਥੇ ਪੁਲ ਬਣਾ ਕੇ ਲੱਕੜੀਆਂ ਗੱਡ ਦਿਤੀਆਂ ਦੋਵੇਂ ਪਾਸੇ। ਚਾਰ ਬੰਦੇ ਚੱਲੇ ਤੇ ਉਹ ਚੱਲੇ ਹੋਏ ਇਕ ਤਾਂ ਬ੍ਰਾਹਮਣ ਸੀ, ਇਕ ਖੱਤਰੀ ਸੀ, ਇਕ ਰਾਜਪੂਤ ਸੀ ਤੇ ਇਕ ਹੋਰ ਸੀ। ਪਹਿਲੇ ਜ਼ਮਾਨਿਆਂ 'ਚ ਸਾਝਰੇ ਹੀ ਤੁਰਦੇ ਹੁੰਦੇ ਕਿ ਦਿਨ ਅੱਧ ਵਿਚ ਜਾ ਕੇ ਚੜ੍ਹਾਉਣਾ ਹੈ। ਪ੍ਰਸ਼ਾਦੇ ਨਾਲ ਲੈਣੇ, ਕਿਸੇ ਖੂਹੀ 'ਤੇ ਬੈਠ ਕੇ ਖਾਂਦੇ ਹੁੰਦੇ। ਉਹ ਜਦੋਂ ਨਹਿਰ ਕੋਲ ਆਏ, ਪਹਿਲੀ ਵਾਰ ਆਏ ਸੀ, ਉਹ

ਲੱਕੜੀਆਂ ਦੇਖ ਕੇ ਉਨ੍ਹਾਂ ਨੇ ਕਿਹਾ ਕਿ ਲੈ ਬਈ, ਬੰਦਾ ਖੜ੍ਹਾ ਹੈ, ਬ੍ਰਾਹਮਣ ਸਿਆਣਾ ਹੁੰਦਾ ਹੈ, ਸਾਈਕੋਲੋਜੀ ਹੈ ਅੰਗਰੇਜ਼ ਨੇ ਕਿਹਾ ਹੈ ਐਨਸਾਈਕਲੋਪੀਡੀਆ ਵਿਚ ਕਿ ਹਿੰਦੁਸਤਾਨ ਦੇ ਬ੍ਰਾਹਮਣ ਨੂੰ ਸੌ ਸਾਲ ਪਹਿਲਾਂ ਪਤਾ ਲਗ ਜਾਂਦਾ ਹੈ, ਜਿਹੜਾ ਬਾਣੀਆਂ ਹੈ ਉਹਨੂੰ ਪੰਜਾਹ ਸਾਲ ਪਹਿਲਾਂ ਪਤਾ, ਜਦੋਂ ਸਰਵੇ ਅਜੇ ਹੋਣ ਹੀ ਲਗਦਾ ਹੈ ਉਸੇ ਵੇਲੇ ਕੋਨਿਆਂ 'ਤੇ ਜ਼ਮੀਨ ਲੈ ਲੈਂਦਾ ਹੈ, ਚੌਕਾਂ 'ਚ ਕਿ ਇਥੇ ਬਜ਼ਾਰ ਬਣਨਗੇ, ਐਥੇ ਪਹਿਲਾਂ ਹੀ ਜ਼ਮੀਨ ਖਰੀਦ ਲਓ। ਖੱਤਰੀ ਨੂੰ ਦੱਸ ਸਾਲ ਪਹਿਲਾਂ ਲੱਗ ਜਾਂਦਾ ਹੈ। ਉਹ ਕਰਦਾ-ਕਰਦਾ ਆ ਗਿਆ ਜੱਟ ਸਿੱਖਾਂ 'ਤੇ ਕਹਿੰਦਾ ਇਹ ਪਹਿਲਾਂ ਕੰਮ ਕਰਦੇ ਨੇ ਬਾਅਦ ਵਿਚ ਸੁਰਤ ਆਉਂਦੀ ਹੈ। ਜਿਹੜਾ ਹੈ ਪਠਾਣ ਉਹਨੂੰ ਇਕ ਸਾਲ ਬਾਅਦ ਪਤਾ ਲਗਦਾ ਹੈ ਕਿ ਮੈਂ ਗਲਤੀ ਕਰੀ। ਜਿਹੜਾ ਗੋਰਖਾ ਹੈ ਨਾ ਉਹਨੂੰ ਪਹਿਲਾਂ ਪਤਾ ਲਗਦਾ ਹੈ, ਨਾ ਪਿੱਛੋਂ ਲਗਦਾ ਹੈ। ਅੰਗਰੇਜ਼ ਨੇ ਕਿਹਾ ਤਿੰਨਾਂ ਨੂੰ ਫੌਜ 'ਚ ਭਰਤੀ ਕਰੋ। ਸਾਨੂੰ ਇਨ੍ਹਾਂ ਦੀ ਲੋੜ ਹੈ। ਜਿਹੜਾ ਪਹਿਲਾਂ ਹੀ ਸੋਚ ਲਏਗਾ ਉਹਨੇ ਲੜਾਈ ਕੀ ਕਰਨੀ ਹੈ।

ਸੋ ਉਨ੍ਹਾਂ ਦੇ ਵਿਚ ਜਿਹੜਾ ਰਾਜਪੂਤ ਸੀ ਉਹ ਕਹਿੰਦਾ ਓਏ ਆਪਾਂ ਚਾਰ ਹਾਂ, ਬਾਕੀ ਡਰ ਗਏ ਸਾਰੇ ਤੇ ਬਹਿ ਗਏ। ਇਹ ਰਾਜਪੂਤ ਨੇ ਆਪਣਾ ਪੱਲਾ ਭਰ ਲਿਆ ਇੱਟਾਂ ਦਾ, ਵੱਟਿਆਂ ਦਾ ਤੇ ਰੋੜ੍ਹੇ ਮਾਰਨ ਲੱਗ ਗਿਆ। ਨੇੜੇ ਐਨਾ ਆ ਗਿਆ ਕਿ ਲੱਕੜੀ 'ਚ ਲੱਗਿਆ ਆ ਕੇ ਰੋੜਾ। ਉਹ ਕਹਿੰਦਾ ਇਹ ਤਾਂ ਹਿਲਦੇ ਹੀ ਨਹੀਂ। ਉਹ ਹੋਰ ਨੇੜੇ ਆ ਕੇ ਪਰਲੀ 'ਚ ਮਾਰੀ ਜਾਵੇ ਕਿ ਸ਼ਾਇਦ ਕੋਈ ਓਧਰ ਹੋਵੇ। ਅਖੀਰ ਉਹਨੇ ਹਾਕ ਮਾਰੀ ਕਹਿੰਦਾ ਕੁਛ ਨਹੀਂ ਇਹ ਤਾਂ ਲੱਕੜੀ ਗੱਡੀ ਹੋਈ ਹੈ। ਉਹ ਫੇਰ ਵੀ ਨਾ ਆਉਣ, ਪਹੁ-ਫੁਟਾਲਾ ਹੋਇਆ, ਅੱਖਾਂ ਨਾਲ ਦੇਖੀ ਲੱਕੜੀ ਤਾਂ ਭਰਮ ਗਿਆ। ਇਸੇ ਤਰ੍ਹਾਂ ਦੇ ਨਾਲ ਸਾਨੂੰ ਭਰਮ ਪੈ ਗਿਆ। ਰੱਸੀ ਤਾਂ ਅਸੀਂ ਦੇਖ ਲਈ ਹਨ੍ਹੇਰੇ 'ਚ ਸਮਝਿਆ ਕੀ ਕਿ ਸੱਪ ਹੈ। ਜਦੋਂ ਦਿਨ ਚੜ੍ਹ ਗਿਆ ਤਾਂ ਸੱਪ ਕਿੱਥੇ ਨੱਠ ਗਿਆ? ਸੱਪ ਤਾਂ ਹੁੰਦਾ ਹੀ ਨਹੀਂ ਰੱਸੀ 'ਚ ਉਹ ਤਾਂ ਰੱਸੀ ਪਈ ਸੀ। ਇਹ ਜਿਨ੍ਹਾਂ ਦੇ ਨੇਤਰ ਖੁਲ੍ਹ ਗਏ ਉਨ੍ਹਾਂ ਨੇ ਦੇਖ ਲਿਆ ਕਿ ਇਥੇ ਪ੍ਰਮੇਸ਼ਰ ਤੋਂ ਹੋਰ ਹੈ ਨਹੀਂ ਕੁਛ। ਇਕੋ ਹੀ ਪ੍ਰਮੇਸ਼ਰ ਆਪਣੀ ਖੇਲ੍ਹ ਕਰ ਰਿਹਾ ਹੈ।

***ਏਕ ਮੂਰਤਿ ਅਨੇਕ ਦਰਸਨ***
***ਕੀਨ ਰੂਪ ਅਨੇਕ॥***
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥***
***ਜਾਪੁ ਸਾਹਿਬ***

ਇਹ ਕਿਉਂ ਨਹੀਂ ਦਿਸਦਾ ਵਾਹਿਗੁਰੂ ਕੋਲ ਰਹਿੰਦਾ ਹੋਇਆ। ਮਹਾਰਾਜ ਕਹਿੰਦੇ ਬੁੱਧੂਸ਼ਾਹ! ਹਉਮੈ ਨੇ ਪੜਦਾ ਪਾ ਦਿਤਾ। ਜਦੋਂ ਐਨੇ ਬਚਨ ਕਹੇ, ਨਿਹਚਾ ਆ ਗਿਆ, ਬਜਦ 'ਚ ਆ ਗਿਆ, ਨੱਚਣਾ ਸ਼ੁਰੂ ਕਰ ਦਿਤਾ। ਅਖੀਰ ਗੁਰੂ ਮਹਾਰਾਜ ਦੇ ਚਰਨਾਂ 'ਤੇ ਢਹਿ ਪਿਆ, ਮਹਾਰਾਜ ਜੀ ਨੇ ਹੱਥ ਫੜਿਆ ਬ੍ਰਹਮਗਿਆਨ ਦੀ ਦਾਤ ਦੇ ਦਿਤੀ, ਅੰਦਰਲੇ ਨੇਤਰ ਖੋਲ੍ਹ ਦਿਤੇ।

ਸੋ ਇਹ ਹਉਮੈ ਜਿਹੜਾ ਰੋਗ ਹੈ ਮਹਾਰਾਜ ਕਹਿੰਦੇ, ਇਹ ਮਨੁੱਖ ਦੇ ਹਿੱਸੇ 'ਚ ਆਇਆ ਹੋਇਆ ਹੈ। ਇਹਦਾ ਕੰਮ ਕੀ ਹੈ, ਵਾਹਿਗੁਰੂ ਨੂੰ ਨਹੀਂ ਦਿਸਣ ਦਿੰਦਾ, ਅੰਦਰ ਰਹਿੰਦੇ ਨੂੰ। ਬੰਦਾ ਜੰਮੀ ਜਾਂਦਾ ਹੈ, ਮਰੀ ਜਾਂਦਾ ਹੈ, ਕਰਮਾਂ ਦੇ ਹਿਸਾਬ ਨਾਲ ਜੀਵ ਆਤਮਾ ਸਰੀਰ ਧਾਰਨ ਕਰ ਲੈਂਦਾ ਹੈ। ਉਹ ਸਰੀਰ ਤੁਰਿਆ ਹੀ ਫਿਰਦਾ ਹੈ, ਝੂਠ ਜਿਹੜਾ ਹੈ ਉਹ ਪਰਛਾਵਾਂ ਹੈ। ਸੋ ਅੰਦਰ ਹਨ੍ਹੇਰਾ ਹੋਣ ਕਰਕੇ ਹੈ।

ਸੋ ਗੁਰੂ ਨਾਨਕ ਸਾਹਿਬ ਕਹਿਣ ਲੱਗੇ ਕਿ ਵੈਦ ਜੀ! ਦੇਖੋ ਕਿੰਨਾ ਖਤਰਨਾਕ ਰੋਗ ਹੈ। ਆਦਮੀ ਜੰਮ ਪੈਂਦਾ ਹੈ, ਮਰ ਜਾਂਦਾ ਹੈ - ਜੰਮ ਪੈਂਦਾ ਹੈ, ਮਰ ਜਾਂਦਾ ਹੈ। ਆਹ ਰੋਗ ਦਾ ਬੰਨ੍ਹਿਆ ਹੋਇਆ ਤੇ ਇਹ ਕੋਹੜ ਕਹਿੰਦੇ ਨੇ ਸਰੀਰ ਦਾ, ਮਨ ਦਾ। ਦੂਸਰਾ ਰੋਗ ਹੋਇਆ ਕਰਦਾ ਹੈ ਵਮਨ ਜਿਹਨੂੰ ਨਿੰਦਾ ਕਹਿੰਦੇ ਨੇ। ਨਿੰਦਾ ਉਹ ਕਰਿਆ ਕਰਦਾ ਹੈ, ਪਹਿਲਾਂ ਨਿੰਦਿਆ ਤੋਂ ਈਰਖਾ ਪੈਦਾ ਹੋਇਆ ਕਰਦੀ ਹੈ। ਕਿਸੇ ਦਾ ਪ੍ਰਤਾਪ ਨਾ ਦੇਖ ਕੇ ਉਹਦੇ 'ਚ ਜਲਣ ਸ਼ੁਰੂ ਹੋ ਜਾਣੀ। ਜਲਣ ਨੂੰ ਹਟਾਉਣ ਵਾਸਤੇ ਫੇਰ ਮਾੜੀਆਂ ਗੱਲਾਂ, ਅਣਹੋਈਆਂ ਗੱਲਾਂ ਕਰਨੀਆਂ। ਨਤੀਜਾ ਕੀ ਨਿਕਲਦਾ ਹੈ। ਮਹਾਰਾਜ ਕਹਿੰਦੇ, ਨਤੀਜਾ ਕੀ ਨਿਕਲਣਾ ਸੀ, ਮਹਾਰਾਜ ਕਹਿੰਦੇ, ਕੁੰਭੀ ਨਰਕ 'ਚ ਜਾਂਦਾ ਹੈ।

*ਨਿੰਦਾ ਭਲੀ ਕਿਸੈ ਕੀ ਨਾਹੀ*
*ਮਨਮੁਖ ਮੁਗਧ ਕਰੰਨਿ ॥*
*ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥*
*ਅੰਗ - ੭੫੫*

ਘੋਰ ਨਰਕਾਂ 'ਚ ਜਾਂਦਾ ਹੈ, ਨਿੰਦਿਆ ਕਰਨ ਵਾਲਾ।

*ਏ ਮਨ ਜੈਸਾ ਸੇਵਹਿ ਤੈਸਾ ਹੋਵਹਿ*
*ਤੇਹੇ ਕਰਮ ਕਮਾਇ ॥*
*ਆਪਿ ਬੀਜਿ ਆਪੇ ਹੀ ਖਾਵਣਾ*
*ਕਹਣਾ ਕਿਛੂ ਨ ਜਾਇ ॥ ਅੰਗ - ੭੫੫*
*ਜਨਮ ਜਨਮ ਕੀ ਮਲੁ ਧੋਵੈ ਪਰਾਈ*
*ਆਪਣਾ ਕੀਤਾ ਪਾਵੈ ॥*
*ਈਹਾ ਸੁਖੁ ਨਹੀ ਦਰਗਹ ਢੋਈ*
*ਜਮ ਪੁਰਿ ਜਾਇ ਪਚਾਵੈ ॥ ਅੰਗ - ੩੮੦*
*ਨਿੰਦਕੁ ਨਿੰਦਾ ਕਰਿ ਮਲੁ ਧੋਵੈ*
*ਓਹੁ ਮਲਭਖੁ ਮਾਇਆਧਾਰੀ ॥ ਅੰਗ - ੫੦੭*

ਇਕ ਵਾਰੀ ਇਕ ਰਾਜਾ ਹੋਇਆ ਹੈ ਉਹ ਸਵੇਰ ਵੇਲੇ ਦਾਨ ਕਰਿਆ ਕਰਦਾ ਸੀ, ਨੌਂ ਵਜੇ ਤੱਕ। ਸੋਨਾ ਵੀ ਦਾਨ ਕਰਦਾ ਸੀ, ਵਸਤਰ ਵੀ ਦਾਨ ਕਰਦਾ ਸੀ, ਅਜੁ ਉਹਦਾ

ਨਾਉਂ ਸੀ। ਦਾਨ ਦਾ ਸਮਾਂ ਲੰਘ ਗਿਆ ਘੋੜਿਆਂ ਦੇ ਤਬੇਲੇ 'ਚ ਗਿਆ ਹੋਇਆ ਸੀ। ਉਥੇ ਇਕ ਸਾਧੂ ਲੇਟ ਆਇਆ, ਉਹਨੇ ਕਿਹਾ ਕਿ ਮੈਂ ਤਾਂ ਦਾਨ ਲੈਣਾ ਸੀ। ਰਾਜਾ ਕਿੱਥੇ ਹੈ? ਉਹ ਕਹਿੰਦੇ ਜੀ ਤਬੇਲੇ 'ਚ ਹੈ। ਉਹ ਤਬੇਲੇ 'ਚ ਚਲਿਆ। ਰਾਜਾ ਬੜਾ ਨਰਾਜ਼ ਹੋਇਆ ਕਿ ਹੁਣ ਦਾਨ ਦਾ ਤਾਂ ਸਮਾਂ ਨਹੀਂ ਇਹ ਸੰਤ ਐਸ ਵੇਲੇ ਆਇਆ ਹੈ। ਉਹਨੇ ਆਵਾਜ਼ ਦਿਤੀ ਕਹਿੰਦਾ ਹੁਣ ਮੇਰੇ ਕੋਲ ਕੁਛ ਨਹੀਂ, ਕਹਿੰਦੇ ਜੋ ਕੁਛ ਹੈ ਦੇ ਦੇ। ਰਾਜੇ ਨੂੰ ਕੀ ਸੁੱਝੀ, ਗੁੱਸੇ 'ਚ ਆ ਗਿਆ ਤੇ ਉਹਨੇ  ਸਾਈਸ??? ਕਿਹਾ ਕਿ ਉਂਜਲ ਲਿਆ ਭਰ ਕੇ ਲਿੱਦ ਦਾ, ਉਂਜਲ ਲਿਆ ਤੇ ਕਹਿ ਦਿਤਾ ਕਿ ਸੰਤ ਜੀ, ਆਹੀ ਹੈ ਸਾਡੇ ਕੋਲ ਤਾਂ, ਕਹਿੰਦੇ ਦੇ ਦਿਓ ਇਹੀ। ਚਿੱਪੀ ਕਰੀ ਅੱਗੇ ਅਸੀਸ ਦੇ ਦਿਤੀ ਕਿ ਰਾਜਾ ਲੱਖਾਂ ਗੁਣਾਂ ਹੋਵੇ ਤੇਰਾ। ਸਾਧੂ ਜਿਹੜੇ ਹੁੰਦੇ ਨੇ ਨਾ ਤਾਂ ਸਾਧੂਆਂ ਨੂੰ ਗੁੱਸਾ ਆਇਆ ਕਰਦਾ ਹੈ, ਨਾ ਸਾਧੂ ਇਜ਼ਤ ਤੇ ਬੇਇਜ਼ਤ ਵਿਚ ਹੁੰਦੇ ਨੇ।

ਉਨ੍ਹਾਂ ਨੂੰ ਤਾਂ ਇਹ ਪਤਾ ਹੁੰਦਾ ਹੈ ਕਿ ਮੈਂ ਪ੍ਰਮੇਸ਼ਰ ਨਾਲ ਤਾਂ ਨਹੀਂ ਵਿਛੜਿਆ ਹੋਇਆ। ਉਨ੍ਹਾਂ ਨੂੰ ਹੋਰ ਹੀ ਕੰਮ ਹੁੰਦੇ ਨੇ, ਨਿੰਦਾ ਉਸਤਤਿ ਨਾਲ ਉਨ੍ਹਾਂ ਦਾ ਵਾਹ ਨਹੀਂ ਹੁੰਦਾ। ਨਾ ਉਸਤਤਿ ਉਨ੍ਹਾਂ ਦਾ ਕੁਛ ਬਣਾਉਂਦੀ ਹੈ, ਨਾ ਨਿੰਦਿਆ ਉਨ੍ਹਾਂ ਦਾ ਕੁਛ ਘਟਾਉਂਦੀ ਹੈ। ਉਥੇ ਜਾ ਕੇ ਸਿਟ ਦਿਤਾ, ਅਸੀਸ ਦਿਤੀ ਪੂਰੇ ਦਿਲ ਦੇ ਨਾਲ ਤੇ ਸਮਾਂ ਪਾ ਕੇ ਰਾਜਾ ਅਜੁ ਜੰਗਲ 'ਚ ਗਿਆ ਜਿਥੇ ਕੁਟੀਆ ਸੀ, ਦੂਰੋਂ ਹੀ ਕੀ ਦੇਖਦਾ ਹੈ ਕਿ ਇਕ ਬੜਾ ਭਾਰਾ ਢੇਰ ਲੱਗਿਆ ਪਿਆ ਹੈ ਲਿੱਦ ਦਾ। ਵਜ਼ੀਰ ਨੂੰ ਪੁੱਛਿਆ ਕਿ ਵਜ਼ੀਰ ਸਾਹਿਬ ਇਥੇ ਘੋੜੇ ਤਾਂ ਨਜ਼ਰ ਨਹੀਂ ਆਉਂਦੇ, ਐਨੀ ਲਿੱਦ ਕਿੱਥੋਂ ਆ ਗਈ। ਕਹਿੰਦੇ, ਮਹਾਰਾਜ! ਸੰਤਾਂ ਨੂੰ ਪੁੱਛਦੇ ਹਾਂ। ਸੰਤਾਂ ਕੋਲ ਚਲੇ ਗਏ, ਜਾ ਕੇ ਰਾਜੇ ਨੇ ਸਵਾਲ ਕਰਿਆ ਕਿ ਮਹਾਰਾਜ! ਆਹ ਲਿੱਦ ਐਨੀ ਕਿੱਥੋਂ ਆ ਗਈ, ਘੋੜੇ ਰੱਖੇ ਹੋਏ ਨੇ? ਕਹਿੰਦੇ, ਨਹੀਂ ਰਾਜਨ! ਇਹ ਕਿਸੇ ਪ੍ਰੇਮੀ ਨੇ ਦਾਨ ਦਿਤਾ ਹੋਇਆ ਹੈ? ਕਹਿੰਦਾ, ਬੜਾ ਮੂਰਖ ਹੈ ਲਿੱਦ ਦਾ ਦਾਨ? ਕਹਿੰਦੇ, ਹਾਂ ਤੂੰ ਹੀ ਦਿਤਾ ਸੀ। ਕਹਿੰਦਾ ਮਹਾਰਾਜ! ਇਹ ਤਾਂ ਐਨਾ ਵਧ ਗਿਆ। ਕੀ ਕਰਾਂ ਮੈਂ ਖੇਤਾਂ 'ਚ ਪਾ ਲਵਾਂ। ਕਹਿੰਦੇ ਤੂੰ ਸੂਰ ਹੋ ਕੇ ਇਹਨੂੰ ਖਾਏਂਗਾ। ਲੱਖਾਂ ਜਨਮਾਂ 'ਚ ਵੀ ਨਹੀਂ ਤੇਰੇ ਤੋਂ ਖਾਧਾ ਜਾਣਾ। ਤੇਰਾ ਦਾਨ ਐਨਾ ਫੈਲਣਾ ਹੈ। ਰੋਣ ਲੱਗ ਗਿਆ ਰਾਜਾ ਕਿ ਮਹਾਰਾਜ! ਮੇਰੇ ਤੋਂ ਬੜੀ ਭੁੱਲ ਹੋਈ। ਸਾਧੂ ਖਿਮਾ ਕਰਦੇ ਆਏ, ਕ੍ਰਿਪਾ ਕਰੋ ਮੇਰੇ ਤੇਰੇ ਖਿਮਾ ਕਰੋ। ਅਸੀਂ ਗ੍ਰਿਹਸਤੀ ਬੰਦੇ ਭੁੱਲਾਂ ਕਰਨ ਵਾਲੇ ਹਾਂ। ਤੁਸੀਂ ਪ੍ਰਮੇਸ਼ਰ ਦੇ ਪਿਆਰੇ ਓਂ ਕ੍ਰਿਪਾ ਕਰੋ।  ਉਸ ਵੇਲੇ ਕਹਿੰਦੇ ਰਾਜਨ! ਇਕੋ ਹੀ ਤਰੀਕਾ ਹੈ ਤੂੰ ਆਪਣੇ ਸ਼ਹਿਰ ਦੇ ਵਿਚ ਨਿੰਦਿਆ ਕਰਾ ਲੈ, ਇਹ ਘਟ ਜਾਏਗਾ, ਸਵੇਰੇ ਆ ਜਾਈਂ, ਦੇਖ ਲਈਂ ਘਟਿਆ ਹੋਇਆ, ਸੋ ਰਾਜਾ ਘਰ ਗਿਆ, ਜਵਾਨ ਲੜਕੀ ਸੀ ਬੱਘੀ ਦੇ ਵਿਚ ਬਿਠਾਈ ਹੋਈ ਨਾਲ। ਆਪ ਕੇਸ ਖੋਲ੍ਹ ਲਏ, ਇਕ ਵੇਸਵਾ ਬਿਠਾ ਲਈ, ਹੱਥ ਦੇ ਵਿਚ ਰੰਗੀਆਂ ਹੋਈਆਂ ਬੋਤਲਾਂ ਲੈ ਕੇ ਐਉਂ ਕਰ ਦਿਤਾ ਕਿ ਰਾਜਾ ਸ਼ਰਾਬੀ ਹੋਇਆ ਜਾਂਦਾ ਹੈ ਇਕ ਪਾਸੇ ਲੜਕੀ ਹੈ ਇਕ ਪਾਸੇ ਵੇਸਵਾ ਹੈ। ਐਹੋ ਜਿਹੀਆਂ ਹਰਕਤਾਂ ਕਰਦਾ ਹੈ ਕਿ ਰਾਜੇ ਦਾ ਭ੍ਰਿਸ਼ਟ ਹੋ ਗਿਆ ਜਨਮ। ਸਾਰਾ ਹੀ ਸ਼ਹਿਰ ਨਿੰਦਿਆ ਕਰਨ ਲੱਗ ਗਿਆ। ਸਾਰੇ ਸ਼ਹਿਰ 'ਚ ਗੱਲ ਘੁੰਮ ਗਈ ਤੇ ਸਵੇਰੇ ਹੀ ਰਾਜਾ ਘੋੜੇ 'ਤੇ ਚੜ੍ਹਿਆ ਉਥੇ ਆ ਕੇ ਕੀ ਦੇਖਦਾ ਹੈ ਕਿ ਇਕ ਉਂਜਲ ਪਿਆ ਹੈ। ਕਹਿੰਦਾ, ਮਹਾਰਾਜ! ਆਹ ਤਾਂ ਬਚ ਗਈ, ਕਹਿੰਦੇ ਵੱਧ ਜਾਣੀ ਹੈ ਫੇਰ। ਕਹਿੰਦਾ ਮਹਾਰਾਜ! ਕੋਈ ਜੁਗਤ ਦੱਸੋ? ਕਹਿੰਦੇ, ਤੇਰੇ ਸ਼ਹਿਰ ਦੇ ਅੰਦਰ ਇਕ ਬ੍ਰਹਮਗਿਆਨੀ ਮਹਾਂਪੁਰਸ਼ ਹੈ, ਗੁਪਤ ਵਰਤਦਾ ਹੈ ਉਹ, ਉਹਨੇ ਕੋਈ ਭੇਖ ਨਹੀਂ ਬਣਾਇਆ ਹੋਇਆ। ਕਹਿੰਦਾ, ਮਹਾਰਾਜ! ਮੈਨੂੰ ਕਿਵੇਂ ਪਤਾ ਲੱਗੇ? ਕਹਿੰਦੇ, ਉਹ ਫਲਾਣੇ ਪਾਸੇ ਲੁਹਾਰ ਦਾ ਕੰਮ ਕਰਦਾ ਹੈ ਆਪਣਾ। ਉਥੇ ਚਲਿਆ ਜਾਹ, ਉਹ ਨਿੰਦਿਆ ਕਰ ਦੇਵੇ ਤਾਂ ਘਟ ਜਾਏਗਾ। ਉਸ ਵੇਲੇ ਹਾੜੀ ਵੱਢਣ ਦੇ ਦਿਨ ਸੀ, ਚੌਦਾਂ ਪੰਦਰਾਂ ਦਾਤੀਆਂ ਲਈਆਂ, ਜ਼ਿੰਮੀਦਾਰ ਦਾ ਬਣਾਇਆ ਸਾਂਗ, ਇਕੱਲਾ ਹੀ ਤੁਰਿਆ ਜਾਂਦਾ ਹੈ, ਦਾਤੀਆਂ ਬੰਨ੍ਹੀਆਂ ਹੋਈਆਂ ਨੇ ਪਰਨੇ 'ਚ ਪਿਛਲੇ ਪਾਸੇ ਰੱਖੀਆਂ ਹੋਈਆਂ ਨੇ। ਉਥੇ ਜਾ ਕੇ ਕਹਿੰਦਾ, ਮਿਸਤਰੀ ਜੀ, ਮਿਸਤਰੀ ਜੀ, ਆਹ ਕ੍ਰਿਪਾ ਕਰੋ ਹਾੜੀ ਵੱਢਣ ਵਾਲੀ ਆ ਗਈ ਤੇ ਮੇਰੀਆਂ ਦਾਤੀਆਂ ਦੇ ਦੰਦੇ ਕੱਢ ਦਿਓ। ਦਾਤੀਆਂ ਰੱਖ ਦਿਤੀਆਂ, ਉਹਨੇ ਟਕੋਰਾ ਲਿਆ, ਜਦੋਂ ਅੱਧੀ ਦਾਤੀ ਦੇ ਦੰਦੇ ਨਿਕਲ ਗਏ, ਕਹਿੰਦਾ, ਮਿਸਤਰੀ ਜੀ! ਐਉਂ ਤਾਂ ਬੜੀ ਦੇਰ ਲੱਗਣੀ ਹੈ, ਤੁਸੀਂ ਕੋਈ ਗੱਲਬਾਤ ਸੁਣਾਓ। ਉਹ ਚੁੱਪ ਕਰ ਰਹੇ, ਫੇਰ ਕਿਹਾ, ਗੱਲਬਾਤ ਸੁਣਾਓ। ਉਨ੍ਹਾਂ ਨੇ ਟਕੋਰਾ ਖੜ੍ਹਾ ਕਰ ਲਿਆ, ਰੋਕ ਲਿਆ ਤੇ ਉਹਦੇ ਵਲ ਦੇਖਿਆ। ਕਹਿੰਦਾ, ਮਿਸਤਰੀ ਜੀ! ਤੁਹਾਨੂੰ ਪਤਾ ਹੈ ਰਾਜੇ ਅਜੁ ਨੇ ਕੱਲ੍ਹ ਕੀ ਕਰਿਆ? ਉਹ ਚੁੱਪ ਕਰ ਗਏ। ਦਾਤੀਆਂ ਇਕੱਠੀਆਂ ਕਰਨ ਲੱਗ ਗਏ। ਕਹਿੰਦਾ, ਮਿਸਤਰੀ ਜੀ! ਹੁੰਗਾਰਾ ਹੀ ਨਹੀਂ ਭਰਦੇ ਤੁਸੀਂ? ਕਹਿੰਦੇ ਆਹ ਫੜ ਦਾਤੀਆਂ ਆਪਣੀਆਂ, ਆਪਣੀ ਲਿੱਦ ਆਪ ਖਾ, ਮੈਂ ਨਹੀਂ ਖਾਣੀ। ਵਾਪਸ ਆ ਗਿਆ, ਕਹਿੰਦਾ ਮਹਾਂਪੁਰਸ਼ੋ ਉਹ ਨਿੰਦਿਆ ਨਹੀਂ ਕਰਦਾ, ਉਹ ਤਾਂ ਗੱਲ ਨਹੀਂ ਕਰਦਾ ਕੋਈ ਵੀ। ਕਹਿੰਦੇ, ਰਾਜਨ! ਹੁਣ ਫੇਰ ਤੈਨੂੰ ਖਾਣੀ ਪੈਣੀ ਹੈ। ਕਹਿਣ ਲੱਗਿਆ, ਮਹਾਰਾਜ! ਕੋਈ ਜੁਗਤ ਦੱਸੋ? ਕਹਿੰਦੇ, ਜੁਗਤ ਇਹ ਹੈ ਕਿ ਇਹਨੂੰ ਅੱਗ ਦੇ ਵਿਚ ਜਾਲ ਲਈਂ, ਕਪੜਛਾਣ ਕਰ ਲਈਂ। ਫੇਰ ਜਿਹੜਾ ਬਚੇ ਉਹਨੂੰ ਫੇਰ ਅੱਗ 'ਚ ਪਾਈਂ। ਏਸ ਲਿੱਦ ਨੂੰ ਤੂੰ ਚੂਰਣ ਵਿਚ ਰਲਾ ਲਈਂ। ਥੋੜ੍ਹੀਆਂ-ਥੋੜ੍ਹੀਆਂ ਗੋਲੀਆਂ ਖਾ ਲਈਂ। ਇਹ ਤੇਰੇ ਖਾਣ ਤੇ ਮੁੱਕਣੀ ਹੈ ਐਉਂ ਨਹੀਂ ਮੁੱਕਣੀ। ਪਰ ਮੈਂ ਤੈਨੂੰ ਐਉਂ ਨਹੀਂ ਦਿੰਦਾ, ਭਿਖਾਰੀ ਬਣ ਕੇ ਆ। ਰਾਜਾ ਭਿਖਾਰੀ ਬਣ ਕੇ ਖੜ੍ਹਿਆ ਸੰਤਾਂ ਦੇ ਦਰ ਤੇ ਕਿ ਮਹਾਰਾਜ! ਲਿੱਦ ਦਾਨ ਮੇਰੀ

ਝੋਲੀ 'ਚ ਪਾ ਦਿਓ। ਮਹਾਤਮਾ ਨੇ ਲਿੱਦ ਵਲ ਇਸ਼ਾਰਾ ਕਰ ਦਿਤਾ। ਚੁਕ ਲਈ ਤੇ ਉਸ ਵੇਲੇ ਘਰ ਲੈ ਗਿਆ। ਜਿਸ ਵਕਤ ਚੂਰਣ ਖਾਂਦਾ ਹੈ ਇਹਨੂੰ ਤਾਂ ਹੁਣ ਪਤਾ ਹੈ ਕਿ ਮੈਂ ਲਿੱਦ ਖਾਂਦਾ ਹਾਂ। ਮਹਾਰਾਜ ਕਹਿੰਦੇ –

***ਅਜੈ ਸੁ ਰੋਵੈ ਭੀਖਿਆ ਖਾਇ ॥***
***ਐਸੀ ਦਰਗਹ ਮਿਲੈ ਸਜਾਇ ॥ ਅੰਗ – ੯੫੩***

ਜਦੋਂ ਭਿਖਿਆ ਖਾਂਦਾ ਹੈ, ਲਿੱਦ ਦੀਆਂ ਗੋਲੀਆਂ ਖਾਂਦਾ ਹੈ, ਰੋਂਦਾ ਹੈ। ਮਹਾਰਾਜ ਕਹਿੰਦੇ ਪਿਆਰਿਓ! ਐਸਾ ਕੰਮ ਹੀ ਨਾ ਕਰੋ। ਇਹ ਬਹੁਤ ਮਾੜੀ ਚੀਜ਼ ਹੈ।

***ਧਾਰਨਾ – ਨਿੰਦਾ ਭਲੀ ਕਿਸੇ ਦੀ ਨਾਹੀ,***
***ਮਨਮੁਖ ਲੋਕੀ ਕਰਦੇ ਨੇ।***
***ਨਿੰਦਾ ਭਲੀ ਕਿਸੈ ਕੀ ਨਾਹੀ***
***ਮਨਮੁਖ ਮੁਗਧ ਕਰੰਨਿ ॥***
***ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥***
***ਅੰਗ – ੭੫੫***

ਚਾਰ ਉਂਗਲ ਦੀ ਜ਼ੁਬਾਨ ਕੁੰਭੀ ਨਰਕ 'ਚ ਲੈ ਜਾਂਦੀ ਹੈ। ਇਹੀ ਚਾਰ ਉਂਗਲ ਦੀ ਜ਼ੁਬਾਨ ਜੇ ਵਾਹਿਗੁਰੂ–ਵਾਹਿਗੁਰੂ, ਰਾਮ–ਰਾਮ, ਅੱਲਾਹ–ਅੱਲਾਹ, ਗੋਬਿੰਦ–ਗੋਬਿੰਦ ਕਰੇ ਤਾਂ ਇਹ ਪ੍ਰਮੇਸ਼ਰ ਬਣਾ ਦਿੰਦੀ ਹੈ ਇਸ ਜੀਵ ਨੂੰ। ਜ਼ੁਬਾਨ ਦਾ ਪ੍ਰਯੋਗ ਸਹੀ ਕਰਨਾ, ਜ਼ੁਬਾਨ ਦਾ ਪ੍ਰਯੋਗ ਗਲਤ ਕਰਨਾ।

ਮਹਾਰਾਜ ਜੀ ਕਹਿੰਦੇ, ਵੈਦ ਜੀ! ਦੇਖੋ ਕਿਹੋ ਜਿਹਾ ਭਿਆਨਕ ਰੋਗ ਹੈ। ਤੀਸਰਾ ਰੋਗ ਹੋਇਆ ਕਰਦਾ ਹੈ ਚੁਗਲੀ ਦਾ, ਨਿੰਦਿਆ ਦੀ ਛੋਟੀ ਭੈਣ ਹੈ, ਕਿੰਨਾ ਨੁਕਸਾਨ ਹੁੰਦਾ ਹੈ, ਪਿੰਡਾਂ 'ਚ ਜਿੰਨੇ ਰੌਲੇ–ਰੱਪੇ ਪੈਂਦੇ ਨੇ, ਚੁਗਲ ਬੰਦਿਆਂ ਦਾ ਕੰਮ ਹੁੰਦਾ ਹੈ। ਇਸਨੂੰ diplomacy ਕਹਿੰਦੇ ਨੇ। ਨਾਲ ਰਲਾ ਲਿਆ ਕਿ ਇਹ ਤਾਂ ਕਰਨਾ ਹੀ ਚਾਹੀਦਾ ਹੈ। ਕੰਮ ਤਾਂ ਚੱਲੇਗਾ ਜੇ ਦੋਹਾਂ ਨੂੰ ਪਾੜਾਂਗੇ। ਕਿਉਂਕਿ ਪਾੜਨ ਬਗੈਰ ਵੋਟਾਂ ਨਹੀਂ ਮਿਲਦੀਆਂ। ਰੌਲਾ–ਰੱਪਾ ਨਹੀਂ, ਪਾਰਟੀ ਨਹੀਂ ਬਣਦੀ, ਲੇਕਿਨ ਨਤੀਜਾ ਕਿੰਨਾ ਭਿਆਨਕ ਹੈ। ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲੇ) ਦੱਸਿਆ ਕਰਦੇ ਸੀ ਕਿ ਇਕ ਪਠਾਣ ਸੀ ਉਹਦੀ ਬੇਗਮ ਕਹਿਣ ਲੱਗੀ ਕਿ ਮੇਰੇ ਤੋਂ ਕੰਮ ਨਹੀਂ ਹੁੰਦਾ, ਕੰਮ ਵੱਧ ਗਿਆ ਕੋਈ ਨੌਕਰ ਲਿਆਓ। ਨੌਕਰ ਲੈਣ ਵਾਸਤੇ ਚਲੇ ਜਾਂਦੇ ਨੇ। ਇਕ ਬੰਦਾ ਖਸਤਾ ਜਿਹੀ ਹਾਲਤ ਵਿਚ ਫਿਰਦਾ ਹੈ। ਉਸ ਨੂੰ ਪੁੱਛਿਆ ਕਿ ਨੌਕਰੀ ਕਰਨੀ ਹੈ? ਕਹਿੰਦਾ, ਹਾਂ ਕਰਨੀ ਹੈ? ਕਹਿੰਦਾ, ਤਨਖਾਹ ਕੀ ਲਏਂਗਾ? ਕਹਿੰਦਾ, ਇਹ ਨਹੀਂ ਮੈਂ ਦੱਸਣਾ ਪਹਿਲਾਂ ਹਫਤਾ ਭਰ ਮੇਰੇ ਤੋਂ ਕੰਮ ਕਰਾ ਲਓ। ਹਫਤਾ ਭਰ ਜਦੋਂ ਕੰਮ ਕਰਾਇਆ, ਬੱਚਿਆਂ ਨੂੰ ਵੀ ਖਿਡਾਉਂਦਾ ਹੈ, ਪ੍ਰਸ਼ਾਦਾ ਵੀ ਲਾਹੁੰਦਾ ਹੈ, ਭਾਂਡੇ ਵੀ ਮਾਂਜਦਾ ਹੈ, ਧਾਰਾਂ ਵੀ ਕੱਢਦਾ ਹੈ, ਖੇਤ ਵਿਚ ਜਾ ਕੇ ਪਾਣੀ ਵੀ ਦੇਣ ਲਗ ਜਾਂਦਾ ਹੈ, ਸਾਰੇ ਕੰਮ ਕਰਦਾ ਹੈ। ਕਹਿੰਦੇ, ਇਹੋ ਜਿਹਾ ਨੌਕਰ ਤਾਂ ਹੋ ਹੀ ਨਹੀਂ ਸਕਦਾ ਕਿਸੇ ਦੇ। ਪਠਾਣ ਨੇ ਕਿਹਾ ਕਿ ਲੈ ਬਈ ਹੁਣ ਤੂੰ ਦੱਸ ਕੀ ਲੈਣਾ ਹੈ? ਕਹਿੰਦਾ ਐਉਂ ਨਹੀਂ। ਕੋਰਟ ਵਿਚ ਚੱਲ ਆਪਾਂ ਅਸ਼ਟਾਮ ਲਿਖਾਂਗੇ। ਅਸ਼ਟਾਮ ਲੈ ਲਿਆ ਤੇ ਉਸ ਤੇ ਲਿਖਣਾ ਸ਼ੁਰੂ ਕਰ ਦਿਤਾ। ਮੈਂ ਛੇ ਮਹੀਨੇ ਬਾਅਦ ਦੋ ਸੂਟ ਲਵਾਂਗਾ, ਸਾਲ ਬਾਅਦ ਜੁੱਤੀ ਲਵਾਂਗਾ। ਹੋਰ ਪੈਸਾ ਟਕਾ ਮੈਂ ਕੋਈ ਨਹੀਂ ਲੈਣਾ। ਰੋਟੀ ਜਿਹੋ ਜਿਹੀ ਇਹ ਦੇ ਦੇਣਗੇ ਮੈਂ ਖਾ ਲਵਾਂਗਾ। ਪਠਾਣ ਬੜਾ ਖੁਸ਼ ਹੋ ਗਿਆ। ਕਹਿੰਦਾ ਲਿਖੋ ਇਕ ਗੱਲ ਹੋਰ ਕਿ ਮੇਰੇ 'ਚ ਇਕ ਬੜਾ ਭਾਰਾ ਔਗੁਣ ਹੈ। ਕਹਿੰਦੇ ਕੀ ਹੈ? ਕਹਿੰਦਾ, ਮੈਂ ਦੋ ਤਿੰਨ ਸਾਲ ਤੋਂ ਬਾਅਦ ਚੁਗਲੀ ਕਰਦਾ ਹੁੰਦਾ ਹਾਂ। ਉਸ ਚੁਗਲੀ ਨਾਲ ਜੇ ਕੋਈ ਨੁਕਸਾਨ ਹੋ ਗਿਆ, ਮੈਂ ਨਹੀਂ ਜ਼ਿੰਮੇਵਾਰ। ਐਥੇ ਲਿਖ ਲਓ ਕੋਰਟ ਵਿਚ। ਤੁਸੀਂ ਸਾਵਧਾਨ ਰਹਿਣਾ, ਮੈਂ ਚੁਗਲੀ ਕਰਦਾ ਜਾਂ ਕੀ ਕਰਦਾ ਹਾਂ। ਪਠਾਣ ਕਹਿਣ ਲੱਗਿਆ ਕਿ ਇਹ ਵੀ ਕੋਈ ਗੱਲ ਹੈ। ਕਹਿੰਦਾ, ਐਵੇਂ ਨਹੀਂ ਮੈਂ ਕਰਦਾ, ਚੰਗਾ ਭਲਾ ਹਾਂ, ਮੈਨੂੰ ਇਕ ਦੌਰਾ ਪੈਂਦਾ ਹੈ। ਫੇਰ ਨਹੀਂ ਮੇਰੇ ਤੋਂ ਹਟ ਹੁੰਦਾ। ਨੌਕਰੀ ਕਰਨ ਲੱਗ ਗਿਆ ਤੇ ਬਹੁਤ ਵਧੀਆ ਫਿੱਟ ਬਹਿ ਗਿਆ ਪਰਿਵਾਰ ਦੇ, ਦੋ ਸਾਲ ਲੰਘ ਗਏ ਤੀਸਰਾ ਆ ਗਿਆ। ਚੁੱਪ ਕਰਿਆ ਬੈਠਾ ਹੈ ਅੱਜ ਨਾ ਨਾੜ੍ਹਾ ਹੈ, ਨਾ ਧੋਤਾ ਹੈ, ਗੋਡੇ ਦੇ ਉਤੇ ਕੂਹਣੀ ਰੱਖੀ ਹੋਈ ਹੈ ਤੇ ਠੋਡੀ ਰੱਖੀ ਹੋਈ ਹਥੇਲੀ 'ਤੇ। ਬੇਗਮ ਆਈ ਤੇ ਕਹਿਣ ਲੱਗੀ ਕਿ ਵੇ ਤੂੰ ਅੱਜ ਕੋਈ ਕੰਮ ਹੀ ਨਹੀਂ ਕਰ ਰਿਹਾ? ਕੀ ਹੋ ਗਿਆ? ਬੋਲਦਾ ਹੀ ਨਹੀਂ? ਬਿਮਾਰ ਹੈਂ? ਕਹਿੰਦਾ ਨਾ, ਚਿੱਖ। ਜਵਾਬ ਨਹੀਂ ਦਿੰਦਾ, ਜੀਭ ਨਾਲ ਹੀ ਕਹਿੰਦਾ ਹੈ ਚਿੱਖ। ਬਾਰ–ਬਾਰ ਪੁੱਛਦੀ ਹੈ ਕਿ ਆਹ ਹੋ ਗਿਆ, ਔਹ ਹੋ ਗਿਆ। ਕਹਿੰਦਾ ਨਾ। ਕਹਿੰਦੀ, ਗੱਲ ਤਾਂ ਦੱਸ? ਕਹਿੰਦਾ ਮੈਂ ਕੀ ਦੱਸਾਂ, ਖਾਨ ਸਾਹਿਬ ਵਿਆਹ ਕਰਨ ਨੂੰ ਫਿਰਦੇ ਨੇ। ਮੈਂ ਤਾਂ ਉਦੋਂ ਦਾ ਹੀ ਨਹੀਂ ਕੁਛ ਕਰ ਸਕਿਆ। ਰਾਤ ਆਏ ਸੀ ਨਾ? ਕਹਿੰਦੀ ਹਾਂ ਆਏ ਸੀ। ਉਨ੍ਹਾਂ ਨੇ ਹੀ ਕਿਹਾ ਹੈ ਕਿ ਬੜੀ ਜੁਆਨ ਲੜਕੀ ਹੈ, ਖਾਨ ਸਾਹਿਬ ਵਿਆਹ ਕਰ ਲਓ ਤੁਸੀਂ ਉਹਦੇ ਨਾਲ। ਮੈਂ ਤਾਂ ਬੀਬੀ ਜੀ ਉਸ ਵੇਲੇ ਦਾ ਹੀ ਚਿੰਤਾ 'ਚ ਪਿਆ ਹੋਇਆ ਹਾਂ। ਕਹਿੰਦੀ, ਕੋਈ ਇਲਾਜ? ਉਹ ਮੈਂ ਜਾਣਦਾ ਹਾਂ, ਮੈਂ ਇਕ ਮੰਤਰ ਜਾਣਦਾ ਹਾਂ ਉਹਦੇ ਨਾਲ ਬਿਲਕੁਲ ਨਹੀਂ ਕਰਾਏਗਾ, ਤੁਹਾਡੇ ਵਸ ਵਿਚ ਆ ਜਾਏਗਾ।

ਆਹ ਬੀਬੀਆਂ ਨੂੰ ਐਉਂ ਵਹਿਮ ਲੱਗਿਆ ਰਹਿੰਦਾ ਹੈ, ਇਥੇ ਇਕ ਉੱਚੇ ਪਿੰਡ ਦਾ ਹੁੰਦਾ ਉਸ ਤੋਂ ਜਾ ਕੇ ਲਿਆ ਆਉਂਦੀਆਂ ਸੀ ਪੁੜੀਆਂ, ਜੇ ਤਿੰਨ ਖਿਲਾ ਦਿਓ ਤਾਂ ਫੇਰ ਕੋਈ ਵੀ ਡਾਕਟਰ ਨਹੀਂ ਸੀ ਉਹਨੂੰ ਰਾਜ਼ੀ ਕਰ ਸਕਦਾ। ਦਿਮਾਗ ਫਿਰ ਜਾਂਦਾ ਸੀ। ਇਕ ਅੱਧੀ ਖਿਲਾ ਦਿਓ ਉਹ ਝੱਲਾ ਜਿਹਾ ਹੋ ਜਾਂਦਾ ਸੀ। ਮੇਰੇ ਕੋਲ ਵੀ ਆਉਣਾ ਮੈਂ ਕਿਹਾ ਮੈਨੂੰ ਨਹੀਂ ਐਹੋ ਜਿਹੇ ਮੰਤਰ ਜੰਤਰ ਆਉਂਦੇ। ਮੰਤਰ ਸਾਡੇ ਕੋਲ ਤਾਂ ਇਕ ਹੈ ਕਿ ਤੁਸੀਂ ਆਪਸ ਵਿਚ ਰਲ ਕੇ ਰਹੋ। ਉਹ ਕਹਿੰਦਾ, ਹੈ ਕਿ ਬੀਬੀ! ਉਹਦੀ ਸ਼ਾਹ ਰਗ ਦਾ ਇਕ ਵਾਲ

**(ਬਾਕੀ ਪੰਨਾ 42)**

# ਰਤਵਾੜਾ ਸਾਹਿਬ
# ਛਿਪੇ ਹੋਏ ਹੱਥ

***ਡਾ. ਕੁਲਦੀਪ ਸਿੰਘ***

**(ਭਾਗ ਚੌਥਾ) (ਆਖਰੀ ਕਿਸ਼ਤ)**

ਦੋ ਮਿਤਰ ਚਿਤਰਕਲਾ ਸਿੱਖਣ ਲਈ ਗੁਰੂ ਦੇ ਦਰ ਉਤੇ ਪਹੁੰਚੇ। ਦੋਨੋਂ ਅਤਿ ਦੇ ਗਰੀਬ ਸਨ। ਦੋ ਰੋਟੀਆਂ ਵੀ ਉਨ੍ਹਾਂ ਦੇ ਕੋਲ ਨਹੀਂ ਸੀ। ਉਨ੍ਹਾਂ ਨੇ ਫੈਸਲਾ ਕੀਤਾ ਕਿ ਇਕ ਚਿਤਰਕਲਾ ਦਾ ਅਭਿਆਸ ਕਰੇਗਾ ਅਤੇ ਦੂਸਰਾ ਮਿਹਨਤ ਕਰਕੇ ਆਪਣਾ ਅਤੇ ਉਸਦਾ ਪੇਟ ਭਰੇਗਾ। ਫਿਰ ਦੂਜਾ ਕਮਾਏਗਾ ਅਤੇ ਪਹਿਲਾਂ ਸੀਖੇਗਾ।

ਇਕ ਨੇ ਗੁਰੂ ਦੇ ਚਰਨਾਂ ਵਿਚ ਬੈਠ ਕੇ ਚਿਤਰਨ ਸ਼ੁਰੂ ਕੀਤਾ। ਸਾਲ ਆਏ ਅਤੇ ਗਏ। ਕਠਨ ਸਾਧਨਾ ਸੀ। ਸਮੇਂ ਦਾ ਸਵਾਲ ਹੀ ਨਹੀਂ ਸੀ। ਪੂਰੀ ਸ਼ਕਤੀ ਲਗਾ ਕੇ ਇਹ ਨੌਜਵਾਨ ਸਾਧਨਾ ਕਰ ਰਿਹਾ ਸੀ। ਹੌਲੀ-ਹੌਲੀ ਇਸਦੀ ਪ੍ਰਸਿੱਧੀ ਫੈਲਣ ਲੱਗੀ। ਕਲਾ ਦੇ ਜਗਤ ਵਿਚ ਇਸਦਾ ਸਿਤਾਰਾ ਚਮਕਣ ਲੱਗਿਆ। ਇਸ ਨੌਜਵਾਨ ਦਾ ਨਾਮ ਸੀ ਅਲਬ੍ਰੇਖਤ ਡੂਰੇਰ। ਕਿੰਤੂ ਉਸ ਤੋਂ ਵੀ ਕਠਨ ਸਾਧਨਾ ਵਿਚ ਉਸਦਾ ਮਿਤਰ ਲੱਗਾ ਹੋਇਆ ਸੀ। ਉਹ ਖੱਡੇ ਖੋਦ ਰਿਹਾ ਸੀ, ਗਿਟੀਆਂ ਫੌੜਦਾ ਸੀ, ਲੱਕੜੀਆਂ ਕੱਟ ਰਿਹਾ ਸੀ ਅਤੇ ਬੋਝ ਢੋਹ ਰਿਹਾ ਸੀ। ਹੌਲੀ-ਹੌਲੀ ਉਹ ਭੁੱਲ ਹੀ ਗਿਆ ਕਿ ਉਹ ਵੀ ਚਿਤਰਕਲਾ ਸਿੱਖਣ ਆਇਆ ਸੀ। ਹੁਣ ਜਦੋਂ ਕਲਾ ਅਭਿਆਸ ਦੀ ਉਸ ਦੀ ਵਾਰੀ ਆਈ ਤਾਂ ਦੇਖਿਆ ਗਿਆ ਕਿ ਉਸਦੇ ਹੱਥ ਇੰਨੇ ਕੈੜੇ, ਉਂਗਲੀਆਂ ਸਖਤ ਅਤੇ ਵਿਕਰਤ (deform) ਹੋ ਗਈਆਂ ਸੀ ਕਿ ਉਨ੍ਹਾਂ ਨਾਲ ਚਿਤਰਨ ਜਾਂ ਬੁਰਸ਼ ਫੜਨ ਦੀ ਸੰਭਵਤਾ (possibilty) ਹੀ ਨਹੀਂ ਰਹੀ ਸੀ।



ਪਰਮ ਸੰਤ ਮਹਾਰਾਜ ਸੱਚਖੰਡਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਅਤੇ ਬੀਜੀ ਪਿਛੜੇ ਹੋਏ ਇਲਕਿਆਂ ਵਿੱਚ ਜੀਪ ਤੇ ਜਾ ਕੇ ਵਿਚਰਦੇ ਹੋਏ।

ਇਹ ਦੁਰਘਟਨਾ ਦੇਖ ਕੇ ਪਹਿਲਾ ਨੌਜਵਾਨ ਰੋਣ ਲੱਗਿਆ, ਪਰ ਦੂਜਾ ਬਹੁਤ ਅਨੰਦ ਵਿਚ ਸੀ। ਉਸ ਨੇ ਕਿਹਾ ਇਸ ਵਿਚ ਕੀ ਫਰਕ ਹੈ ਕਿ ਮੇਰੇ ਹੱਥ ਚਿੱਤਰ ਬਣਾਂਦੇ ਜਾਂ ਤੇਰੇ? ਤੇਰੇ ਹੱਥ ਵੀ ਕੀ ਮੇਰੇ ਹੱਥ ਨਹੀਂ ਹਨ।

ਪਹਿਲਾ ਨੌਜਵਾਨ ਤਾਂ ਮਹਾਨ ਚਿੱਤਰਕਾਰ ਬਣ ਗਿਆ। ਪਰ ਉਸਦੇ ਮਿੱਤਰ ਦਾ ਨਾਮ ਕਿਸੇ ਨੂੰ ਗਿਆਤ ਵੀ ਨਹੀਂ ਹੈ, ਜਿਸਨੇ ਆਪਣਾ ਖ਼ੂਨ ਪਸੀਨਾ ਇਕ ਕਰਕੇ ਉਸਨੂੰ ਚਿਤਰਕਾਰ ਬਣਾਇਆ ਸੀ। ਪਰ ਉਸਦੀ ਅਗਿਆਤ ਸੇਵਾ ਕੀ ਪ੍ਰੇਮ ਦਾ ਇਕ ਜਿੰਦਾ ਜਾਗਦਾ ਪ੍ਰਮਾਣ ਨਹੀਂ ਹੈ। ਕੀ ਉਹ ਧੰਨ ਨਹੀਂ ਜੋ ਅਗਿਆਤ ਸੇਵਾ ਕਰਦੇ ਹਨ ਅਤੇ ਇਸ ਤਰ੍ਹਾਂ ਦੇ ਸੇਵਾ ਦੇ ਮੌਕੇ ਦੀ ਇੰਤਜ਼ਾਰ ਕਰਦੇ ਹਨ। ਜੋ ਜਾਣੇ ਜਾਂਦੇ ਹਨ, ਉਹ ਹੀ ਨਹੀਂ, ਜਿਹੜੇ ਕਦੇ ਵੀ ਜਾਣੇ ਨਹੀਂ ਜਾਂਦੇ, ਉਹ ਵੀ ਸਿਰਜਨ ਕਰਦੇ ਹਨ।

ਪ੍ਰੇਮ ਦੇ ਅਗਿਆਤ ਹੱਥਾਂ ਤੋਂ ਕੀਤੀ ਗਈ ਸੇਵਾ ਤੋਂ ਵੱਡੀ ਨਾ ਤਾਂ ਕੋਈ ਸਾਧਨਾ ਹੈ ਅਤੇ ਨਾ ਕੋਈ ਪ੍ਰਾਥਨਾ। ਅਲਬ੍ਰੇਖਤ ਡੂਰੇਰ ਨੇ ਆਪਣੇ ਉਸ ਮਿੱਤਰ ਦੇ ਹੱਥਾਂ ਦਾ ਪ੍ਰਾਥਨਾ ਕਰਦੇ ਹੋਏ ਇਕ ਚਿੱਤਰ ਬਣਾਇਆ ਹੈ। ਸੱਚਮੁੱਚ ਹੀ ਉਸ ਤਰ੍ਹਾਂ ਦੇ ਸੁੰਦਰ ਹੱਥ ਖੋਜਣਾ ਕੋਈ ਅਸਾਨ ਹੈ? ਉਸ ਤਰ੍ਹਾਂ ਦੇ ਪਵਿੱਤਰ ਹੱਥ ਖੋਜਣਾ ਕੀ ਸੰਭਵ (possible) ਹੈ? ਅਤੇ ਉਨ੍ਹਾਂ ਹੱਥਾਂ ਤੋਂ ਇਲਾਵਾ ਪ੍ਰਾਥਨਾ ਕਰਨ ਦਾ ਅਧਿਕਾਰ ਕਿਸੇ ਹੋਰ ਨੂੰ ਮਿਲ ਸਕਦਾ ਹੈ। ਉਨ੍ਹਾਂ ਹੱਥਾਂ ਨੇ ਜਿਸ ਤਰ੍ਹਾਂ ਦਾ ਪ੍ਰੇਮ ਕੀਤਾ

ਅਤੇ ਪ੍ਰਾਥਨਾ ਕੀਤੀ ਇਹ ਸੁਭਾਗ ਕਿੰਨੇ ਥੋੜ੍ਹੇ ਲੋਕਾਂ ਨੂੰ ਮਿਲ ਪਾਂਦਾ ਹੈ।

ਇਸੇ ਤਰ੍ਹਾਂ ਦੇ 'ਛਿਪੇ ਹੋਏ ਹੱਥ' ਸਾਡੇ ਸਤਿਕਾਰਯੋਗ ਬੀਜੀ ਦੇ ਹਨ। ਬੀਜੀ 'ਮਾਤਾ ਰਣਜੀਤ ਕੌਰ' ਜੀ ਦੇ ਪੈਦਾ ਹੋਣ ਤੋਂ ਪਹਿਲਾਂ ਇਨ੍ਹਾਂ ਦੇ ਪਿਤਾ ਸੰਤ ਹੀਰਾ ਸਿੰਘ ਦਾਉਦਪੁਰ ਵਾਲਿਆਂ ਨੇ ਮਹਾਂਪੁਰਖਾਂ ਦੇ ਪਿਤਾ ਨੂੰ ਦੱਸ ਦਿਤਾ ਸੀ ਕਿ ਤੁਹਾਡੇ ਘਰ ਪੁੱਤਰ ਨੇ ਜਨਮ ਲੈਣਾ ਹੈ ਅਤੇ ਮੇਰੇ ਘਰ ਬੀਬੀ ਨੇ। ਇਨ੍ਹਾਂ ਦੇ ਆਪਸ ਵਿਚ ਸੰਜੋਗ ਲਿਖੇ ਹੋਏ ਹਨ।

ਮਹਾਂਪੁਰਖਾਂ ਦੀ ਆਪਣੀ ਕਥਨੀ ਮੁਤਾਬਿਕ, ਮਹਾਂਪੁਰਖ ਇਕ ਜਨਮ ਵਿਚ ਬੈਰਾਗੀ ਸਾਧੂ ਅਵਸਥਾ ਵਿਚ ਹੱਠ-ਯੋਗ ਕਰਦੇ ਸਨ। ਇਹ ਜਗ੍ਹਾ ਅਸੀਂ ਮਹਾਂਪੁਰਖਾਂ ਨਾਲ ਜਾ ਕੇ ਹਿਮਾਚਲ ਦੇ ਸ਼ਹਿਰ ਬੱਦੀ ਦੇ ਨੇੜੇ ਵੀ ਦੇਖ ਕੇ ਆਏ ਸੀ। ਬੀਜੀ ਨਾਲ ਹੀ ਪਿੰਡ ਵਿਚ ਰਹਿ ਕੇ ਇਨ੍ਹਾਂ ਸਾਧੂਆਂ ਦੀ ਪ੍ਰਸ਼ਾਦੇ ਪਾਣੀ ਨਾਲ ਸੇਵਾ ਕਰਦੇ ਸਨ। ਬੀਜੀ ਦੀ ਨਿਸ਼ਠਾ ਅਤੇ ਅਣਥੱਕ ਸੇਵਾ ਦੇਖ ਕੇ ਉਸ ਬਿਹੰਗਮ ਸਾਧੂ ਰੂਪ ਮਹਾਂਪੁਰਖਾਂ ਦੇ ਮਨ ਦਾ ਫੁਰਨਾ ਕਿ ਜੇ ਗ੍ਰਹਿਸਥ ਜੀਵਨ ਹੋਵੇ ਤੇ ਇਸ ਸੁਭਾਵ ਵਾਲਾ ਜੀਵਨ ਸਾਥੀ ਹੋਵੇ ਤਾਂ ਵੀ ਪ੍ਰਮੇਸ਼ਰਯੋਗ ਵਿਚ ਸਫਰ ਤੈਅ ਹੋ ਸਕਦਾ ਹੈ। ਇਸ ਫੁਰਨੇ ਨੇ ਇਹ ਸੰਜੋਗ ਬਣਾ ਦਿਤੇ ਸਨ।



ਸੰਤ ਮਹਾਰਾਜ ਜੀ ਵੱਲੋਂ ਚਲਾਏ ਜਨ ਸਮੂੰਹ ਦੇ ਪਰਉਪਕਾਰ ਹਿੱਤ ਸਕੂਲਾਂ ਵਿੱਚ ਆਪ ਵਿਚਰਦੇ ਰਹਿੰਦੇ ਅਤੇ ਬੱਚਿਆਂ ਨਾਲ ਪਿਆਰ ਕਰਦੇ ਇਕ ਦ੍ਰਿਸ਼।

ਬਚਪਨ ਦੀ ਉਮਰ ਵਿਚ ਹੀ ਉਸ ਸਮੇਂ ਦੀ ਬਾਲ ਵਿਆਹ ਦੀ ਰੀਤ ਮੁਤਾਬਿਕ ਦੋਨੋਂ ਗ੍ਰਹਿਸਥ ਜੀਵਨ ਵਿਚ ਦਾਖਲ ਹੋ ਗਏ। ਮਹਾਂਪੁਰਖ ਬਚਪਨ ਤੋਂ ਹੀ ਵੱਡੀਆਂ-ਵੱਡੀਆਂ ਸਮਾਧੀਆਂ ਵਿਚ ਲੀਨ ਹੋ ਜਾਂਦੇ ਸਨ। ਮਹਾਂਪੁਰਖਾਂ ਦੇ ਰੂਹਾਨੀ ਜੀਵਨ ਵਿਚ ਬੀਜੀ ਕਦੇ ਰੁਕਾਵਟ ਨਾ ਬਣੇ। ਇਹ ਸਾਰੀ ਜੀਵਨ ਗਾਥਾ ਸਾਰੇ ਪ੍ਰੇਮੀ ਜਾਣਦੇ ਵੀ ਹਨ। ਆਤਮ ਮਾਰਗ ਦੇ ਮੈਗਜ਼ੀਨ ਵਿਚ ਭਾਈ ਗੁਰਦੇਵ ਸਿੰਘ ਜੀ ਰਾਹੀਂ ਇਕ ਲੇਖ ਵਿਚ ਵਿਸਥਾਰ ਨਾਲ ਕਾਫੀ ਗੱਲਾਂ ਸਾਂਝੀਆਂ ਹੋਈਆਂ ਹਨ।

ਮੈਂ ਆਪ ਜੀ ਦਾ ਸਿਰਫ ਇਕ ਬੀਜੀ ਦੇ ਸੁਭਾਵ ਵਲ ਧਿਆਨ ਲੈ ਜਾਣਾ ਚਾਹੁੰਦਾ ਹਾਂ ਕਿ ਇਕ ਵਾਰ ਇਕ ਬੜੀ ਅਮੀਰ ਵਿਧਵਾ ਬਜ਼ੁਰਗ ਔਰਤ ਜਿਸ ਕੋਲ ਅੱਠ ਮੁਰੱਬੇ ਜ਼ਮੀਨ ਸੀ ਅਤੇ ਸੱਤ ਪੁੱਤਰ ਸਨ, ਉਸਨੇ ਮਹਾਂਪੁਰਖਾਂ ਨੂੰ ਅੱਠਵੇਂ ਪੁੱਤਰ ਰੂਪ ਵਿਚ ਆਪਣੇ ਘਰ ਭਗਤੀ ਕਰਨ ਨੂੰ ਅਸਥਾਨ ਦੇ ਦਿਤਾ ਅਤੇ ਇਕ ਮੁਰੱਬੇ ਜ਼ਮੀਨ ਦੀ ਸਾਰੀ ਉਪਜ ਮਹਾਂਪੁਰਖਾਂ ਨੂੰ ਭੇਟ ਕਰਨੀ ਸ਼ੁਰੂ ਕਰ ਦਿਤੀ। ਕਾਫੀ ਸਮਾਂ ਲੰਘਣ ਤੋਂ ਬਾਅਦ ਬੀਜੀ ਮਹਾਂਪੁਰਸ਼ਾਂ ਕੋਲ ਆਏ ਅਤੇ ਮਹਾਂਪੁਰਸ਼ਾਂ ਨਾਲ ਵਿਚਾਰ ਸਾਂਝੀ ਕੀਤੀ ਕਿ ਸਾਧੂ ਰੂਪ ਵਿਚ ਸਾਡਾ ਹੱਥ ਕਦੇ ਲੈਣ ਵਾਲੀ ਮੁਦਰਾ ਵਿਚ ਨਾ ਹੋਵੇ, ਹਮੇਸ਼ਾ ਦੇਣ ਵਾਲੀ ਮੁਦਰਾ ਵਿਚ ਰਹੇ। ਉਸ ਦਿਨ ਤੋਂ ਸਾਰੇ ਜੀਵਨ ਸਫਰ ਵਿਚ ਮਹਾਂਪੁਰਖਾਂ ਨੇ ਜਿੰਨਾਂ ਵੀ ਭਜਨ ਪ੍ਰਚਾਰ ਕੀਤਾ ਉਸ ਵਿਚ ਹਮੇਸ਼ਾ ਹੀ ਆਪਣੀ ਕਿਰਤ ਵਿਚੋਂ ਯੋਗਦਾਨ ਪਾਇਆ। ਦੇਸ਼ਾਂ ਵਿਦੇਸ਼ਾਂ ਵਿਚ ਪ੍ਰਚਾਰ ਹੋਏ, ਕਦੇ ਵੀ ਕੋਈ ਵੀ ਭੇਟਾ ਨਿੱਜ ਵਰਤੋਂ ਵਿਚ ਨਹੀਂ ਲਿਆਂਦੀ। ਗੁਰਮਤਿ ਰੂਹਾਨੀ ਮਿਸ਼ਨ ਬਣੇ, ਸਭ ਜਗ੍ਹਾ ਮਹਾਂਪੁਰਖਾਂ ਨੇ ਆਪਣੇ ਨਿਜ ਦੀ ਵਰਤੋਂ ਵਿਚ ਆਉਣ ਵਾਲੀਆਂ ਵਸਤਾਂ ਦਾ ਯੋਗਦਾਨ ਜ਼ਮੀਨ ਦੇ ਰੂਪ ਵਿਚ, ਦੁੱਧ ਡੇਅਰੀ ਵਿਚ ਆਪਣੇ ਪਸ਼ੂ ਦੇ ਕੇ, ਆਪਣੇ ਨਿੱਜ ਖਰਚੇ ਤੋਂ ਕਈ ਗੁਣਾਂ ਵੱਧ ਦਾ ਹਿੱਸਾ ਪਾਇਆ।

ਮਹਾਂਪੁਰਖਾਂ ਦੇ ਜੀਵਨ ਦਾ ਉਦੇਸ਼, ਗੁਰੂ ਨਾਨਕ ਸਾਹਿਬ ਦੇ ਉਪਦੇਸ਼ ਨੂੰ ਹਰ ਇਕ ਜੀਅ ਤੱਕ ਪਹੁੰਚਾਉਣ ਲਈ ਬੀਜੀ ਦੇ ਯੋਗਦਾਨ ਦਾ ਮਹਾਂਪੁਰਖਾਂ ਨੂੰ ਅਹਿਸਾਸ ਸੀ। ਮਹਾਂਪੁਰਖ ਬੀਜੀ ਦੇ ਹਰ ਸੁਭਾਅ ਤੋਂ ਵੀ ਜਾਣੂ ਸਨ। ਇਸ ਤੋਂ ਇਲਾਵਾ ਮਹਾਂਪੁਰਖ ਜਗਿਆਸੂ ਰੂਪ ਵਿਚ ਸ਼ਾਮਲ ਹੋਈ ਸੰਗਤ ਰੂਪ ਕਾਫਲੇ ਲਈ ਜ਼ਿੰਮੇਵਾਰੀ ਵੀ ਸਮਝਦੇ ਸਨ। ਇਹ ਸਾਰੀਆਂ ਬਿਰਤੀਆਂ ਅਤੇ ਸੁਭਾਅ ਆਪਣੀ ਆਪਣੀ ਚਾਲ ਚਲਦੇ ਹੋਏ ਆਪਣੇ ਜੀਵਨ ਮਨੋਰਥ ਦੀ ਮੰਜ਼ਿਲ ਨੂੰ ਪ੍ਰਾਪਤ ਕਰ ਲੈਣ, ਮਹਾਂਪੁਰਖਾਂ ਨੇ ਉਸ ਨਕਸ਼ੇ ਦੀਆਂ ਟਰੱਸਟ ਦੇ ਰੂਪ ਵਿਚ ਲੀਕਾਂ ਵਾਹ ਦਿਤੀਆਂ ਸਨ। ਜੇ ਲੋੜ ਸੀ ਤਾਂ ਸ਼ਰਧਾ ਅਤੇ ਨਿਸ਼ਠਾ ਵਿਚ ਰਹਿ ਕੇ ਉਸ ਵਿਚ ਰੰਗ ਭਰਨ ਦੀ। ਮਹਾਂਪੁਰਖ ਇਕ ਮਾਰਗ ਦਿਖਾ ਗਏ ਹਨ ਅਤੇ ਉਸਨੂੰ ਸੁਚੇਤ ਰਹਿ ਕੇ ਤੈਅ

ਕਰਨ ਲਈ ਹਜ਼ਾਰਾਂ ਵੀਡੀਓ ਫਿਲਮਾਂ, ਆਡੀਓ ਕੈਸਟਾਂ ਅਤੇ ਆਤਮ ਮਾਰਗ ਦੀ ਬਖਸ਼ਿਸ਼ ਕਰ ਗਏ। ਇਹ ਕਿਸੇ ਵੀ ਭਵਜਲ ਨੂੰ ਪਾਰ ਕਰਨ ਵਿਚ ਇਹ ਮਦਦਗਾਰ ਕਿਸ਼ਤੀਆਂ ਹਨ।

ਮਹਾਂਪੁਰਖਾਂ ਦੇ ਹਰ ਕੰਮ ਪੂਰਨ ਅਤੇ ਅਗੰਮੀ ਸਨ। ਇਹ ਕੰਮ ਭਾਵੇਂ ਪ੍ਰਚਾਰ ਕਰਨ ਦੇ ਨਵੇਂ ਇਲੈਕਟ੍ਰਾਨਿਕ ਸਾਧਨ ਹੋਣ ਜਾਂ ਗੁਰਦੁਆਰੇ ਅਤੇ ਚੌਗਿਰਦੇ ਦੀ ਸ਼ਕਲ, ਸਮਾਗਮ ਦੀ ਵਿਉਂਤਬੰਦੀ ਅਤੇ ਉਪਦੇਸ਼ਾਂ ਦੇ ਵਿਸ਼ਿਆਂ ਦੀ ਰੂਪ ਰੇਖਾ ਪ੍ਰਭਾਵਕਾਰੀ ਹੁੰਦੀ ਸੀ। ਇਸ ਤੋਂ ਇਲਾਵਾ ਜਦੋਂ ਮਹਾਂਪੁਰਖ ਚੰਡੀਗੜ੍ਹ ਸੈਕਟਰੀਏਟ ਵਿਚ ਪੰਜਾਬ ਸਰਕਾਰ ਦੇ ਹੜ੍ਹ ਬਚਾਉ ਵਾਲੇ ਮਹਿਕਮੇ ਵਿਚ ਜ਼ਿੰਮੇਵਾਰੀ ਨਿਭਾਉਂਦੇ ਸਨ ਤਾਂ ਇਨ੍ਹਾਂ ਦੇ ਨੌਕਰੀ ਕਾਲ ਵਿਚ ਬਹੁਤ ਘੱਟ ਜਾਨੀ ਤੇ ਮਾਲੀ ਨੁਕਸਾਨ ਹੋਇਆ ਸੀ। ਜਦੋਂ ਇਸ ਦੇ ਕਾਰਨ ਦੀ ਚਰਚਾ ਹੋਈ ਕਿ ਤੁਹਾਨੂੰ ਕੁਝ ਦਿਨ ਪਹਿਲਾਂ ਕਿਸ ਤਰ੍ਹਾਂ ਪਤਾ ਲੱਗ ਜਾਂਦਾ ਹੈ ਕਿ ਇਸ ਇਲਾਕੇ ਵਿਚ ਹੜ੍ਹ ਆਉਣ ਵਾਲਾ ਹੈ ਤੁਸੀਂ ਉਥੇ ਦੇ ਲੋਕਾਂ ਨੂੰ ਰਿਹਰਸਲ ਕਰਵਾ ਦਿੰਦੇ ਹੋ। ਕਿਸ ਤਰ੍ਹਾਂ ਜੇ ਨਦੀ ਟੁੱਟੇ ਤਾਂ ਬੰਨ੍ਹ ਲਾ ਦੇਣਾ ਹੈ। ਕਿਸ ਤਰ੍ਹਾਂ ਪਾਣੀ ਦੇ ਲੈਵਲ ਦੀ ਜਾਂਚ ਰੱਖਣੀ ਹੈ। ਕਿਸ ਤਰ੍ਹਾਂ ਕਿਸ਼ਤੀਆਂ ਦੀ ਵਰਤੋਂ ਕਰਨੀ ਹੈ। ਕਿਸ ਤਰ੍ਹਾਂ ਜਾਗ ਕੇ ਪਹਿਰਾ ਦੇਣਾ ਹੈ। ਇਨ੍ਹਾਂ ਅਨੁਭਵਾਂ 'ਚ ਜਦੋਂ ਲੋਕ ਨਿਕਲ ਜਾਂਦੇ ਤਾਂ ਅਸਲ ਵਿਚ ਆਏ ਹੜ੍ਹ ਵਿਚ ਡਟ ਕੇ ਮੁਕਾਬਲਾ ਕਰਦੇ ਅਤੇ ਕੁਦਰਤ ਦੇ ਭਾਣੇ ਵਿਚ ਆਈ ਆਫਤ ਟਲ ਜਾਂਦੀ।



ਸੰਨ 1987-88 ਵਿੱਚ ਗੁ. ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਦੀ ਸੇਵਾ ਸੰਤ ਮਹਾਰਾਜ ਆਪਣੀ ਦੇਖ ਰੇਖ ਹੇਠ ਕਰਵਾਉਂਦੇ ਹੋਏ।

ਪਾਣੀ ਦੇ ਵੇਗ ਕਾਰਨ ਨਦੀਆਂ ਦੇ ਕੰਢੇ ਟੁੱਟਣ ਕਾਰਣ ਹੜ੍ਹ ਆਇਆ ਹੋਵੇ ਜਾਂ ਵਾਸ਼ਨਾਵਾਂ ਦੇ ਵੇਗ ਵਿਚ ਮਾਇਆਵੀ ਲਹਿਰਾਂ ਤੋਂ ਆਉਣ ਵਾਲੀਆਂ ਆਫਤਾਂ ਤੋਂ ਮਹਾਂਪੁਰਖ ਸੁਚੇਤ ਕਰਦੇ ਰਹਿੰਦੇ ਸਨ। ਇਸੇ ਲਈ ਮਹਾਂਪੁਰਖਾਂ ਦੀ ਸਰੀਰਕ ਹਾਲਤ ਜੇ ਕਦੇ ਠੀਕ ਨਾ ਹੋਵੇ ਤਾਂ ਨਜਦੀਕ ਰਹਿਣ ਵਾਲੇ ਪ੍ਰੇਮੀ ਸਿੰਘਾਂ ਦੀ ਮੀਟਿੰਗ ਬੁਲਾ ਲੈਂਦੇ ਅਤੇ ਲਿਖਤ ਰੂਪ ਵਿਚ ਹਦਾਇਤਾਂ ਨੋਟ ਕਰਵਾ ਦਿੰਦੇ ਸਨ। ਸਾਰੇ ਉਸਨੂੰ ਚੰਗੀ ਤਰ੍ਹਾਂ ਸਮਝ ਲੈਣ, ਇਕ ਕੰਪਿਊਟਰ ਪ੍ਰਿੰਟ ਤੇ ਦਸਤਾਵੇਜ ਦੀ ਕਾਪੀ ਦੇ ਦੇਣੀ ਤਾਂ ਕਿ ਇਨ੍ਹਾਂ ਨੂੰ ਯਾਦ ਰਹੇ। ਮਹਾਂਪੁਰਖਾਂ ਨੇ ਅਚਨਚੇਤ ਸਰੀਰ ਦਾ ਤਿਆਗ ਨਹੀਂ ਕੀਤਾ। ਦੋ ਸਾਲ ਸਰੀਰ, ਗਿਲਟੀਆਂ (Lymphoma) ਤੋਂ ਕਮਜ਼ੋਰ ਹੋ ਰਿਹਾ ਸੀ। ਸਾਨੂੰ ਸਾਰਿਆਂ ਨੂੰ ਇਸਦੇ ਪੈਣ ਵਾਲੇ ਅੰਤਿਮ ਪ੍ਰਭਾਵ ਦਾ ਪਤਾ ਸੀ। ਇਨ੍ਹਾਂ ਦੋ ਸਾਲਾਂ ਵਿਚ ਮਹਾਂਪੁਰਖਾਂ ਨੇ ਸੰਗਤ ਵਾਸਤੇ ਬੜੇ ਖੁਲ੍ਹ ਕੇ, ਬਿਨਾਂ ਕਿਸੇ ਛਿਪਾ ਤੋਂ ਗਿਆਨ ਦੇ ਭੰਡਾਰੇ ਆਪਣੇ ਸਮਾਗਮਾਂ ਦੇ ਅਤੇ ਹਫਤਾਵਾਰੀ ਹੋਣ ਵਾਲੇ ਸਤਿਸੰਗ ਵਿਚ ਬਖਸ਼ੇ। ਨਾਲ ਹੀ ਦੂਜੇ ਪਾਸੇ ਪ੍ਰਬੰਧਕੀ ਕਾਰਜ ਸੁਚੱਜੇ ਰੂਪ ਵਿਚ ਚਲਦੇ ਰਹਿਣ, ਉਨ੍ਹਾਂ ਦੀ ਪੂਰੀ ਵਿਉਂਤਬੰਦੀ ਸਮਝਾ ਦਿਤੀ ਅਤੇ ਲਿਖਤੀ ਰੂਪ ਵਿਚ, ਦਸਤਾਵੇਜਾਂ ਵਿਚ ਦਰਜ ਕਰ ਦਿਤੀ। ਮੈਂ ਉਨ੍ਹਾਂ ਦੀ ਸੋਚ ਤੋਂ ਬਹੁਤ ਹੀ ਪ੍ਰਭਾਵਿਤ ਹੁੰਦਾ ਸੀ। ਉਹ ਸੋਚ, ਆਮ ਲੋਕਾਂ ਦੀ ਸੋਚ ਦਾ ਹਿੱਸਾ ਨਾ ਬਣ ਸਕੀ, ਕਿਉਂਕਿ ਅਸੀਂ ਉਨ੍ਹਾਂ ਦਸਤਾਵੇਜਾਂ ਨੂੰ ਆਮ ਲੋਕਾਂ ਦੀ ਸੋਚ ਦਾ ਹਿੱਸਾ ਨਹੀਂ ਬਣਨ ਦਿਤਾ। ਜਦੋਂ ਮਹਾਂਪੁਰਖਾਂ ਦੇ ਸਰੀਰ ਤਿਆਗਣ ਤੋਂ ਬਾਅਦ ਮਾਇਆਵੀ ਹੜ੍ਹ ਆਇਆ ਤਾਂ ਸੁਚੇਤ ਨਾ ਰਹਿਣ ਕਰਕੇ ਉਹ ਸਾਨੂੰ ਬਹਾਅ ਕੇ ਲੈ ਗਿਆ। ਅਸੀਂ ਮਾਇਆਵੀ ਤਿੰਨ ਗੁਣਾਂ ਦੀ ਨੀਂਦ ਵਿਚ ਹੀ ਰਹਿ ਗਏ।

***ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ***
***ਸੁਤਿਆ ਰੈਣਿ ਵਿਹਾਣੀ ॥ ਅੰਗ - ੯੨੦***

ਅਸੀਂ ਮਹਾਂਪੁਰਖਾਂ ਵਲੋਂ ਖਿੱਚੀ ਲਛਮਣ ਰੇਖਾ ਨੂੰ ਜਿਵੇਂ ਹੀ ਪਾਰ ਕੀਤਾ ਤਾਂ ਸਾਡੀ ਰੂਹਾਨੀ ਸੋਚ ਦਾ ਹਰਨ ਹੋ ਗਿਆ। ਸਾਡੇ ਮਨ ਨੂੰ ਸਭ ਕੁਝ ਪਤਾ ਸੀ ਪਰ ਅਸੀਂ ਫਿਰ ਕਿਉਂ ਹੇਠਾਂ ਖੱਡੇ ਵਿਚ ਗਿਰ ਗਏ।

***ਕਬੀਰ ਮਨੁ ਜਾਨੈ ਸਭ ਬਾਤ***
***ਜਾਨਤ ਹੀ ਅਉਗਨੁ ਕਰੈ ॥***
***ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ ॥***
***ਅੰਗ - ੧੩੭੬***

ਖੱਡੇ ਵਿਚ ਗਿਰਣਾ ਦੋ ਤਰ੍ਹਾਂ ਦਾ ਹੁੰਦਾ ਹੈ। ਇਕ ਖੱਡੇ ਵਿਚ ਅਣਜਾਣਪਨ ਵਿਚ ਗਿਰਦਾ ਹੈ ਜਿਸ ਤਰ੍ਹਾਂ ਪ੍ਰਿੰਸ ਨਾਂ ਦਾ ਬਾਲਕ ਕੁਝ ਮਹੀਨੇ ਪਹਿਲਾਂ ਕੁਰਸ਼ੇਤਰ ਦੇ ਕੋਲ ਪਿੰਡ, ਖੱਡੇ ਵਿਚ ਗਿਰ ਗਿਆ ਸੀ। ਉਹ ਅਸੀਂ ਸਾਰਾ ਤਮਾਸ਼ਾ ਟੀ.ਵੀ. ਤੇ ਦੇਖਿਆ। ਪ੍ਰਮੇਸ਼ਰ ਦਾ ਸ਼ੁਕਰ ਬੱਚੇ ਦੀ ਜਾਨ ਬਚ ਗਈ। ਪਰ ਉਸ ਦਿਨ ਤੋਂ ਬਾਅਦ ਇਹ ਘਟਨਾਵਾਂ ਆਮ ਹੋਣ ਲੱਗ ਪਈਆਂ, ਕੁਝ ਦਿਨਾਂ ਪਿਛੋਂ ਹੀ ਟੀ.ਵੀ. ਤੇ ਕਿਸੇ ਨਾ ਕਿਸੇ ਦੇ ਖੱਡੇ ਵਿਚ ਗਿਰਨ ਦੀਆਂ ਘਟਨਾਵਾਂ ਦਾ ਜ਼ਿਕਰ ਹੋ ਹੀ ਜਾਂਦਾ ਹੈ। ਇਹ ਇਕ ਸਾਡੀ ਜੀਵਨ ਸ਼ੈਲੀ ਬਣ ਗਈ ਹੈ ਕਿਉਂਕਿ ਇਕ ਵਾਰੀ ਇਸ ਤਰ੍ਹਾਂ ਦਾ ਅੱਖਾਂ ਨਾਲ ਹਾਦਸਾ ਦੇਖਣ ਤੋਂ ਬਾਅਦ ਫੇਰ ਵੀ ਅਸੀਂ ਬਚਾਵ ਦੇ ਨਿਯਮ ਲਾਗੂ ਨਹੀਂ ਕਰਦੇ। ਅਸੀਂ ਖੱਡੇ ਵਿਚ ਗਿਰ ਕੇ ਲੋਕਾਂ ਦੀ ਹਮਦਰਦੀ ਦੇ ਪਾਤਰ ਬਣ ਜਾਂਦੇ ਹਾਂ। ਕਾਨੂੰਨ ਦੀ ਮਦਦ ਮੰਗਦੇ ਹਾਂ। ਟੀ.ਵੀ. ਅਖਬਾਰ ਮੀਡੀਆ ਨੂੰ ਲੋਕਾਂ ਦੀ ਰੁਚੀ ਮੁਤਾਬਿਕ ਖਬਰਾਂ ਦਾ ਮਸਾਲਾ ਮਿਲ ਜਾਂਦਾ ਹੈ। ਪੁਲਿਸ ਹਰਕਤ ਵਿਚ ਆ ਜਾਂਦੀ ਹੈ। ਆਖਰ ਲੋਕਾਂ ਦਾ ਕੀਮਤੀ ਸਮਾਂ ਬਰਬਾਦ ਹੁੰਦਾ ਹੈ। ਹੋਰ ਬੱਚੇ ਖੱਡੇ ਵਿਚ ਗਿਰਨੇ ਸ਼ੁਰੂ ਹੋ ਜਾਂਦੇ ਹਨ। ਪ੍ਰਿੰਸ ਨਾਂ ਦਾ ਬਾਲਕ ਉਸ ਨੂੰ ਨਵੇਂ-ਨਵੇਂ ਕਾਰ ਖਿਡੌਣੇ ਮਿਲ ਜਾਂਦੇ ਹਨ, ਲੋਕ ਆਪਣੇ ਘਰ ਬੁਲਾ ਕੇ, ਦੇਸ਼ਾਂ ਵਿਦੇਸ਼ਾਂ ਵਿਚ ਬੁਲਾ ਕੇ ਸਤਿਕਾਰ ਕਰਦੇ ਹਨ, ਘਰ ਦੀ ਗਰੀਬੀ ਧੁਲ ਜਾਂਦੀ ਹੈ, ਪ੍ਰਿੰਸ ਦਾ ਘਰ ਬਣ ਗਿਆ, ਕੁਝ ਪੈਸੇ ਵੀ ਜੁੜ ਗਏ ਅਤੇ ਲੋਕ ਇਸਦੀ ਸੋਭਾ ਕਰਦੇ ਹਨ। ਅੱਗੇ ਨੂੰ ਇਹ ਸਭ ਚੀਜ਼ਾਂ ਪ੍ਰਿੰਸ ਦੀ ਜ਼ਿੰਦਗੀ ਵਿਚ ਕੀ ਰੰਗ ਲਿਆਉਣਗੀਆਂ ਇਹ ਡਾਕਟਰਾਂ ਲਈ ਰਹੱਸ ਹੈ। ਬਹੁਤ ਸਾਰੇ ਮਨਸ ਡਾਕਟਰਾਂ ਦਾ ਮੰਨਣਾ ਹੈ ਕਿ ਇਸ ਤਰ੍ਹਾਂ ਦੇ ਬੱਚੇ ਵੱਡੇ ਹੋ ਕੇ ਜਾਣ ਬੁੱਝ ਕੇ ਮੁਸ਼ਕਲਾਂ ਵਿਚ ਜਾਣ ਕੇ ਫਸਦੇ ਰਹਿਣਗੇ ਤਾਂ ਜੋ ਲੋਕਾਂ ਦਾ ਮਾਨ, ਸਤਿਕਾਰ ਅਤੇ ਧਨ ਮਿਲਦਾ ਰਹੇ।



ਸੰਤ ਮਹਾਰਾਜ ਰਤਵਾੜਾ ਸਾਹਿਬ, ਬੀਜੀ ਰਣਜੀਤ ਕੌਰ ਜੀ ਅਤੇ ਡਾ. ਸਵਾਮੀ ਰਾਮ ਜੀ ਦੇਹਰਾਦੂਨ ਜੌਲੀਗਰਾਂਟ ਵਿਖੇ ਮੈਡੀਕਲ ਸਿਟੀ ਦਾ ਸ਼ਿਲਾਨਿਆਸ ਰੱਖਣ ਜਾਂਦੇ ਹੋਏ।

ਆਓ ਆਪ ਜੀ ਨਾਲ ਇਕ ਮਨੋਵਿਗਿਆਨੀ ਪੱਧਰ ਦਾ ਅਨੁਭਵ ਸਾਂਝਾ ਕਰੀਏ। ਇਕ ਨੌਜਵਾਨ ਇਕ ਸੁੰਨ-ਸਾਨ ਜੰਗਲ ਵਿਚ ਜ਼ੋਰ-ਜ਼ੋਰ ਕੇ ਚੀਕਾਂ ਮਾਰ ਰਿਹਾ ਸੀ ਕਿ ਮੇਰੀ ਮਦਦ ਕਰੋ। ਉਸਦੀ ਮਦਦ ਲਈ ਇਕ ਯੋਗੀ ਉਥੇ ਪਹੁੰਚ ਗਿਆ। ਤਕਲੀਫ ਦਾ ਕਾਰਨ ਪੁੱਛਿਆ ਤਾਂ ਪਤਾ ਲੱਗਿਆ ਕਿ ਉਸਦਾ ਗਿੱਟਾ ਮੁਚ ਗਿਆ ਹੈ। ਯੋਗੀ ਨੇ ਉਹ ਮਾਲਿਸ਼ ਕਰਕੇ ਠੀਕ ਕਰ ਦਿਤਾ ਅਤੇ ਬਾਅਦ ਵਿਚ ਕਿਹਾ ਕਿ ਇਹ ਹਾਦਸਾ ਹੋਣਾ ਵੀ ਤੇਰੀ ਮਨ ਦੀ ਸ਼ਰਾਰਤ ਹੈ। ਉਸ ਨੇ ਪੁੱਛਿਆ ਕੀ ਇਹ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਮੇਰਾ ਮਨ ਮੇਰੇ ਸਰੀਰ ਨੂੰ ਹੀ ਕਸ਼ਟ ਦੇਵੇ। ਯੋਗੀ ਉਸਨੂੰ ਪੁੱਛਦਾ ਹੈ ਕਿ ਤੂੰ ਕੀ ਕਰਦਾ ਹੈਂ? ਉਸਨੇ ਕਿਹਾ ਕਿ ਮੈਂ ਦੇਸ਼ ਦੀ ਫੁਟਬਾਲ ਟੀਮ ਦਾ ਬੜਾ ਮਸ਼ਹੂਰ ਖਿਡਾਰੀ ਹਾਂ। ਯੋਗੀ ਕਹਿੰਦਾ ਕਿ ਤੈਨੂੰ ਪਹਿਲਾਂ ਵੀ ਕਦੇ ਗੋਡੇ, ਪੈਰ ਵਿਚ ਸੱਟ ਲੱਗੀ ਹੈ। ਉਹ ਹੱਸ ਕੇ ਕਹਿੰਦਾ ਕਿ ਯੋਗੀ ਜੀ, ਖੇਡਦੇ ਸੱਟਾਂ ਲੱਗਣਾ ਤਾਂ ਆਮ ਗੱਲ ਹੈ। ਯੋਗੀ ਪੁੱਛਦਾ ਹੈ ਕਿ ਕਦੇ ਇਸ ਤਰ੍ਹਾਂ ਵੀ ਹੋਇਆ ਹੈ ਕਿ ਤੈਨੂੰ ਸੱਟ ਨਾ ਲੱਗੀ ਹੋਵੇ ਅਤੇ ਤੂੰ ਬਹਾਨਾ ਕੀਤਾ ਹੋਵੇ। ਉਸ ਫੁਟਬਾਲ ਖਿਡਾਰੀ ਨੇ ਕਿਹਾ, ਯੋਗੀ ਜੀ ਤੁਹਾਡੇ ਸਾਮ੍ਹਣੇ ਝੂਠ ਨਹੀਂ ਬੋਲਾਂਗਾ। ਇਹ ਮੈਂ ਕਈ ਵਾਰ ਕੀਤਾ ਹੈ ਕਿ ਜੇ ਸਾਮ੍ਹਣੇ ਵਾਲੀ ਤਕੜੀ ਟੀਮ ਨਾਲ ਮੁਕਾਬਲਾ ਹੈ ਅਤੇ ਮੈਨੂੰ ਲਗਦਾ ਹੈ ਕਿ ਸਾਡੀ ਟੀਮ ਹਾਰ ਜਾਵੇਗੀ ਤਾਂ ਮੈਂ ਉਸ ਮੁਕਾਬਲੇ ਵਿਚ ਨਹੀਂ ਖੇਡਦਾ ਅਤੇ ਝੂਠ ਦਾ ਸਹਾਰਾ ਲੈਂਦਾ ਹਾਂ ਕਿ ਮੇਰਾ ਗਿੱਟਾ ਮੁਚ ਗਿਆ ਹੈ ਜਾਂ ਗੋਡਾ ਦੁਖਦਾ ਹੈ। ਯੋਗੀ ਨੇ ਫਿਰ ਪੁਛਿਆ ਕਿ ਤੂੰ ਜੰਗਲ ਵਿਚ ਕੀ ਕਰਨ ਆਇਆ ਸੀ। ਉਸ ਖਿਡਾਰੀ ਨੇ ਦੱਸਿਆ ਕਿ ਮੇਰਾ ਮਿੱਤਰ ਗੁੰਮ ਹੋ ਗਿਆ ਹੈ। ਇਸ ਜੰਗਲ ਵਾਲੇ ਪਾਸੇ ਆਇਆ ਸੀ। ਮੈਨੂੰ ਉਸਦੇ ਘਰਦਿਆਂ ਨੇ ਲੱਭਣ ਲਈ ਭੇਜਿਆ ਹੈ। ਯੋਗੀ ਨੇ ਪੁੱਛਿਆ ਕਿ ਤੈਨੂੰ ਲੱਭਦੇ ਹੋਏ ਕੀ ਮਹਿਸੂਸ ਹੋ ਰਿਹਾ ਸੀ। ਉਸ ਖਿਡਾਰੀ ਨੇ ਦੱਸਿਆ ਕਿ ਸੁੰਨ-ਸਾਨ ਜੰਗਲ ਮੈਨੂੰ ਭੈਭੀਤ ਕਰ ਰਿਹਾ ਸੀ। ਮੇਰਾ ਜੰਗਲ ਵਿਚ ਹੋਰ ਅੱਗੇ ਕਦਮ ਪੁੱਟਣ ਨੂੰ ਦਿਲ ਨਹੀਂ ਸੀ ਕਰ ਰਿਹਾ। ਇਸੇ ਸੋਚ ਵਿਚਾਰ ਵਿਚ ਮੇਰਾ ਪੈਰ ਉਚੀ ਨੀਵੀਂ ਜਗ੍ਹਾ ਤੇ ਪੈ ਗਿਆ ਅਤੇ ਮੈਂ ਗਿਰ ਗਿਆ। ਯੋਗੀ ਨੇ ਦੱਸਿਆ ਕਿ ਤੇਰੀ ਇਹ ਆਦਤ ਹੈ, ਮੁਸ਼ਕਲਾਂ ਨੂੰ ਸਾਮ੍ਹਣਾ ਨਾ ਕਰਨ ਦੀ। ਉਸ ਮਨ ਨੇ ਹੀ ਇਹ ਤੇਰੀ ਮੌਜੂਦਾ

(ਬਾਕੀ ਪੰਨਾ **64** ਤੇ)

# ਜਪੁਜੀ ਸਾਹਿਬ ਦਾ ਮਹਾਤਮ

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂਹਾਨੀ ਮਿਸ਼ਨ***

*(ਲੜੀ ਜੋੜਨ ਲਈ ਦੇਖੋ, ਅਪ੍ਰੈਲ ਅੰਕ ਪੰਨਾ - 28)*

***ਧਾਰਨਾ - ਕਟਦੀ ਜਮ ਫਾਂਸੀ ਜੀ,***
***ਜਪੁਜੀ ਦਾ ਪਾਠ ਕਰਕੇ।***

***ਜਪੁਜੀ ਸੇਵ ਕਟਹਿ ਜਮਫਾਸੀ।***
***ਬਹੁਰ ਮਿਲਹਿ ਪਦਵੀ ਅਬਿਨਾਸ਼ੀ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, 1206***

ਅਬਿਨਾਸ਼ੀ ਪਦਵੀ ਤੱਕ ਪਹੁੰਚ ਜਾਂਦਾ ਹੈ -

***ਅਸ ਸੰਜੋਗ ਚਹਿਤ ਹੈ ਸੋਈ।***
***ਤੁਮ ਕਉ ਤਉ ਸਭਿ ਪ੍ਰਾਪਤਿ ਹੋਈ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, 1206***

ਕੋਈ ਆਸ ਕਰ ਲਓ, ਕੋਈ ਵਾਸ਼ਨਾ ਕਰ ਲਓ -

***ਅਸ ਸੰਜੋਗ ਚਹਿਤ ਹੈ ਸੋਈ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, 1206***

ਜਿਹੜਾ ਹੁਣ ਚੁਕ ਜਾਏਗਾ ਨਾ, ਆਹ ਸੰਗਤ ਵਿਚ ਜਿੰਨੇ ਬੈਠੇ ਓਂ ਸਭ ਨੇ ਬਚਨ ਸੁਣੇ ਨੇ। ਕਹਿੰਦੇ, ਜਿਹੜਾ ਇਸ ਸਮੇਂ ਤੋਂ ਹੁਣ ਚੁੱਕ ਜਾਏਗਾ ਨਾ -

***ਚੜਿ ਕਰਿ ਮੇਰੁ ਰਸਾਤਲ ਪਾਈ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, 1206***

ਪਹਾੜ ਦੀ ਚੋਟੀ ਤੇ ਚੜ੍ਹ ਕੇ ਖੱਡ ਵਿਚ ਗਿਰ ਗਿਆ।

***ਜਪੁਜੀ ਕੰਠ ਨਿਤਾਪ੍ਰਤਿ ਰਟੈ।***
***ਜਨਮ ਜਨਮ ਕੇ ਕਲਮਲ ਕਟੈ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, 1206***

ਸਾਰੇ ਜਨਮਾਂ-ਜਨਮਾਂਤਰਾਂ ਦੇ ਪਾਪ ਕਟ ਜਾਂਦੇ ਨੇ।

ਇਕ ਪ੍ਰੇਮੀ ਸੀ ਸੰਗਰੂਰ ਦੇ ਰਹਿਣ ਵਾਲੇ, ਉਹਦਾ ਨਾਉਂ ਸੀ ਲਾਲ ਸਿੰਘ। ਉਹ ਚੜ੍ਹਾਈ ਕਰ ਗਿਆ ਤੇ ਲੈਣ ਵਾਸਤੇ ਉਹਨੂੰ ਜਦੋਂ ਆਏ। ਅੰਮ੍ਰਿਤ ਉਹਨੇ ਛਕਿਆ ਨਹੀਂ ਸੀ, ਕੇਵਲ ਜਪੁਜੀ ਸਾਹਿਬ ਪੜ੍ਹਦਾ ਹੁੰਦਾ ਸੀ। ਉਥੇ ਜਦੋਂ ਧਰਮਰਾਜ ਦੇ ਗਿਆ, (ਉੱਠ ਚਾਰਦਾ ਹੁੰਦਾ, ਜਪੁਜੀ ਸਾਹਿਬ ਪੜ੍ਹੀ ਜਾਂਦਾ।) ਧਰਮਰਾਜ ਕਹਿੰਦਾ ਕਿ ਇਹ ਲਾਲ ਸਿੰਘ ਨਹੀਂ ਸੀ ਲਿਆਉਣਾ, ਦੂਜਾ ਲਾਲ ਸਿੰਘ ਲਿਆਉਣਾ ਸੀ, ਜਾਓ ਮੋੜ ਆਓ ਇਹਨੂੰ, ਉਹ ਜਦੋਂ ਰਸਤੇ 'ਚ ਆਇਆ ਉਹਨੇ ਇਕ ਕੌਤਕ ਦੇਖਿਆ, ਕਮਾਲ ਦਰਜੇ ਦਾ। ਉਥੇ ਇਕ ਬੀਬੀ ਬੈਠੀ ਉਹ ਕਹਿਣ ਲੱਗੀ ਕਿ ਤੂੰ ਮਾਤ ਲੋਕ ਨੂੰ ਜਾ ਰਿਹਾ ਹੈਂ, ਮੇਰਾ ਇਕ ਸੁਨੇਹਾ ਲੈ ਜਾਈਂ। ਕਹਿੰਦੀ ਉਥੇ ਮੇਰੇ ਪਤੀ ਗਏ ਹੋਏ ਨੇ। ਕਹਿੰਦੇ, ਮੈਂ ਤਾਂ ਬੀਬੀ ਜਾਣਦਾ ਨਹੀਂ। ਕਹਿੰਦੀ ਉਹ ਸੰਤ ਮਸਤੂਆਣੇ ਵਾਲੇ ਕਹਾਉਂਦੇ ਨੇ, ਉਹ ਇਥੋਂ ਭੇਜ ਦਿਤੇ ਗਏ ਨੇ ਸੰਸਾਰ ਦਾ ਉਧਾਰ ਕਰਨ ਵਾਸਤੇ। ਮੈਂ ਇਥੇ ਇਕੱਲੀ ਹਾਂ ਉਨ੍ਹਾਂ ਨੂੰ ਕਹਿ ਦਿਓ ਕਿ ਛੇਤੀ ਕੰਮ ਮੁਕਾ ਕੇ ਆ ਜਾਣ। ਉਹ ਜਿਸ ਵਕਤ ਇਥੇ ਆਇਆ, ਜੀਉਂਦਾ ਹੋ ਗਿਆ ਤਾਂ ਮਸਤੂਆਣੇ ਗਿਆ। ਮਹਾਰਾਜ ਜੀ ਨੂੰ ਜਾ ਕੇ ਸਾਰੀ ਬੇਨਤੀ ਕਰੀ ਕਿ ਸੱਚੇ ਪਾਤਸ਼ਾਹ! ਇਸ ਤਰ੍ਹਾਂ ਦੇ ਨਾਲ ਮੈਨੂੰ ਇਕ ਸੁਨੇਹਾ ਦਿਤਾ ਹੈ ਦਰਗਾਹ ਦੇ ਵਿਚੋਂ। ਉਹ ਕਹਿੰਦੇ, ਤੈਨੂੰ ਫੇਰ ਜਮਦੂਤਾਂ ਨੇ ਨਹੀਂ ਕੁਛ ਕਿਹਾ। ਕਹਿੰਦਾ, ਮਹਾਰਾਜ ਮੈਂ ਅੰਮ੍ਰਿਤ ਤਾਂ ਛਕਿਆ ਨਹੀਂ ਸੀ ਪਰ



ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ

ਮੈਂ ਜਪੁਜੀ ਸਾਹਿਬ ਪੜ੍ਹੀ ਜਾਂਦਾ ਸੀ, ਜਦੋਂ ਮੈਨੂੰ ਫੜਿਆ ਕਹਿੰਦੇ ਓਏ ਜਪੁਜੀ ਸਾਹਿਬ ਪੜ੍ਹਦਾ ਹੈ, ਇਹਨੂੰ ਹੱਥ ਨਾ ਲਾਇਓ, ਕੁਛ ਨਾ ਕਹੋ, ਇਜ਼ਤ ਨਾਲ ਲੈ ਕੇ ਜਾਓ। ਗੁਰੂ ਨਾਨਕ ਦੀ ਬਾਣੀ ਪੜ੍ਹਦਾ ਹੈ।

ਸੋ ਇਸ ਤਰ੍ਹਾਂ ਜਪੁਜੀ ਦਾ ਮਹਾਤਮ ਗੁਰੂ ਤੀਸਰੇ ਪਾਤਸ਼ਾਹ ਮਾਹਾਰਾਜ ਨੇ ਜਦੋਂ ਬਉਲੀ ਸਾਹਿਬ ਰਚੀ, ਕਹਿੰਦੇ ਕਿੰਨੀਆਂ ਪੌੜੀਆਂ ਬਣ ਗਈਆਂ ਪਿਆਰਿਓ? ਕਹਿੰਦੇ ਚੌਰਾਸੀ? ਕਹਿੰਦੇ ਜਾਓ ਅੰਮ੍ਰਿਤ ਵੇਲੇ ਉਠ ਕੇ ਪਹਿਲਾ ਇਸ਼ਨਾਨ ਬਾਹਰ ਕਰੋ। ਫੁਰਨੇ ਰਹਿਤ ਹੋ ਕੇ ਸਣਕੇਸੀ ਟੁੱਭਾ ਮਾਰੋ। ਪਹਿਲੀ ਪੌੜੀ ਤੇ ਆ ਕੇ ਫੇਰ ਜਪੁਜੀ ਦਾ ਪਾਠ ਕਰੋ। ਫੇਰ ਚਲੇ ਜਾਓ ਦੂਜਾ ਟੁੱਭਾ ਮਾਰੋ, ਇਸੇ ਤਰ੍ਹਾਂ ਚੌਰਾਸੀ ਪੌੜੀਆਂ ਦੇ ਉਤੇ ਚੌਰਾਸੀ ਪਾਠ ਜਿਹੜਾ ਕਰ ਲਏਗਾ, ਉਹਦੀ ਚੌਰਾਸੀ ਖਤਮ ਹੋ ਜਾਏਗੀ। ਗੁਰੂ ਨਾਨਕ ਦੇ ਚਰਨਾਂ ਦਾ ਧਿਆਨ ਧਰ ਕੇ, ਫੁਰਨੇ ਰਹਿਤ ਹੋ ਕੇ ਜਿਹੜਾ ਜਪੁਜੀ ਦੇ ਪਾਠ ਕਰ ਲਏਗਾ।

ਸੋ ਐਸਾ ਜਪੁਜੀ ਸਾਹਿਬ ਦਾ ਪਾਠ ਜਦੋਂ ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਸਰੀਰ ਛੱਡਣ ਲੱਗੇ ਤਾਂ ਆਪ ਨੇ ਕਿਹਾ, ਸਿੰਘੋ! ਹੁਣ ਮੈਂ ਜਪੁਜੀ ਸਾਹਿਬ ਦਾ ਪਾਠ ਕਰਨਾ ਹੈ। ਜਪੁਜੀ ਸਾਹਿਬ ਦਾ ਪਾਠ ਕੀਤਾ, ਸਰੀਰ ਛੱਡ ਦਿਤਾ। ਗੁਰੂ ਨੌਵੇਂ ਪਾਤਸ਼ਾਹ ਜਦੋਂ ਚਾਂਦਨੀ ਚੌਂਕ 'ਚ ਬਿਠਾ ਲਏ ਤਾਂ ਔਰੰਗਜ਼ੇਬ ਨੇ ਕਿਹਾ ਕਿ ਹੁਣ ਤੁਸੀਂ ਕਰਾਮਾਤ ਦਿਖਾਓ। ਕਹਿੰਦੇ ਦਿਖਾ ਦਿੰਦੇ ਹਾਂ। ਹੁਣ ਦਿਖਾ ਦਿੰਦੇ ਹਾਂ। ਕਹਿੰਦਾ ਕੀ? ਕਹਿੰਦੇ, ਜਿਹੜੀ ਤੁਹਾਡੀ ਤਲਵਾਰ ਹੈ ਨਾ ਇਹ ਕੱਚਾ ਧਾਗਾ ਨਹੀਂ ਕੱਟ ਸਕਦੀ। ਕਹਿੰਦੇ, ਕੱਚਾ ਧਾਗਾ ਅਸੀਂ ਤਾਂ ਗਰਦਨ ਕੱਟ ਦਿੰਦੇ ਹਾਂ। ਕਹਿੰਦੇ, ਨਾ ਤੁਹਾਡੀ ਤਲਵਾਰ ਨਹੀਂ ਛੋਹ ਸਕਦੀ। ਕਹਿੰਦੇ, ਅਸੀਂ ਜਪੁਜੀ ਸਾਹਿਬ ਪੜ੍ਹਨਾ, ਪੜ੍ਹ ਕੇ ਜਦੋਂ ਅਸੀਂ ਸਿਰ ਨੀਵਾਂ ਕਰਾਂਗੇ, ਨਮਸ਼ਕਾਰ ਕਰਾਂਗੇ, ਉਸ ਤੋਂ ਬਾਅਦ ਜਦੋਂ ਅਸੀਂ ਉਪਰ ਉਠਾਂਗੇ, ਤੁਸੀਂ ਆਪਣੀ ਤਲਵਾਰ ਚਲਾ ਲਿਓ। ਆਹ ਕਾਗਜ਼ ਬੰਨ੍ਹ ਦਿਓ ਸਾਡੀ ਗਰਦਨ ਦੇ ਨਾਲ ਤੇ ਨਾਲ ਧਾਗਾ ਬੰਨ੍ਹ ਦਿਓ। ਇਹਦੇ ਉਤੇ ਤਲਵਾਰ ਚਲਾਇਓ ਆਪਣੀ।

ਧਾਗਾ ਬੰਨ੍ਹ ਦਿਤਾ ਤੇ ਮਹਾਰਾਜ ਜੀ ਨੇ ਜਪੁਜੀ ਸਾਹਿਬ ਪੜ੍ਹਿਆ, ਪੜ੍ਹ ਕੇ ਜਦੋਂ 'ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥, ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ' ਕਹਿ ਕੇ ਮਸਤਕਿ ਨਿਵਾਇਆ, ਉਪਰ ਹੋਏ। ਓਧਰੋਂ ਉਨ੍ਹਾਂ ਨੇ ਧਾਗੇ ਤੇ ਜਿਹੜਾ ਕਾਗਜ਼ ਬੰਨ੍ਹਿਆ ਹੋਇਆ ਸੀ ਉਹਦੇ ਤੇ ਤਲਵਾਰ ਚਲਾਈ, ਤਾਂ ਸੀਸ ਪਹਿਲਾਂ ਹੀ ਭਾਈ ਜੈਤੇ ਦੀ ਗੋਦੀ ਵਿਚ ਚਲਿਆ ਤੇ ਹੈਰਾਨ ਹੋ ਗਏ ਕਿ ਸਾਡੀ ਤਲਵਾਰ ਨੇ ਤਾਂ ਕੱਚਾ ਧਾਗਾ ਨਹੀਂ ਕਟਿਆ, ਸੀਸ ਕਿਵੇਂ ਕੱਟਿਆ ਗਿਆ?



ਧੰਨ ਧੰਨ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਤੱਤੀ ਤਵੀ ਤੇ ਬੈਠ ਕੇ "ਤੇਰਾ ਭਾਣਾ ਮੀਠਾ ਲਾਗੈ" ਦਾ ਪ੍ਰਤੱਖ ਦ੍ਰਿਸ਼ਮਾਨ ਕਰਦੇ ਹੋਏ।

ਸੋ ਜਪੁਜੀ ਸਾਹਿਬ ਦੀ ਮਹਾਨਤਾ ਮਹਾਰਾਜ ਨੇ ਬਹੁਤ ਦੱਸੀ ਹੈ। ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਨੇ ਸੰਗਤਾਂ ਬੁਲਾ ਲਈਆਂ ਕਿ ਅਸੀਂ ਸਰੀਰ ਛੱਡਣਾ ਹੈ, ਸੰਗਤ ਹੋ ਗਈ ਉਦਾਸ, ਬੇਨਤੀਆਂ ਕਰਦੀ ਹੈ ਬਾਬਾ ਜੀ ਹਾਲੇ ਨਾ ਜਾਓ-ਹਾਲੇ ਨਾ ਜਾਓ। ਬਾਬਾ ਜੀ ਤੋਂ ਛੋਟੇ ਸੰਤ ਸੀ ਬਾਬਾ ਲਾਲ ਸਿੰਘ ਜੀ, ਕਹਿਣ ਲੱਗੇ ਬਾਬਾ ਜੀ! ਸੰਗਤਾਂ ਤੇ ਤਰਸ ਕਰੋ। ਕਹਿੰਦੇ, ਭਾਈ ਲਾਲ ਸਿੰਆਂ! ਤਾਂ ਫੇਰ ਤੂੰ ਚਲਿਆ ਜਾਹ, ਸਾਡੀ ਥਾਂ ਤੇ -

***ਗੁਰਮੁਖਿ ਆਵੈ ਜਾਇ ਨਿਸੰਗੁ ॥ ਅੰਗ - ੯੩੨***

ਤੇਰੇ ਦੋ ਸਾਲ, ਦੋ ਮਹੀਨੇ, ਦੋ ਦਿਨ ਰਹਿੰਦੇ ਨੇ, ਅਸੀਂ ਫੇਰ ਤੇਰੇ ਵੇਲੇ ਆ ਜਾਵਾਂਗੇ। ਕਹਿੰਦੇ ਠੀਕ ਹੈ ਮਹਾਰਾਜ। ਸਾਢੇ ਚਾਰ ਵਜੇ ਸਰੀਰ ਛੱਡਣਾ ਸੀ, ਚਾਰ ਵਜੇ ਬਾਬਾ ਲਾਲ ਸਿੰਘ ਜੀ ਆ ਗਏ ਨਹਾ ਧੋਅ ਕੇ, ਕਫਨ ਪਾ ਆਏ, ਉਥੇ ਬੈਠ ਕੇ ਬਹੁਤ ਵੈਰਾਗ ਦੇ ਸ਼ਬਦ ਪੜ੍ਹੇ, ਫੇਰ ਕਹਿਣ ਲੱਗੇ ਕਿ ਅਸੀਂ ਹੁਣ ਜਪੁਜੀ ਸਾਹਿਬ ਦਾ ਪਾਠ ਕਰਦੇ ਹਾਂ। ਚੌਂਕੜਾ ਮਾਰ ਲਿਆ, ਜਪੁਜੀ ਸਾਹਿਬ ਦਾ ਪਾਠ ਕਰਕੇ, ਡੱਬਾ ਸੀਗਾ ਕੋਲ ਜਿਹਦੇ 'ਚ ਉਨ੍ਹਾਂ ਨੂੰ ਜਲ ਪ੍ਰਵਾਹ ਕਰਨਾ ਸੀ, 'ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ਕਹਿ ਕੇ' ਇਕ ਦਮ ਲੰਮੇ

ਪੈ ਗਏ। ਬਾਬਾ ਜੀ ਕਹਿਣ ਲੱਗੇ ਕਿ ਦੇਖੋ ਭਾਈ, ਲਾਲ ਸਿੰਘ ਹੋਣੀ ਹੈਗੇ ਕਿ ਚਲੇ ਗਏ? ਜਦੋਂ ਨਬਜ਼ ਨੂੰ ਹੱਥ ਲਾਇਆ, ਉਥੇ ਕੁਛ ਵੀ ਨਾ। ਸੋ ਇਹ ਜਪੁਜੀ ਸਾਹਿਬ ਅੰਤ ਸਮੇਂ ਸਹਾਇਤਾ ਕਰਦਾ ਹੈ। ਮਦਦ ਕਰਦੇ ਨੇ ਗੁਰੂ ਸਾਹਿਬ। ਜਿਹੜਾ ਸਿੱਖ ਗੁਰੂ ਦੀ ਮਦਦ ਹੀ ਨਹੀਂ ਚਾਹੁੰਦਾ, ਸਿੱਖ ਬਣਿਆ ਹੋਇਆ ਹੈ, ਉਹਦਾ ਕੀ ਫਾਇਦਾ। ਕਹਿੰਦੇ, ਉਹਦੇ ਤਨ ਦੇ ਤਿੰਨੋ ਤਾਪ ਆਧੀ, ਬਿਆਧੀ, ਉਪਾਧੀ ਤਿੰਨੋਂ ਖਤਮ ਹੋ ਜਾਣਗੇ, ਆਰਬਲਾ ਵਧ ਜਾਏਗੀ। ਉਮਰ ਵਧ ਜਾਏਗੀ।

***ਕਰਹਿ ਕਾਮਨਾ ਜਥਾ ਉਰ ਤਥਾ ਜਾਪ ਤੇ ਪਾਇ॥ (ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,ਪੰਨਾ 5582)***

ਜਿਹੋ ਵੀ ਕਾਮਨਾ ਕਰਦਾ ਹੈ, ਫੁਰਨਾ ਕਰਦਾ ਹੈ, ਉਹ ਜਾਪ ਕਰਨ ਦੇ ਨਾਲ ਮਿਲ ਜਾਏਗੀ।

***ਅਬਿ ਸੁਨੀਏ ਇਕ ਜਪ ਪੜੈ ਸਤਿਗੁਰ ਸਿੱਖ ਕੇ ਸੰਗ।***
***ਭੁਗਤ ਮੁਕਤਿ ਬਖਸ਼ੀ ਗੁਰੂ ਦਰਗਹਿ ਜਾਹਿ ਨਿਸੰਗ॥***
***(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5583)***



ਧੰਨ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਚਾਂਦਨੀ ਚੌਂਕ ਵਿਖੇ ਜਪੁਜੀ ਸਾਹਿਬ ਦਾ ਪਾਠ ਕਰਨ ਉਪਰੰਤ ਮਹਾਨ ਸ਼ਹਾਦਤ ਦਾ ਦ੍ਰਿਸ਼।

ਜਦੋਂ ਜਪੁਜੀ ਸਾਹਿਬ ਸੁੱਧ ਕਰਕੇ, ਇਕ ਚਿੱਤ ਹੋ ਕੇ ਪੜ੍ਹ ਲਏਗਾ, ਕਹਿੰਦੇ ਦਰਗਾਹ 'ਚ ਜਾਂਦਾ ਹੈ ਨਿਸ਼ਾਨ ਤੇ ਪ੍ਰਾਪਤੀ ਹੁੰਦੀ ਹੈ –

***ਆਤਮ ਦਰਸੀ ਕੀ ਗਤੀ***
***ਪ੍ਰਾਪਤਿ ਤਿਸ ਕੋ ਹੋਇ॥***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5583***

ਬ੍ਰਹਮਗਿਆਨੀ ਦੀ ਗਤੀ ਉਹਨੂੰ ਪ੍ਰਾਪਤ ਹੋ ਜਾਂਦੀ ਹੈ।

***ਰਹੈ ਸੰਗ ਤਿਹ ਸਤਿਗੁਰੂ***
***ਪਾਇ ਸਹਾਇਕ ਸੋਇ॥***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5583***

ਗੁਰੂ ਉਹਦੇ ਨਾਲ ਸਦਾ ਹੀ ਰਹਿੰਦਾ ਹੈ। ਸਹਾਇਕ ਮਿਲ ਗਿਆ ਨਾ।

***ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥***
***ਸਿਮਰਿ ਸਿਮਰਿ ਤਿਸੁ ਸਦਾ ਸਮ੍ਾਲੇ ॥੧॥***
***ਅੰਗ – ੩੯੪***

***ਜਿਉਂ ਧੰਨੇ ਕੀ ਧੇਨੁ ਕੋ ਠਾਕਰ ਚਾਰੇ ਨਿੱਤ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5583***

ਜਿਵੇਂ ਗਊਆਂ ਚਾਰਦਾ ਸੀ ਨਾ ਵਾਹਿਗੁਰੂ ਧੰਨੇ ਦੀਆਂ –

***ਕਰਿ ਪ੍ਰਤੀਤ ਨਿਤ ਜਪ ਪੜੇ ਤਿਮ ਤਿਹ ਸਤਿਗੁਰ ਮਿੱਤ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5583***

ਜਿਹੜਾ ਪ੍ਰਤੀਤ ਕਰਕੇ, ਇਕ ਮਨ ਹੋ ਕੇ ਜਪੁਜੀ ਸਾਹਿਬ ਪੜ੍ਹੇਗਾ, ਉਹਦੀਆਂ ਧੰਨੇ ਵਾਂਗੂੰ ਗਊਆਂ ਗੁਰੂ ਨਾਨਕ ਚਾਰੇਗਾ। ਸਾਰੇ ਕੰਮ ਗੁਰੂ ਨਾਨਕ ਕਰੇਗਾ ਉਨ੍ਹਾਂ ਦੇ।

***ਪੜੈ ਸੁਨੈ ਚਿਤ ਲਾਇਕੈ ਜੌ ਲਿਖਿ ਦੇਯ ਸਪ੍ਰੀਤ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5583***

ਪ੍ਰੀਤ ਦੇ ਨਾਲ ਚਿੱਤ ਲਾ ਕੇ ਜਿਹੜਾ ਪੜ੍ਹੇਗਾ –

***ਮਨ ਚਿੰਤਤਿ ਫਲ ਪਾਇਕੈ***
***ਤਰਿ ਹੈ ਸੁਖ ਭੈ ਭੀਤ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5583***

ਆਪ ਤਰ ਜਾਏਗਾ, ਦੂਜਿਆਂ ਨੂੰ ਤਾਰ ਦਏਗਾ। ਇਹ ਤਾਂ ਜਪੁਜੀ ਸਾਹਿਬ ਦੀ ਮੈਂ ਬੇਨਤੀ ਕਰੀ ਹੈ, ਜਿਹੜਾ ਨਿਤਨੇਮ ਕਰਦਾ ਹੈ, ਨਿਤਨੇਮ ਕਰਨਾ ਸਿੱਖ ਵਾਸਤੇ ਹੱਦ ਤੋਂ ਜ਼ਿਆਦਾ ਜ਼ਰੂਰੀ ਹੈ, ਨਹੀਂ ਤਾਂ ਮੈਲ ਪੈ ਜਾਇਆ ਕਰਦੀ ਹੈ। ਉਹਦੇ ਬਾਰੇ ਇਸ ਤਰ੍ਹਾਂ ਫੁਰਮਾਨ ਹੈ –

***ਧਾਰਨਾ – ਕੱਟੇ ਜਾਣਗੇ ਚੌਰਾਸੀ ਵਾਲੇ ਗੇੜੇ***
***ਨਿਤਨੇਮ ਕਰ ਲੈ ਬੰਦਿਆਂ।***

ਰਹਿਤਨਾਮੇ ਵਿਚ ਲਿਖਿਆ ਹੋਇਆ ਹੈ –

***ਵਾਹਿਗੁਰੂ ਪੁਨ ਮੰਤ੍ਰ ਸੁ ਜਾਪ।***

***(ਰਹਿਤਨਾਮਾ ਭਾਈ ਨੰਦ ਲਾਲ)***

ਪਹਿਲਾਂ ਉਠ ਕੇ ਇਸ਼ਨਾਨ ਕਰੋ ਉਸ ਤੋਂ ਬਾਅਦ ਵਾਹਿਗੁਰੂ ਮੰਤ੍ਰ ਜੋ ਪੰਜ ਪਿਆਰਿਆਂ ਨੇ ਦਿਤਾ ਹੈ ਉਹਦਾ ਜਾਪ ਸ਼ੁਰੂ ਕਰਨਾ ਹੈ।

***ਕਰ ਇਸਨਾਨ ਪੜ੍ਹੇ ਜਪੁ ਜਾਪੁ॥***

***ਰਹਿਤਨਾਮਾ ਭਾਈ ਨੰਦ ਲਾਲ***

ਜਪੁਜੀ ਸਾਹਿਬ ਤੇ ਜਾਪ ਸਾਹਿਬ। ਇਸ਼ਨਾਨ ਕਰਕੇ ਪੜ੍ਹੇ –

***ਸੰਧਿਆ ਸਮੇਂ ਸੁਨੇ ਰਹਿਰਾਸ।***

***ਰਹਿਤਨਾਮਾ ਭਾਈ ਨੰਦ ਲਾਲ***

ਸ਼ਾਮ ਹੋ ਗਈ ਤਾਂ ਸਾਰੇ ਕੰਮ ਛੱਡ ਕੇ ਜਾਂ ਰਹਿਰਾਸ ਸਾਹਿਬ ਪੜ੍ਹੇ ਜਾਂ ਸੁਣੇ।

***ਕੀਰਤਨ ਕਥਾ ਸੁਨੈ ਹਰਿ ਜਾਸ॥***

***ਰਹਿਤਨਾਮਾ ਭਾਈ ਨੰਦ ਲਾਲ***

ਕੀਰਤਨ ਸੁਣੇ, ਕਥਾ ਹੁੰਦੀ ਹੈ ਕਥਾ ਸੁਣੇ –

***ਇਨ ਪੈ ਨੇਮ ਜੁ ਏਕ ਕਰਾਇ।***

***ਰਹਿਤਨਾਮਾ ਭਾਈ ਨੰਦ ਲਾਲ***

ਇਕ ਵੀ ਨੇਮ ਜੋ ਇਨ੍ਹਾਂ ਵਿਚੋਂ ਕਰ ਲਏਗਾ –

***ਸੋ ਸਿਖ ਅਮਰਪੁਰੀ ਮਹਿ ਜਾਇ।***

***ਰਹਿਤਨਾਮਾ ਭਾਈ ਨੰਦ ਲਾਲ***

ਉਹ ਗੁਰੂ ਦਸਵੇਂ ਪਾਤਸ਼ਾਹ ਕੋਲ ਜਾਏਗਾ ਤੇ ਜਿਹੜਾ ਨਹੀਂ ਕਰਦਾ –


***ਬਿਨੁ ਜਪੁ ਜਾਪ ਜਪੇ ਬਿਨਾਂ ਜੋ ਜੇਵੈ ਪਰਸਾਦਿ।***

***(ਰਹਿਤਨਾਮਾ)***

ਜਿਹਨੇ ਜਪੁਜੀ ਸਾਹਿਬ ਨੇ ਪੜ੍ਹਿਆ, ਜਾਪੁ ਸਾਹਿਬ ਨਹੀਂ ਪੜ੍ਹਿਆ, ਰੋਟੀ ਖਾਣ ਲੱਗ ਗਿਆ –

***ਸੋ ਬਿਸ਼ਟਾ ਕਾ ਕਿਰਮ ਹੋਇ ਜਨਮੁ ਗਵਾਇਓ ਬਾਦਿ॥ (ਰਹਿਤਨਾਮਾ)***

ਕਹਿੰਦੇ ਗੰਦ ਦਾ ਕੀੜਾ ਹੈ, ਐਡਾ ਸਖਤ ਮਹਾਰਾਜ ਨੇ ਕਿਹਾ ਹੈ। ਸੋ ਇਹਦਾ ਮਹਾਤਮ ਕਿੰਨਾ ਹੈ ਸਾਧਸੰਗਤ ਜੀ। ਇਹਦੇ ਬਾਰੇ ਮੈਂ ਬੇਨਤੀ ਕਰਦਾ ਹਾਂ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਜਿਸ ਵਕਤ ਅੰਮ੍ਰਿਤਸਰ ਦਾ ਯੁੱਧ ਖਤਮ ਹੋ ਗਿਆ, ਉਸ ਵੇਲੇ ਆਪ ਨੇ ਭੀੜ ਵਗੈਰਾ 'ਚੋਂ ਬਾਹਰ ਜਾਣ ਵਾਸਤੇ ਆਪ ਨੇ ਹਰਿਗੋਬਿੰਦਪੁਰਾ ਜਿਹੜਾ ਹੈ ਉਥੇ ਜਾਣ ਵਾਸਤੇ ਆਪ ਨੇ ਤਿਆਰੀ ਕਰ ਲਈ ਤੇ ਉਥੇ ਜਦੋਂ ਆਪ ਗਏ ਤਾਂ ਉਥੇ ਇਕ ਬੰਦਾ ਸੀ ਭਗਵਾਨ ਦਾਸ, ਪਿੰਡ ਮਹਾਰਾਜ ਵਸਾ ਕੇ ਗਏ ਸੀ, ਇਹਨੇ ਮਹਾਰਾਜ ਦੀ ਗੈਰਹਾਜ਼ਰੀ 'ਚ ਸਾਰੇ ਹੀ ਪਿੰਡ ਤੇ ਕਬਜ਼ਾ ਕਰ ਲਿਆ। ਮਹਾਰਾਜ ਚਲੇ ਗਏ। ਕਹਿੰਦਾ ਇਥੇ ਨਹੀਂ ਮੈਂ ਬੈਠਣ ਦੇਣਾ, ਉਹ ਕਹਿੰਦੇ ਭਾਈ ਅਸੀਂ ਚੌਮਾਸਾ ਕੱਟਣਾ ਹੈ, ਸਾਡਾ ਪਿੰਡ ਹੈ ਅਸੀਂ ਮੋੜ੍ਹੀ ਗੱਢੀ ਹੈ ਤੂੰ ਇਹ ਕੀ ਕਰਦਾ ਹੈਂ? ਕਹਿੰਦਾ, ਮੋੜ੍ਹੀ ਗੱਢੀ ਹੈ ਤੇ ਮੈਂ ਪੁੱਟ ਦਿਤੀ। ਮੈਂ ਹੁਣ ਨਹੀਂ ਬੈਠਣ ਦੇਣਾ। ਅਹੰਕਾਰ ਬੜਾ ਸੀ ਉਹਦੇ ਮਨ ਵਿਚ ਕਿਉਂਕਿ ਅਬਦੁਲ ਖਾਂ ਸੂਬਾ ਜਲੰਧਰ ਜਿਹੜਾ ਸੀ ਉਹਦਾ ਮਿੱਤਰ ਸੀ। ਮਹਾਰਾਜ ਜੀ ਨੂੰ ਗਾਲ੍ਹਾਂ ਕੱਢਣ ਲੱਗ ਗਿਆ। ਸਿੰਘਾਂ ਨੂੰ ਆ ਗਿਆ ਗੁੱਸਾ ਆਇਆ, ਪਰ ਮਹਾਰਾਜ ਚੁੱਪ ਹੀ ਰਹੇ। ਸਿੱਖ ਕਹਿਣ ਲੱਗੇ, ਸੱਚੇ ਪਾਤਸ਼ਾਹ! ਇਹ ਗਾਲ੍ਹਾਂ ਕੱਢੀ ਜਾਂਦਾ ਹੈ। ਕਹਿੰਦੇ, ਕੋਈ ਨਾ। ਕੱਢਦਾ ਗਿਆ, ਕੱਢਦਾ ਗਿਆ। ਜਦੋਂ ਹਟਿਆ ਹੀ ਨਾ, ਮਹਾਰਾਜ ਕਹਿੰਦੇ ਇਹਨੂੰ ਹਟਾਓ। ਐਨਾ ਹੀ ਕਹਿਣ ਦੀ ਦੇਰ ਸੀ ਭਾਈ ਬਿਧੀ ਚੰਦ ਵਗੈਰਾ ਨੇ, ਫੜ ਲਿਆ। ਜਿਉਂ-ਜਿਉਂ ਘਸੁੰਨ ਵੱਜਣ ਤਿਉਂ-ਤਿਉਂ ਗਾਲ੍ਹਾਂ ਹੋਰ ਕੱਢੇ। ਸਿਰ 'ਚ ਮੁੱਕੇ ਮਾਰ ਕੇ, ਚੁੱਕ ਕੇ ਦਰਿਆ 'ਚ ਸੁੱਟ ਦਿਤਾ ਭਾਈ ਬਿਧੀ ਚੰਦ ਨੇ ਮੋਢੇ ਤੇ ਚੁੱਕਿਆ ਵਗਾਹ ਕੇ ਮਾਰਿਆ ਦਰਿਆ 'ਚ, ਕਹਿੰਦਾ ਜਾਹ। ਉਹਦਾ ਪੁੱਤਰ ਰਤਨ ਚੰਦ ਸੀ ਤੇ ਓਧਰਲੇ ਪਾਸੇ ਕਰਮਚੰਦ ਸੀ ਚੰਦੂ ਦਾ ਪੁੱਤਰ। ਇਨ੍ਹਾਂ ਦੋਹਾਂ ਨੇ ਸਲਾਹ ਕਰੀ ਕਿ ਹੁਣ ਆਪਾਂ ਕਿਉਂ ਨਾ ਆਪਣੇ ਮਿੱਤਰ ਕੋਲ ਚੱਲੀਏ। ਮੇਰੇ ਪਿਤਾ ਜੀ ਦਾ ਮਿੱਤਰ ਹੈ ਅਬਦੁੱਲ ਖਾਨ, ਸੂਬਾ ਜਲੰਧਰ। ਉਥੇ ਜਾ ਕੇ ਫਰਿਆਦੀ ਹੋਏ। ਪੰਦਰਾਂ ਹਜ਼ਾਰ ਫੌਜ ਚਾੜ੍ਹ ਲਿਆਏ



ਸੰਤ ਅਤਰ ਸਿੰਘ ਜੀ ਮਸਤੂਆਣਾ ਸਾਹਿਬ

ਮਹਾਰਾਜ ਉਪਰ। ਇਕੋ ਦਿਨ ਵਿਚ ਮਹਾਰਾਜ ਨੇ ਸਾਰੀ ਫੌਜ ਖਤਮ ਕਰ ਦਿਤੀ, ਵਿਚੇ ਹੀ ਕਰਮ ਚੰਦ, ਰਤਨ ਚੰਦ, ਅਬਦੁੱਲ ਖਾਂ ਚੁੱਕ ਕੇ ਸਾਰੇ ਦਰਿਆ ਵਿਚ ਸੁੱਟ ਦਿਤੇ। ਉਸ ਤੋਂ ਬਾਅਦ ਜਿਹੜੇ ਮਰੇ ਹੋਏ ਸੀ ਮੁਸਲਮਾਨ ਉਨ੍ਹਾਂ ਦੀਆਂ ਕਬਰਾਂ ਬਣਾ ਦਿਤੀਆਂ, ਹਿੰਦੂਆਂ ਦਾ ਸਸਕਾਰ ਕਰ ਦਿਤਾ ਤੇ ਉਹਦੇ ਉਤੇ ਦਮਦਮਾ ਬਣਾ ਦਿਤਾ ਮਹਾਰਾਜ ਨੇ। ਮਹਾਰਾਜ ਜੀ ਕਹਿਣ ਲੱਗੇ, ਭਾਈ! ਰੂਹਾਂ ਭਟਕਦੀਆਂ ਨੇ, ਕੋਈ ਗੁਰਸਿੱਖ ਸੰਗਤ 'ਚੋਂ ਉਠੋ ਜਿਹੜਾ ਇਕ ਜਪੁਜੀ ਸਾਹਿਬ ਦਾ ਪਾਠ ਸਾਨੂੰ ਇਥੇ ਬੈਠ ਕੇ ਸੁਣਾ ਦੇਵੇ। ਸ਼ੁੱਧ ਪਾਠ ਹੋਵੇ। ਸ਼ੁੱਧ ਤੇ ਅਸ਼ੁੱਧ ਦਾ ਫਰਕ ਹੈ। ਬਾਣੀ ਅਸ਼ੁੱਧ ਪੜ੍ਹੀ ਸੀ ਗੁਰਸਿੱਖ ਨੇ –

***ਕਰਤੇ ਕੀ ਮਿਤ ਕਰਤਾ ਜਾਣੈ***
***ਕਿ ਜਾਣੇ ਗੁਰ ਸੂਰਾ।***

ਸੀਗਾ ਇਥੇ 'ਕੈ ਜਾਣੈ ਗੁਰ ਸੂਰਾ' ਉਹਦੇ ਉਪਰ ਚਪੇੜਾਂ ਪਈਆਂ। ਮਹਾਰਾਜ ਕੋਲ ਆ ਗਿਆ ਸੱਚੇ ਪਾਤਸ਼ਾਹ! ਤੇਰੀ ਬਾਣੀ ਸੁਣਿਆ ਹੈ ਜਮਾਂ ਦੀ ਮਾਰ ਤੋਂ ਛੁਡਾਉਂਦੀ ਹੈ ਮੈਨੂੰ ਤਾਂ ਇਥੇ ਪੜ੍ਹਦੇ ਨੂੰ, ਦੱਖਣੀ ਓਅੰਕਾਰ ਪੜ੍ਹਦੇ ਨੂੰ ਤੇਰੇ ਸਿੱਖਾਂ ਨੇ ਚਪੇੜਾਂ ਮਾਰੀਆਂ। ਮਹਾਰਾਜ ਕਹਿੰਦੇ ਪਿਆਰਿਆ! ਇਹ ਬਾਣੀ ਤਾਂ ਮੇਰੇ ਅੰਗ ਨੇ। ਤੂੰ ਮੇਰੇ ਅੰਗ ਕਿੰਨੇ ਮਰੋੜੇ ਨੇ, ਤੂੰ ਮੇਰੇ ਅੰਗ ਕੱਟੇ, ਅਰਥ ਤੋਂ ਅਨਰਥ ਕੀਤਾ। ਕਹਿੰਦੇ ਜਿਹੜਾ ਤੂੰ ਪੜ੍ਹਦਾ ਸੀ ਨਾ – 'ਕਰਤੇ ਕੀ ਮਿਤ ਕਰਤਾ ਜਾਣੈ ਕਿ ਜਾਣੈ ਗੁਰ ਸੂਰਾ' ਇਹਦਾ ਮਤਲਬ ਗੁਰੂ ਨੂੰ ਨਹੀਂ ਕਿਸੇ ਗੱਲ ਦਾ ਪਤਾ। ਲਿਖਿਆ ਹੋਇਆ ਹੈ 'ਕੈ ਜਾਣੈ ਗੁਰ ਸੂਰਾ' ਜਾਂ ਗੁਰੂ ਜਾਣਦਾ ਹੈ, ਜਾਂ ਫੇਰ ਅਕਾਲਪੁਰਖ ਜਾਣਦਾ ਹੈ। ਜੇ ਗੁਰੂ ਹੀ ਨਹੀਂ ਜਾਣਦਾ ਫੇਰ ਦੇਖ ਕਿੱਡਾ ਅਨਰਥ ਕਰ ਦਿਤਾ।

ਸੋ ਮਹਾਰਾਜ ਕਹਿੰਦੇ ਨੇ ਕਿ ਸ਼ੁੱਧ ਪਾਠ ਸੁਣਾਓ। ਉਸ ਵੇਲੇ ਸੰਗਤ 'ਚੋਂ ਇਕ ਗੁਰਸਿੱਖ ਉਠਿਆ ਜਿਸ ਦਾ ਨਾਉਂ ਭਾਈ ਗੁਪਾਲਾ ਸੀ। ਫੈਜ਼ਾਬਾਦ ਦਾ ਰਹਿਣ ਵਾਲਾ ਸੀ। ਆ ਕੇ ਨਮਸਕਾਰ ਕਰ ਦਿਤੀ, ਕਹਿੰਦਾ ਪਾਤਸ਼ਾਹ! ਜੇ ਆਪ ਦਾ ਸਿਰ ਤੇ ਹੱਥ ਰਹੇ ਤਾਂ ਮੈਂ ਪਾਠ ਸੁਣਾਉਂਦਾ ਹਾਂ। ਮਹਾਰਾਜ ਕਹਿੰਦੇ ਆ ਜਾ। ਮਹਾਰਾਜ ਦਾ ਸਿੰਘਾਸ਼ਨ ਲੱਗਿਆ ਹੋਇਆ ਸੀ, ਕਹਿੰਦੇ ਗੁਰਸਿੱਖੋ! ਦੂਜਾ ਇਕ ਸਿੰਘਾਸ਼ਨ ਹੋਰ ਲਿਆ॥ ਬਰਾਬਰ ਲਾ ਦਿਤਾ ਗਿਆ, ਕਹਿੰਦੇ ਨਾ ਸਾਡੇ ਤੋਂ ਉਚਾ ਕਰੋ, ਦੋ-ਦੋ ਇੱਟਾਂ ਰੱਖੋ ਇਹਦੇ ਥੱਲੇ। ਆਪ ਤੋਂ ਗਿੱਠ ਉੱਚਾ ਕਰਾ ਦਿਤਾ। ਕਹਿੰਦੇ ਇਹਦੇ ਉਤੇ ਬੈਠ ਕੇ ਇਹਨੇ ਗੁਰੂ ਨਾਨਕ ਦੀ ਬਾਣੀ ਪੜ੍ਹਨੀ ਹੈ, ਇਹ ਸਾਡੇ ਤੋਂ ਉਚਾ ਹੋਣਾ ਚਾਹੀਦਾ ਹੈ, ਬਾਣੀ ਦਾ ਅਦਬ ਸਿੱਖੋ। ਓਸ ਵੇਲੇ ਬਿਠਾ ਦਿਤਾ, ਜਿਸ ਵਕਤ ਉਸ ਨੇ ਕਿਹਾ –

'ਪੂਰਬ ਕਾ ਏਕਓਅੰਕਾਰਾ ਸਤਿਨਾਮ ਕਉ ਬਹੁਰ ਉਚਾਰਾ' ਫੇਰ 'ਸਤਿਨਾਮ' ਕਿਹਾ,

***ਸ੍ਰੀ ਹਰਿਗੋਵਿੰਦ ਸੁਨਿ ਕਰ ਜੋਰਿ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 2981***

ਜਦੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਸੁਣਿਆ ੧ਓ ਸਤਿਨਾਮ' ਦੋਵੇਂ ਹੱਥ ਜੋੜ ਕੇ ਸਿੱਖ ਨੂੰ ਮੱਥਾ ਟੇਕ ਦਿਤਾ। ਨਮਸ਼ਕਾਰ ਕਰ ਦਿਤੀ ਕਿ ਸਿੱਖ ਹੁਣ ਬਾਣੀ ਪੜ੍ਹਨ ਲੱਗਿਆ ਹੈ।

***ਨਮਸਕਾਰ ਕੀਨੀ ਸਿਖ ਓਰਿ॥***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 2981***

ਸਿੱਖ ਵਲ ਨਮਸਕਾਰ ਕਰ ਦਿਤੀ ਤੇ ਮਹਾਰਾਜ ਜਿਉਂ-ਜਿਉਂ ਜਪੁਜੀ ਸਾਹਿਬ ਸੁਣਦੇ ਨੇ, ਸ਼ੁੱਧ ਲਗਾਂ ਮਾਤਰਾ, ਫੁਰਨੇ ਰਹਿਤ ਪੜ੍ਹਦੇ ਨੇ, ਕੋਈ ਫੁਰਨਾ ਨਹੀਂ। ਮਹਾਰਾਜ ਅਸ਼, ਵਾਹੁ-ਵਾਹੁ ਕਹਿੰਦੇ ਨੇ ਤੇ ਜਿਸ ਵਕਤ ਪੂਰਾ ਜਪੁਜੀ ਸਾਹਿਬ ਪੜ੍ਹ ਕੇ 'ਕੇਤੀ ਛੁਟੀ ਨਾਲਿ' ਕਿਹਾ, ਮਹਾਰਾਜ ਜੀ ਤਖਤ ਤੋਂ ਉੱਠ ਚੱਲੇ ਕਿ ਇਹਨੂੰ ਸਿਰੋਪਾਓ ਕੀ ਦੇਈਏ। ਪਹਿਲਾਂ ਮਹਾਰਾਜ ਨੇ ਸੋਚਿਆ ਕਿ ਇਹਨੂੰ ਮਾਇਆ ਦੇ ਦੇਈਏ ਬੇਅੰਤ, ਪੁਸ਼ਤਾਂ ਤੱਕ ਦੀ। ਫੇਰ ਕਿਹਾ ਇਹਦੇ ਨਾਲ ਨਹੀਂ ਕੁਛ ਬਣਨਾ, ਇਹਨੂੰ ਰਿੱਧੀਆਂ ਸਿੱਧੀਆਂ ਦੇ ਦਿੰਦੇ ਹਾਂ, ਕਹਿੰਦੇ ਇਹਦੇ ਨਾਲ ਵੀ ਕੁਛ ਨਹੀਂ ਬਣਦਾ। ਮਹਾਰਾਜ ਦੇ ਚਿੱਤ 'ਚ ਆਈ ਕਿ ਬੈਠਾ ਹੈਗਾ ਇਹ ਉੱਚੇ ਥਾਉਂ, ਅਸੀਂ ਉਤਰ ਜਾਂਦੇ ਹਾਂ ਤੇ ਇਹਨੂੰ ਨਮਸ਼ਕਾਰ ਕਰਕੇ ਗੁਰੂ ਨਾਨਕ ਦੀ ਗੱਦੀ ਦੇ ਦੇਈਏ। ਜਦੋਂ ਮਹਾਰਾਜ ਜੀ ਨੇ ਉਠ ਕੇ ਇਕ ਚਰਨ ਹੇਠਾਂ ਲਾਹ ਲਿਆ ਤੇ ਦੂਸਰਾ ਚੁੱਕਣ ਲੱਗੇ ਤਾਂ ਉਹਦੇ ਮਨ 'ਚ ਫੁਰਨਾ ਆਇਆ ਕਿ ਗੁਰੂ ਸਾਹਿਬ ਤਾਂ ਜਾਣ ਲੱਗੇ ਤੇ ਤਬੇਲੇ ਵਿਚ ਜਿਹੜਾ ਘੋੜਾ ਹੈ ਸਵਾ ਲੱਖ ਦਾ ਉਹਦੇ ਉਤੇ ਕਾਠੀ ਵੀ ਸਾਰੀ ਸੋਨੇ ਦੀ, ਤੇ ਝੁੱਲ ਵੀ ਸੋਨੇ ਦਾ ਹੈ ਜੇ ਮਹਾਰਾਜ ਜੀ ਮੈਨੂੰ ਉਹਦਾ ਸਿਰਪਾਓ ਦੇ ਦੇਣ ਫੇਰ ਠੀਕ ਹੈ। ਮਹਾਰਾਜ ਤਖਤ ਤੇ ਫੇਰ ਬੈਠ ਗਏ। ਮਹਾਰਾਜ ਜੀ ਕਹਿਣ ਲੱਗੇ, ਭਾਈ ਘੋੜਾ ਖੋਲ੍ਹ ਕੇ ਲਿਆਓ, ਉਹਦੇ ਉਪਰ ਕਾਠੀ ਪਾਓ, ਸੋਨੇ ਦੀ, ਝੁੱਲ ਪਾਓ ਸੋਨੇ ਦਾ ਤੇ ਗੁਰਸਿੱਖ ਨੂੰ ਦੇ ਦਿਓ। ਕਹਿੰਦੇ, ਗੁਰਸਿੱਖਾ! ਅਸੀਂ ਤੇਰੇ ਤੇ ਬਹੁਤ ਪ੍ਰਸੰਨ ਹਾਂ, ਕਿਉਂਕਿ ਤੂੰ ਜਪੁਜੀ ਸਾਹਿਬ ਫੁਰਨੇ ਰਹਿਤ ਹੋ ਕੇ ਸ਼ੁੱਧ ਪੜ੍ਹਿਆ ਹੈ। ਅਸੀਂ ਤਾਂ ਤੈਨੂੰ ਗੁਰੂ ਨਾਨਕ ਪਾਤਸ਼ਾਹ ਦੀ ਗੱਦੀ ਦੇਣ ਲੱਗੇ ਸੀ ਪਰ ਤੇਰੀ ਕਿਸਮਤ 'ਚ ਹੈ ਨਹੀਂ ਸੀ। ਨਾ ਹੋਣ ਕਰਕੇ ਰਹਿ ਗਈ, ਅਸੀਂ ਤਾਂ ਤਖਤ ਛੱਡ ਦਿਤਾ ਸੀ ਆਪਣਾ, ਅਸੀਂ ਤਾਂ 5 ਪੈਸੇ, ਨਾਰੀਅਲ ਲਿਆ ਕੇ ਤੈਨੂੰ ਨਮਸ਼ਕਾਰ ਕਰ ਦੇਣੀ ਸੀ, ਲੈ ਸਿੱਖਾ ਤੂੰ ਜਪੁਜੀ ਸਾਹਿਬ ਸ਼ੁੱਧ ਪੜ੍ਹਿਆ ਹੈ ਤੇ ਤੈਨੂੰ ਅੱਜ ਅਸੀਂ ਗੁਰੂ ਨਾਨਕ ਬਣਾ ਦੇਣਾ ਸੀ।

ਸੋ ਏਸ ਨੂੰ ਅਸੀਂ ਕਹਿ ਦਿੰਦੇ ਹਾਂ ਕਿ ਮੇਰੇ ਤਾਂ ਯਾਦ ਨਹੀਂ-ਮੇਰੇ ਤਾਂ ਯਾਦ ਨਹੀਂ। ਕਿੰਨੀ ਗਲਤ ਗੱਲ ਹੈ। ਸੋ ਮਹਾਰਾਜ ਕਹਿੰਦੇ ਯਾਦ ਕਰੋ ਤੁਸੀਂ। ਤੁਸੀਂ ਆਏ ਹੀ ਏਸ ਕੰਮ ਵਾਸਤੇ ਓਂ।

***ਧਾਰਨਾ – ਸੁਣਨ ਪੜ੍ਹਨ ਕੋ ਬਾਣੀ***
***ਆਇਓ ਸੁਣਨ ਪੜ੍ਹਨ ਕੋ ਬਾਣੀ।***

ਸਾਡਾ ਸੰਸਾਰ ਤੇ ਆਉਣ ਦਾ ਕੰਮ ਬਾਣੀ ਪੜ੍ਹਨੀ, ਬਾਣੀ ਸੁਣਨੀ, ਬਾਣੀ ਦੀ ਵਿਚਾਰ ਕਰਨੀ, ਬਾਣੀ ਨੂੰ ਹਿਰਦੇ 'ਚ ਧਾਰਨ ਕਰਨਾ ਹੈ। ਦੇਵਤੇ ਤਾਂ ਕੀ ਤੁਸੀਂ ਤਾਂ ਗੁਰੂ ਨਾਨਕ ਦਾ ਰੂਪ ਹੋ ਜਾਓਂਗੇ।

*ਕਬੀਰ ਤੂੰ ਤੂੰ ਕਰਤਾ ਤੂ ਹੂਆ*
*ਮੁਝ ਮਹਿ ਰਹਾ ਨ ਹੂੰ ॥*
*ਜਬ ਆਪਾ ਪਰ ਕਾ ਮਿਟਿ ਗਇਆ*
*ਜਤ ਦੇਖਉ ਤਤ ਤੂ ॥ ਅੰਗ - ੧੩੭੫*

ਸੋ ਬਾਣੀ ਪ੍ਰਮੇਸ਼ਰ ਨੂੰ ਹਾਜ਼ਰ ਨਾਜ਼ਰ ਜਾਣ ਕੇ ਪੜ੍ਹਨੀ ਚਾਹੀਦੀ ਹੈ। ਇਹੀ ਨਹੀਂ ਕਿ ਬਾਣੀ ਪੜ੍ਹ ਲਈ ਫੇਰ ਵੀ ਗੁਰੂ ਨੂੰ ਹਰ ਵਕਤ ਯਾਦ ਰੱਖੋ। ਕਿਉਂਕਿ ਬਾਣੀ ਇਹ ਦੱਸਦੀ ਹੈ-

*ਊਠਤ ਬੈਠਤ ਸੋਵਤ ਨਾਮ ॥*
*ਕਹੁ ਨਾਨਕ ਜਨ ਕੈ ਸਦ ਕਾਮ ॥*
*ਅੰਗ - ੨੮੬*

ਇਕ ਵਾਰੀ ਇਕ ਸੰਤ ਸੂਫੀ ਪੀਰ ਸੀਗਾ ਤੇ ਉਹ ਮਸਜਿਦ 'ਚ ਜਾ ਵੜਿਆ। ਉਥੇ ਨਮਾਜ਼ੀ ਨਮਾਜ਼ ਪੜ੍ਹ ਰਹੇ ਸੀ। ਉਹ ਕੋਲ ਦੀ ਲੰਘਦਾ ਕਹਿੰਦਾ ਕਾਫਰ, ਕਾਫਰ ਨਮਾਜ਼ ਪੜ੍ਹਦੇ ਨੇ, ਬਾਰ-ਬਾਰ ਇਹ ਅੱਖਰ ਕਹਿੰਦਾ ਚਲਿਆ ਗਿਆ। ਉਥੇ ਬਾਦਸ਼ਾਹ ਵੀ ਪੜ੍ਹਦਾ ਸੀ, ਸ਼ਾਹੀ ਮਸਜਿਦ ਸੀ। ਉਸ ਤੋਂ ਬਾਅਦ ਮੁਲਾਣਿਆਂ ਨੇ ਕਿਹਾ ਕਿ ਬਾਦਸ਼ਾਹ ਸਲਾਮਤ ਦੇਖਿਆ ਸੀ ਤੁਸੀਂ ਉਹ ਮਸਤਾਨਾ ਜਿਹਾ, ਕਾਫਰ-ਕਾਫਰ ਕਹਿੰਦਾ ਗਿਆ ਹੈ ਸਾਨੂੰ। ਜਦੋਂ ਅਸੀਂ ਨਮਾਜ਼ ਪੜ੍ਹਦੇ ਹਾਂ, ਫੇਰ ਅਸੀਂ ਕਿਉਂ ਕਾਫਰ ਹਾਂ। ਕਾਫਰ ਉਹ ਨੇ ਜਿਹੜੇ ਨਮਾਜ਼ ਨਹੀਂ ਪੜ੍ਹਦੇ। ਬਾਦਸ਼ਾਹ ਚੁੱਪ ਕਰ ਰਿਹਾ ਕਿ ਸੰਤਾਂ ਦੀ ਮੌਜ ਹੁੰਦੀ ਹੈ, ਕੀ ਪਤਾ ਕਿਉਂ ਕਿਹਾ ਹੈ। ਫੇਰ ਦੂਜੇ ਦਿਨ ਕੀ ਹੋਇਆ ਇਕ ਮੁਰਦਾ ਆਉਂਦਾ ਹੈ, ਸਾਰਾ ਲੋਕ ਖੜ੍ਹੇ ਹੋ ਗਏ, ਰਾਮ ਨਾਮ ਸਤਿ ਹੈ-ਰਾਮ ਨਾਮ ਸਤਿ ਹੈ, ਮੱਥਾ ਟੇਕਣ ਲੱਗ ਗਏ ਕਿ ਸੰਸਾਰ 'ਚ ਇਹਦੀ ਯਾਤਰਾ ਖਤਮ ਹੋ ਗਈ, ਹੁਣ ਅੰਤ ਸਫਰ ਕਰ ਰਿਹਾ ਇਹ ਲੰਮਾ ਪੈ ਗਿਆ, ਇਹਦੀ ਫੇਰ ਸ਼ਿਕਾਇਤ ਹੋ ਗਈ ਕਿ ਇਹ ਜਿਹੜਾ ਫਕੀਰ ਹੈ ਨਾਲ ਸੂਫੀ ਉਹ ਮੁਰਦੇ ਨੂੰ ਦੇਖ ਕੇ ਲੰਮਾ ਪੈ ਗਿਆ, ਜਦ ਕਿ ਖੜ੍ਹਾ ਹੋਣ ਦਾ ਵਿਧਾਨ ਹੈ। ਫੇਰ ਤੀਸਰੀ ਵਾਰੀ ਇਕ ਮੁਸਲਮਾਨ ਲੱਗਿਆ ਰੋਟੀ ਦੇਣ, ਕਹਿੰਦਾ ਮੈਂ ਨਹੀਂ ਲੈਂਦਾ ਤੇਰੇ ਤੋਂ ਰੋਟੀ, ਭਿੱਟੀ ਹੋਈ ਰੋਟੀ ਹੈ। ਇਕ ਹਿੰਦੂ ਨੇ ਕਿਹਾ ਪੀਰ ਜੀ, ਫਕੀਰ ਸਾਂਈ ਪ੍ਰਸ਼ਾਦਾ ਲੈ ਲਓ, ਦੋਵੇਂ ਹੱਥ ਕਰਕੇ ਲੈ ਲਿਆ। ਚੌਥੀ ਵਾਰੀ ਕੀ ਹੋਇਆ ਇਕ ਸੁਨਿਆਰੇ ਦੀ ਦੁਕਾਨ ਤੇ ਚਲਿਆ ਗਿਆ, ਉਥੇ ਜਾ ਕੇ ਉਂਗਲੀ ਮੂਹਰੇ ਕਰ ਲਈ ਕਹਿੰਦਾ ਏ ਸੁਨਿਆਰਾ ਖੁਦਾ ਕੀ ਚੀਚੀ ਸੇ ਮੁੰਦਰੀ ਨਿਕਾਲੋ। ਉਥੇ ਬੈਠੇ ਸੀ ਮੁਲਾਣੇ, ਉਨ੍ਹਾਂ ਨੇ ਸੁਣ ਲਿਆ ਉਹਦੀ ਸ਼ਿਕਾਇਤ ਕਰੀ, ਕਹਿੰਦੇ ਮਹਾਰਾਜ! ਤੁਸੀਂ ਚੁੱਪ ਓਂ, ਉਹ ਬਿਲਕੁਲ ਹੀ ਕੁਫਰ ਬੋਲ ਰਿਹਾ ਹੈ। ਬਾਦਸ਼ਾਹ ਨੇ ਬੁਲਾ ਲਿਆ। ਕਹਿੰਦੇ, ਫਕੀਰ ਸਾਂਈ ਤੇਰੀ ਸ਼ਿਕਾਇਤ ਆਈ ਹੈ। ਕਹਿੰਦੇ ਕੀ ਸ਼ਿਕਾਇਤ ਹੈ? ਕਹਿੰਦੇ, ਚਾਰ ਸ਼ਿਕਾਇਤਾਂ ਨੇ, ਇਕੱਲੀ-ਇਕੱਲੀ ਦਾ ਜਵਾਬ ਦੇਈ ਜਾਹ। ਪਹਿਲੀ ਸ਼ਿਕਾਇਤ ਹੈ ਕਿ ਤੂੰ ਮਸਜਿਦ ਜਾ ਕੇ ਸਭ ਨਮਾਜ਼ੀਆਂ ਕਿਹਾ ਕਿ ਇਹ ਸਭ ਕਾਫਰ ਨੇ। ਕਹਿੰਦੇ ਹਾਂ, ਇਹ ਕਾਫਰ ਹੀ ਸੀ ਤਾਂ ਹੀ ਕਿਹਾ ਹੈ।

ਕਹਿੰਦਾ, ਕਿਉਂ?

ਕਹਿੰਦੇ, ਬਾਦਸ਼ਾਹ, ਤੇਰੇ ਕਿੰਨੇ ਲੜਕੇ ਨੇ?

ਕਹਿੰਦਾ ਦੋ।

ਕਹਿੰਦੇ, ਵੱਡਾ ਕਿੱਥੇ ਹੈ?

ਕਹਿੰਦਾ, ਵੱਡਾ ਤਾਂ ਪਰਦੇਸ਼ ਵਿਚ ਹੈ।

ਕਹਿੰਦੇ, ਛੋਟਾ?

ਕਹਿੰਦਾ ਛੋਟਾ ਮੇਰੇ ਕੋਲ ਹੈ।

ਕਹਿੰਦੇ, ਵੱਡੇ ਨੂੰ ਦਿਨ ਵਿਚ ਕਿੰਨੀ ਵਾਰੀ ਯਾਦ ਕਰਦਾ ਹੁੰਦਾ ਹੈਂ?

ਕਹਿੰਦਾ, ਦੋ ਵਾਰੀ, ਕਦੇ ਚਾਰੀ ਵਾਰੀ, ਕਦੇ ਪੰਜ ਵਾਰੀ।

ਛੋਟੇ ਨੂੰ?

ਕਹਿੰਦਾ, ਇਹ ਜੇ ਅੱਖਾਂ ਤੋਂ ਓਹਲੇ ਹੋ ਜਾਏ ਉਸੇ ਵੇਲੇ ਪਤਾ ਕਰਦਾ ਹਾਂ ਕਿ ਸਹਿਜ਼ਾਦਾ ਕਿੱਥੇ ਗਿਆ ਦੇਖੋ। ਉਹ ਤਾਂ ਹਰ ਵਕਤ ਹੀ ਯਾਦ ਰਹਿੰਦਾ ਹੈ।

ਕਹਿੰਦੇ, ਫੇਰ ਮੈਂ ਇਹੀ ਕਿਹਾ ਕਿ ਤੁਸੀਂ ਪੰਜ ਵਾਰੀ ਖੁਦਾ ਨੂੰ ਯਾਦ ਕਰਦੇ ਓਂ, ਕਾਫਰ ਓਂ, ਸਾਰਾ ਦਿਨ ਯਾਦ ਕਰੋ।

*ਊਠਤ ਬੈਠਤ ਸੋਵਤ ਨਾਮ ॥*
*ਕਹੁ ਨਾਨਕ ਜਨ ਕੈ ਸਦ ਕਾਮ ॥ ਅੰਗ - ੨੮੬*

ਇਹ ਤਾਂ ਕਾਫਰ ਨੇ ਫੇਰ ਭੁੱਲੇ ਰਹਿੰਦੇ ਨੇ, ਨਮਾਜ਼ ਕਿੰਨਾ ਕੁ ਚਿਰ ਹੈ ਚਿੱਤ 'ਚ।

ਇਸੇ ਤਰ੍ਹਾਂ ਪੰਜ ਬਾਣੀਆਂ ਤਾਂ ਅਸੀਂ ਪੜ੍ਹ ਲਈਆਂ, ਬਾਕੀ ਦਿਨ ਅਸੀਂ ਰੱਬ ਨੂੰ ਭੁੱਲੇ ਰਹੇ, ਇਹ ਵੀ ਗੱਲ ਅੱਛੀ ਨਹੀਂ ਹੈ।

ਦੂਸਰਾ ਕਹਿੰਦੇ ਤੂੰ ਮੁਰਦਾ ਆਇਆ ਤਾਂ ਤੂੰ ਪੈ ਕਿਉਂ ਗਿਆ?

ਕਹਿੰਦੇ, ਬਾਦਸ਼ਾਹ! ਫਕੀਰ ਜਿਹੜਾ ਹੁੰਦਾ ਹੈ ਇਹ ਮੁਰਦਾ ਹੁੰਦਾ ਹੈ, ਇਹਨੇ ਕਫਨੀ ਪਹਿਨੀ ਹੁੰਦੀ ਹੈ। ਹੈ ਨਾ ਮੇਰੇ ਆਹ ਕਫਨ ਪਾਇਆ ਹੋਇਆ। ਮੈਂ ਵੀ ਮੁਰਦਾ ਹਾਂ। ਮੁਰਦੇ ਦੇ ਸਿਰ ਤੇ ਟੋਪੀ ਹੁੰਦੀ ਹੈ, ਮੇਰੇ ਵੀ ਸਿਰ ਤੇ ਟੋਪੀ ਹੈ। ਇਹ ਜਦੋਂ ਮੁਰਦਾ ਆਇਆ, ਮੈਂ ਕਿਹਾ ਮੁਰਦਿਆ! ਤੂੰ ਤਾਂ ਜਾਗਦਾ ਹੈਂ, ਗੱਲਾਂ ਮਾਰਦਾ ਹੈ, ਗਪੌੜੇ ਮਾਰਦਾ ਹੈਂ, ਆਹ ਦੇਖ ਤੂੰ ਅਰਥੀ ਤੇ ਪਿਆ। ਕਹਿੰਦਾ, ਇਹਨੂੰ ਦੇਖ ਕੇ ਮੈਂ ਵੀ ਪੈ ਗਿਆ, ਕਿ ਮੈਂ ਵੀ ਮੁਰਦਾ ਹਾਂ। ਮੈਂ ਤਾਂ ਆਪਣੇ ਆਪ ਨੂੰ ਧਿਰਕਾਰ ਪਾਈ ਕਿ ਤੂੰ ਜੀਉਂਦਾ ਬਣਿਆ ਫਿਰਦਾ ਹੈਂ, ਤੂੰ ਪਾਈ ਹੋਈ ਹੈ ਕਫਨੀ, ਕਫਨੀ ਪਹਿਨ ਕੇ ਤੂੰ ਫੇਰ ਜੀਉਂਦਾ ਹੈਂ, ਤਾਂ ਮੈਂ ਪੈ ਗਿਆ।

ਕਹਿੰਦੇ ਫੇਰ ਤੂੰ ਹਿੰਦੂ ਤੋਂ ਰੋਟੀ ਲਈ, ਮੁਸਲਮਾਨ ਤੋਂ ਨਹੀਂ ਲਈ। ਕਹਿੰਦੇ, ਮੁਸਲਮਾਨਾਂ ਦਾ ਰਾਜ ਹੈ ਅਹੰਕਾਰੀ ਹੋਏ ਹੋਏ ਨੇ। ਹੰਕਾਰਿਆ ਹੋਇਆ ਬੰਦਾ -

*ਹਰਿ ਜੀਉ ਅਹੰਕਾਰੁ ਨ ਭਾਵਈ*
*ਵੇਦ ਕੂਕਿ ਸੁਣਾਵਹਿ ॥ ਅੰਗ - ੧੦੮੯*

ਉਹ ਤਾਂ ਰੱਬ ਨੂੰ ਨਹੀਂ ਭਾਉਂਦਾ। ਇਹ ਗਰੀਬ ਨੇ, ਰੱਬ ਨੂੰ ਯਾਦ ਕਰਦੇ ਨੇ, ਮੈਂ ਰੋਟੀ ਲੈ ਲਈ।

ਫੇਰ ਤੂੰ ਇਹ ਕਿਉਂ ਕਿਹਾ ਕਿ ਖੁਦਾ ਦੀ ਚੀਚੀ 'ਚੋਂ

ਕੱਢ ਮੁੰਦਰੀ?

ਕਹਿੰਦਾ, ਬਾਦਸ਼ਾਹ ਇਹ ਰਾਜ ਕੀਹਦਾ ਹੈ?

ਕਹਿੰਦੇ, ਖੁਦਾ ਦਾ।

ਕਹਿੰਦੇ, ਇਹ ਰਾਣੀਆਂ ਵਗੈਰਾ ਕੀਹਦੀਆਂ ਨੇ?

ਕਹਿੰਦਾ ਖੁਦਾ ਦੀਆਂ।

ਬੱਚੇ ਕੀਹਦੇ ਨੇ?

ਕਹਿੰਦਾ, ਖੁਦਾ ਦਾ।

"ਤੇਰਾ ਸਰੀਰ ਕੀਹਦਾ ਹੈ?

ਕਹਿੰਦਾ, ਖੁਦਾ ਦਾ।

ਤੇ ਹੱਥ ਕੀਹਦਾ ਹੈ?

ਕਹਿੰਦਾ, ਖੁਦਾ ਦਾ।

ਉਂਗਲੀ ਕੀਹਦੀ ਹੈ?

ਕਹਿੰਦਾ ਖੁਦਾ ਦੀ।

ਫੇਰ ਕਹਿੰਦਾ, ਮੈਂ ਆਹੀ ਗੱਲ ਕਹੀ ਸੀ ਕਿ ਖੁਦਾ ਦੀ ਉਂਗਲੀ ਸੇ ਮੁੰਦਰੀ ਨਿਕਾਲੋ।

ਸੋ ਕਹਿੰਦੇ, ਵੱਡੀ ਗੱਲ ਬਾਦਸ਼ਾਹ! ਯਾਦ ਰੱਖਣ ਦੀ ਹੁੰਦੀ ਹੈ। ਹਰ ਵਕਤ ਯਾਦ ਰੱਖੇ। ਜਦੋਂ ਹਰ ਵਕਤ ਯਾਦ ਰੱਖਦਾ ਹੈ ਉਸ ਵੇਲੇ ਪਾਠ ਦਾ ਪੂਰਾ ਫਲ ਮਿਲਿਆ ਕਰਦਾ ਹੈ।

ਗੁਰੂ ਦਸਵੇਂ ਪਾਤਸ਼ਾਹ ਦੇ ਪਾਸ ਆਏ ਪ੍ਰੇਮੀ। ਕਹਿਣ ਲੱਗੇ, ਪਾਤਸ਼ਾਹ! ਅਸੀਂ ਸੁਣਿਆ ਹੈ ਕਿ ਬਾਣੀ ਵਿਚ ਅਮਲ ਹੈ, ਪਰ ਸਾਨੂੰ ਤਾਂ ਹੁੰਦਾ ਨਹੀਂ। ਮਹਾਰਾਜ ਕਹਿੰਦੇ, ਤੁਸੀਂ ਪੜ੍ਹਦੇ ਨਹੀਂ ਓਂ। ਕਹਿੰਦੇ, ਮਹਾਰਾਜ ਇਕ ਨਹੀਂ ਨੌਂ-ਨੌਂ ਬਾਣੀਆਂ ਪੜ੍ਹਦੇ ਹਾਂ। ਮਹਾਰਾਜ ਕਹਿੰਦੇ, ਤੁਸੀਂ ਪੜ੍ਹਦੇ ਨਹੀਂ ਭਾਈ ਜਿਵੇਂ ਗੁਰੂ ਨਾਨਕ ਪਾਤਸ਼ਾਹ ਨੇ ਦੱਸਿਆ ਹੈ ਐਉਂ ਨਹੀਂ ਤੁਸੀਂ ਪੜ੍ਹਦੇ। ਗੁਰੂ ਨਾਨਕ ਪਾਤਸ਼ਾਹ ਤਾਂ ਇਹ ਕਹਿੰਦੇ ਨੇ ਕਿ ਪੰਜ ਬਾਣੀਆਂ ਤਾਂ ਦੂਰ ਰਹੀਆਂ, ਜਿਹੜਾ ਜਪੁਜੀ ਸਾਹਿਬ ਵੀ ਇਕ ਚਿੱਤ ਹੋ ਕੇ ਪਿਆਰ ਨਾਲ ਪੜ੍ਹਦਾ ਹੈ, ਉਹਨੂੰ ਵੀ ਨਸ਼ਾ ਚੜ੍ਹ ਜਾਂਦਾ ਹੈ -

***ਧਾਰਨਾ - ਚੜ੍ਹੀ ਰਹੇ ਦਿਨ ਰਾਤ***
***ਨਾਮ ਖੁਮਾਰੀ-ਨਾਮੁ ਖੁਮਾਰੀ***
***ਪੋਸਤ ਮਦ ਅਫੀਮ ਭੰਗ ਉਤਰ ਜਾਇ ਪਰਭਾਤਿ***
***ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤਿ।***
***(ਜਨਮਸਾਖੀ)***

ਇਹ ਚਾਰ ਨਸ਼ੇ ਨੇ, ਰਾਤ ਦੇ ਪੀਤੇ ਹੋਏ ਸਵੇਰੇ ਤੋਟ ਲਾਉਂਦੇ ਨੇ। ਤੁਸੀਂ ਕਹਿੰਦੇ ਓਂ, ਰਸ ਨਹੀਂ ਆਉਂਦਾ, ਤੁਸੀਂ ਬਾਣੀ ਨਹੀਂ ਪੜ੍ਹਦੇ। ਪਾਤਸ਼ਾਹ! ਅਸੀਂ ਤਾਂ ਅੱਠ-ਅੱਠ, ਨੌਂ-ਨੌਂ ਪੜ੍ਹਦੇ ਹਾਂ। ਮਹਾਰਾਜ ਜੀ ਨੇ ਜੁਗਤ ਨਾਲ ਸਮਝਾਉਣ ਵਾਸਤੇ ਲਾਂਗਰੀ ਨੂੰ ਕਿਹਾ ਕਿ ਇਕ ਬਾਲਟੀ ਸੁੱਖ ਨਿਧਾਨ ਦੀ ਲੈ ਆ। ਨਾਲ ਬਾਟੇ ਲੈ ਆਈਂ ਇਕ ਵੱਡੇ ਇਕ ਛੋਟੇ, ਵੱਡਿਆਂ ਨੂੰ ਭਰ ਕੇ ਦਿਤਾ, ਛੋਟਿਆਂ ਨੂੰ ਦੋ-ਦੋ ਘੁੱਟਾਂ ਪਿਲਾ ਦਿਤੀਆਂ। ਛੋਟਿਆਂ ਨੂੰ ਕਹਿੰਦੇ, ਉਥੇ ਬੈਠ ਕੇ ਪੀ ਲਓ। ਵੱਡਿਆਂ ਨੂੰ ਕਹਿੰਦੇ ਕਿ ਉਥੇ ਚਲੇ ਜਾਓ ਜਾ ਕੇ ਕੁਰਲੀਆਂ ਕਰੀ ਜਾਓ। ਦੇਖਿਓ ਇਕ ਕਤਰਾ ਵੀ ਅੰਦਰ ਨਾ ਜਾਵੇ। ਜਦੋਂ ਸਾਰੇ ਖਤਮ ਕਰਕੇ ਆ ਗਏ। ਕਹਿੰਦੇ, ਕਿਉਂ ਭਾਈ ਨਸ਼ਾ ਹੋਇਆ? ਕਹਿੰਦੇ, ਸੱਚੇ ਪਾਤਸ਼ਾਹ! ਨਸ਼ਾ ਕਾਹਦਾ, ਤੁਸੀਂ ਤਾਂ ਕਿਹਾ ਸੀ ਕਿ ਕੁਰਲੀਆਂ ਕਰ ਦਿਓ। ਦੂਜਿਆਂ ਨੂੰ ਕਹਿੰਦੇ ਕਿਉਂ ਬਈ ਤੁਸੀਂ ਦੋ-ਦੋ ਘੁੱਟ ਪੀਤੇ ਸੀ, ਤੁਹਾਨੂੰ ਨਸ਼ਾ ਹੋਇਆ? ਕਹਿੰਦੇ ਹਾਂ ਮਹਾਰਾਜ! ਸਾਡਾ ਤਾਂ ਸਿਰ ਘੁੰਮਣ ਲਗ ਗਿਆ। ਮਹਾਰਾਜ ਕਹਿੰਦੇ ਦੇਖੋ ਪ੍ਰੇਮੀਓ! ਇਨ੍ਹਾਂ ਨੇ ਦੋ ਘੁੱਟ ਸੁੱਖਾ ਪੀਤਾ, ਸਰੂਰ ਜਿਹਾ ਆਉਂਦਾ ਜਾਂਦਾ ਹੈ ਤੇ ਤੁਸੀਂ ਬਾਟਾ ਭਰ ਕੇ ਕੁਰਲੀਆਂ ਕਰੀਆਂ ਨੇ। ਤੁਸੀਂ ਬਾਣੀ ਦੀਆਂ ਕੁਰਲੀਆਂ ਕਰਦੇ ਓਂ। ਪਿਆਰ ਨਾਲ ਨਹੀਂ ਪੜ੍ਹਦੇ। ਫਾਹਾ ਵੱਢਦੇ ਓਂ ਕਿ ਆਹ ਮੁੱਕ ਗਈ, ਹੁਣ ਆਹ ਮੁੱਕ ਗਈ। ਐਸ ਤਰ੍ਹਾਂ ਨਹੀਂ ਭਾਈ ਗੱਲ ਬਣਨੀ। ਇਹ ਤਾਂ ਚਿੱਤ ਇਕਾਗਰ ਕਰਕੇ ਬਾਣੀ ਪੜ੍ਹੋਂਗੇ ਫੇਰ ਬਾਣੀ ਆਪਣਾ ਫਲ ਦਿੰਦੀ ਹੈ।

ਮੈਂ 25 ਪਾਠ ਕਿਉਂ ਦੱਸਦਾ ਹੈ। ਮੈਂ ਕਿਹਾ, ਇਕ ਅੱਧੇ 'ਚ ਕਿਸੇ ਤੁੱਕ 'ਚ ਇਨ੍ਹਾਂ ਦਾ ਚਿੱਤ ਲੱਗ ਹੀ ਜਾਏਗਾ। ਇਕ ਪੜ੍ਹ ਲਓ ਚਿੱਤ ਲਾ ਕੇ, ਚਾਹੇ 25 ਪੜ੍ਹ ਲਓ। ਗੱਲ ਇਕੋ ਹੀ ਹੈ। ਜਪੁਜੀ ਸਾਹਿਬ ਦਾ ਫਲ ਤਾਂ ਬੇਅੰਤ ਹੈ। ਸੋ ਬਾਣੀ ਦਾ ਫਲ ਜਦੋਂ ਅਸੀਂ ਨਾਮ ਜਪਦੇ ਹਾਂ, ਬਾਣੀ ਪੜ੍ਹਦੇ ਹਾਂ, ਇਹ ਅਕਾਲ ਪੁਰਖ ਸਾਨੂੰ ਲੈ ਕੇ ਜਾਂਦੀ ਹੈ, ਫੇਰ ਜਾਂਦੇ ਕਿਉਂ ਨਹੀਂ ਹਾਂ। ਕਿਉਂਕਿ ਅਸੀਂ ਪੜ੍ਹਦੇ ਨਹੀਂ ਹਾਂ। ਜੇ ਪੜ੍ਹਦੇ ਹਾਂ ਤਾਂ ਪੂਰੀ ਵਿਧੀ ਨਾਲ ਨਹੀਂ ਪੜ੍ਹਦੇ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਦਾ ਦਰਬਾਰ ਲੱਗਿਆ ਹੋਇਆ ਸਾਰੇ ਕੀ ਦੇਖਦੇ ਨੇ ਇਕ ਅਜੀਬ ਕਿਸਮ ਦਾ ਬੰਦਾ ਆ ਰਿਹਾ ਹੈ। ਇਕ ਗੋਦੜੀ ਜਿਹੀ ਲਈ ਹੋਈ ਹੈ ਕੱਪੜਾ ਜਿਹਾ, ਟਾਕੀਆਂ ਜਾਂ ਹੋਰ ਹੀ ਤਰ੍ਹਾਂ ਦਾ ਰੰਗ ਬਰੰਗਾ। ਗੁਰੂ ਮਹਾਰਾਜ ਦੇ ਕੋਲ ਆਇਆ, ਬਚਨ ਕੀਤੇ ਕੁਛ ਤੇ ਪੰਜ ਢੰਗ ਮੱਥਾ ਟੇਕ ਦਿਤੇ। ਆਪ ਨੇ ਸੁੱਖ ਸਾਂਦ ਪੁਛੀ। ਕਹਿੰਦੇ, ਸੁਣਾਓ ਮੁਨੀ ਜੀ ਤੁਸੀਂ ਕਿਸ ਤਰ੍ਹਾਂ ਆਏ? ਕਹਿੰਦੇ, ਸੱਚੇ ਪਾਤਸ਼ਾਹ! ਮੈਂ ਬੈਕੁੰਠ ਧਾਮ ਦੇ ਵਿਚ ਵਿਸ਼ਨੂੰ ਭਗਵਾਨ ਜੀ ਕੋਲ ਬਚਨ ਕਰ ਰਿਹਾ ਸੀ ਕਿ ਉਨ੍ਹਾਂ ਨੇ ਦੱਸਿਆ ਕਿ ਐਸ ਵੇਲੇ ਕਲਜੁਗ ਦੀ ਮਾਲਕੀ ਜਿਹੜੀ ਹੈ ਉਹ ਗੁਰੂ ਨਾਨਕ ਪਾਸ ਹੈ ਤੇ ਗੁਰੂ ਨਾਨਕ ਦਾ ਦਸਵਾਂ ਸਰੂਪ ਐਸ ਵੇਲੇ ਸੰਸਾਰ ਦਾ ਉਧਾਰ ਕਰ ਰਿਹਾ ਹੈ ਤੇ ਜੰਗਾਂ ਯੁੱਧਾਂ ਬਾਰੇ ਵੀ ਸੁਣਿਆ ਤੇ ਮੈਂ ਦਰਸ਼ਨ ਕਰਨ ਆਇਆ ਸੀ। ਕਿਉਂਕਿ ਇਸੇ ਤਰ੍ਹਾਂ ਕ੍ਰਿਸ਼ਨ ਭਗਵਾਨ ਵੀ ਸ਼ਸਤਰਧਾਰੀ ਸੀ, ਸ੍ਰੀ ਰਾਮ ਚੰਦਰ ਜੀ ਵੀ ਸ਼ਸਤਰਧਾਰੀ ਸਨ, ਸੋ ਮੈਂ ਦੇਖਣ ਆਇਆ ਸੀ ਮਹਾਰਾਜ ਦਰਸ਼ਨ ਕਰੇ ਤੇ ਮਨ ਬੜਾ ਪ੍ਰਸੰਨ ਹੋਇਆ ਹੈ। ਸਾਨੂੰ ਛੁਟੀਆਂ ਦਿਓ। ਛੁਟੀ ਦਿਤੀ ਮਹਾਰਾਜ ਨੇ, ਦੇਖਦੇ-ਦੇਖਦੇ ਗਾਇਬ ਹੋ ਗਿਆ।

ਸਾਰੇ ਬੜੇ ਹੈਰਾਨ ਹੋਏ ਕਿ ਗਾਇਬ ਹੋ ਗਿਆ ਇਹ ਤਾਂ। ਮਹਾਰਾਜ ਜੀ ਨੂੰ ਪੁੱਛਿਆ, ਮਹਾਰਾਜ ਜੀ ਨੇ ਕਿਹਾ ਕਿ ਨਾਰਦ ਆਇਆ ਸੀ ਬੈਕੁੰਠ ਧਾਮ ਤੋਂ। ਗੁਰੂ ਮਹਾਰਾਜ ਨੇ ਉਹ ਢੰਗ ਭੇਜ ਦਿਤੀ ਮਿਸਤਰੀਆਂ ਦੇ ਕੋਲ ਕਿ ਇਨ੍ਹਾਂ ਨੂੰ ਚੰਗੀ ਤਰ੍ਹਾਂ ਜੜ੍ਹ ਦਿਓ ਤੀਰਾਂ ਦੇ ਨਾਲ। ਸ਼ਾਮ ਦਾ ਮੌਕਾ ਹੋ ਗਿਆ, ਚਾਰ ਵਜੇ ਮਹਾਰਾਜ ਕਹਿੰਦੇ ਐਉਂ ਕਰੋ ਅਸੀਂ ਬਾਣ ਚਲਾਵਾਂਗੇ, ਦੂਰ ਤੱਕ ਖੜ੍ਹ ਜਾਓ। ਬਾਣ ਸਾਨੂੰ ਵਾਪਸ ਲਿਆ

ਕੇ ਦੇਣਾ। ਪਹਿਲਾਂ ਮਹਾਰਾਜ ਪ੍ਰਸ਼ਾਦੀ ਹਾਥੀ ਲਿਆਇਆ ਕਰਦਾ ਸੀ, ਜਿਹੜੇ ਤੀਰ ਚਲਾਇਆ ਕਰਦਾ ਸੀ। ਦੌੜ ਕੇ ਜਾਣਾ ਉਹਨੇ ਬਾਣ ਚੁੱਕ ਕੇ ਮੋੜ ਕੇ ਲਿਆ ਕੇ ਮਹਾਰਾਜ ਨੂੰ ਦੇ ਦੇਣਾ। ਓਸ ਦਿਨ ਸਿੰਘ ਖੜ੍ਹੇ ਕਰ ਦਿਤੇ, ਮਹਾਰਾਜ ਨੇ ਬਾਣ ਚਲਾਇਆ। ਬੜੀ ਟੁਣਕਾਰ ਹੋਈ। ਤੀਰ ਦੇਖਦੇ ਨੇ ਉਪਰ ਨੂੰ ਜਾਂਦਾ ਹੈ, ਦੇਖਦੇ-ਦੇਖਦੇ ਅੱਖਾਂ ਤੋਂ ਓਝਲ ਹੋਇਆ, ਥੱਲੇ ਆਇਆ ਹੀ ਨਾ। ਦੂਜਾ ਚਲਾਇਆ, ਤੀਜਾ, ਚੌਥਾ ਚਲਾਇਆ, ਪੰਜਵਾਂ ਕੋਈ ਨਾ ਆਇਆ। ਸਾਰੇ ਹੈਰਾਨ ਹੋ ਕੇ ਕਹਿਣ ਲੱਗੇ ਪਾਤਸ਼ਾਹ! ਦੂਰ-ਦੂਰ ਤੱਕ ਅਸੀਂ ਟੋਲ੍ਹ ਲਏ, ਪਰ ਬਾਣ ਤਾਂ ਤੁਹਾਡਾ ਹੇਠਾਂ ਆਇਆ ਨਹੀਂ। ਕੀ ਕਾਰਨ ਹੈ? ਮਹਾਰਾਜ ਕਹਿੰਦੇ, ਦੇਖੋ! ਪ੍ਰੇਮੀਓ ਇਹ ਨਾਰਦ ਅਨਲ ਪੰਛੀ ਦੇ ਫੰਗ ਲਿਆਇਆ ਸੀ, ਆਕਾਸ਼ ਵਿਚ ਘੁੰਮਦਾ ਰਹਿੰਦਾ ਹੈ, ਉਥੇ ਹੀ ਬੱਚੇ ਦਿੰਦਾ ਹੈ, ਉਥੇ ਹੀ ਪਾਲਦਾ ਹੈ। ਇਹਦੇ ਫੰਗਾਂ 'ਚ ਇਹ ਤਾਸੀਰ ਹੈ ਕਿ ਜਿਹੜੀ ਚੀਜ਼ ਇਹਦੇ ਨਾਲ ਲਾ ਦਿਓ, ਉਹ ਲੈ ਕੇ ਆਪਣੇ ਦੇਸ਼ ਵਿਚ ਪਹੁੰਚ ਜਾਂਦਾ ਹੈ। ਕਹਿੰਦੇ, ਪ੍ਰੇਮੀਓ! ਤੁਹਾਨੂੰ ਦ੍ਰਿਸ਼ਟਾਂਤ ਦੇ ਨਾਲ ਗੱਲ ਸੁਣਾਈ ਹੈ, ਗੁਰੂ ਨਾਨਕ ਦੀ ਜਿਹੜੀ ਬਾਣੀ ਹੈ ਇਹ ਬਾਣੀ ਏਸ ਮੰਡਲ ਦੀ ਨਹੀਂ ਹੈ। ਇਹ ਓਸ ਮੰਡਲ ਦੀ ਬਾਣੀ ਹੈ ਤੇ ਓਸ ਮੰਡਲ ਤੋਂ ਆਈ ਹੋਈ ਜਿਹਦਾ ਮਨ ਇਹਦੇ ਨਾਲ ਲੱਗ ਜਾਏਗਾ ਉਹਨੂੰ ਸਚਖੰਡ ਵਿਚ ਲੈ ਜਾਏਗੀ। ਐਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਇਹ ਧੁਰ ਕੀ ਬਾਣੀ ਆਈ,***
***ਧੁਰ ਕੀ ਬਾਣੀ ਆਈ।***
***ਤਿਨ ਸਗਲੀ ਚਿੰਤ ਮਿਟਾਈ।***

ਸੋ ਏਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ ਇਹ ਸਚਖੰਡ ਦੀ ਬਾਣੀ ਹੈ, ਜਿਹਦਾ ਮਨ ਇਹਦੇ ਨਾਲ ਲੱਗ ਜਾਏਗਾ ਉਹਨੂੰ ਕੋਈ ਕਰਮ ਧਰਮ, ਕਿਰਿਆ ਜਾਪ ਕੁਛ ਕਰਨ ਦੀ ਲੋੜ ਨਹੀਂ। ਏਸ ਬਾਣੀ ਨੇ ਸਚਖੰਡ 'ਚ ਲੈ ਜਾਣਾ ਹੈ। ਸੋ ਏਸ ਕਰਕੇ –

***ਅੰਮ੍ਰਿਤ ਬਚਨ ਸਾਧ ਕੀ ਬਾਣੀ ॥***
***ਜੋ ਜੋ ਜਪੈ ਤਿਸ ਕੀ ਗਤਿ ਹੋਵੈ***
***ਹਰਿ ਹਰਿ ਨਾਮੁ ਨਿਤ ਰਸਨ ਬਖਾਨੀ ॥***
***ਅੰਗ – ੨੯੪***

ਸੋ ਬਾਣੀ ਦੇ ਨਾਲ ਜਿਹਦਾ ਚਿੱਤ ਲੱਗ ਗਿਆ ਉਹ ਸਚਖੰਡ ਚਲਿਆ ਜਾਏਗਾ। ਸੋ ਇਹ ਹੁਕਮ ਹੈ ਗੁਰੂ ਦਾ ਮੰਨੋ ਸਾਧਸੰਗਤ ਜੀ ਇਹਨੂੰ।

***ਧਾਰਨਾ – ਮੰਨ ਪਿਆਰਿਆ! ਸੱਚਾ ਹੁਕਮ ਗੁਰਾਂ ਦਾ।***
***ਸਤਿਗੁਰ ਕਾ ਜੋ ਸਿਖੁ ਅਖਾਏ***
***ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥***
***ਉਦਮੁ ਕਰੇ ਭਲਕੇ ਪਰਭਾਤੀ***
***ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥ ਅੰਗ – ੩੦੫***

ਸੱਚਾ ਸਿੱਖ ਕਹਾਉਂਦਾ ਹੈਂ? ਲਿਖਾਇਆ ਵੀ ਹੈ ਕਿ ਮੈਂ ਸਿੱਖ ਹਾਂ। ਫੇਰ ਪਹਿਰ ਰਾਤ ਰਹਿੰਦੀ ਉਠਿਆ ਕਰ, ਫੇਰ ਨਾ ਸੌਂਇਆ ਕਰ।

***ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ........॥***
***ਅੰਗ – ੩੦੫***

ਫੇਰ ਜਿਹੜਾ ਪੰਜ ਪਿਆਰਿਆਂ ਨੇ ਨਾਮ ਦਿਤਾ ਹੈ ਉਹਨੂੰ ਜਪ। ਫੇਰ ਕੀ ਹੋਏਗਾ? –

***........ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥***
***ਅੰਗ – ੩੦੫***

ਜਿੰਨੇ ਪਾਪ ਤੇਰੇ ਤੋਂ ਭੁੱਲ-ਭੁਲੇਖੇ ਹੋ ਗਏ ਪਹਿਲਾਂ, ਸਭ ਲਹਿ ਜਾਣਗੇ।

***ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ***
***ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥***
***ਅੰਗ – ੩੦੫***

ਸੋ ਹੁਕਮ ਮੰਨ ਲੈ। ਗੁਰੂ ਨਾਨਕ ਦੀ ਮੂਰਤ ਹਿਰਦੇ 'ਚ ਵਸਾ। ਫੇਰ ਜਪੁਜੀ ਦਾ ਪਾਠ ਕਰ, ਆਸਾ ਜੀ ਦਾ ਵਾਰ ਦਾ ਪਾਠ ਕਰ। ਦਿਨ ਵਿਚ ਧਰਮ ਦੀ ਕਿਰਤ ਕਰ, ਜਦੋਂ ਸੂਰਜ ਦੀ ਅੱਧੀ ਟਿੱਕੀ ਅੰਦਰ ਹੋਵੇ ਅੱਧੀ ਬਾਹਰ ਹੋਵੇ ਉਸ ਤੋਂ ਪਹਿਲਾਂ ਪ੍ਰੇਮੀਆਂ! ਫੇਰ ਤੂੰ ਰਹਿਰਾਸ ਪੜ੍ਹ ਲਿਆ ਕਰ। ਫੇਰ ਆਰਤੀ ਪੜ੍ਹਿਆ ਕਰ, ਫੇਰ ਗੁਰੂ ਦਾ ਇਤਿਹਾਸ ਸੁਣਿਆ ਕਰ। ਫੇਰ ਕੀਰਤਨ ਸੋਹਿਲਾ ਪੜ੍ਹਿਆ ਕਰ, ਫੇਰ ਤੂੰ ਸੌਂ ਜਾਇਆ ਕਰ। ਜਿਹੜਾ ਐਹੋ ਜਿਹਾ ਸਿੱਖ ਹੈ, ਉਹ ਜਮਾਂ ਦੀ ਪੁਰੀ ਨਹੀਂ ਜਾਏਗਾ, ਸਿੱਧਾ ਗੁਰੂ ਨਾਨਕ ਕੋਲ ਜਾਏਗਾ। ਸੋ ਏਸ ਕਰਕੇ ਸਾਧਸੰਗਤ ਜੀ! ਜਿੰਨੀਆਂ ਬੇਨਤੀਆਂ ਕਰੀਆਂ ਨੇ ਇਹਨੂੰ ਹਿਰਦੇ 'ਚ ਵਸਾਓ। ਇਹ ਜਨਮ ਬੜਾ ਅਮੋਲਕ ਹੈ –

***ਧਾਰਨਾ – ਸੌਂ ਕੇ ਨਾ ਗਵਾ ਲਈਂ***
***ਤੇਰਾ ਜਨਮ ਅਮੋਲ ਹੈ।***
***ਕਬੀਰ ਮਾਨਸ ਜਨਮੁ ਦੁਲੰਭੁ ਹੈ***
***ਹੋਇ ਨ ਬਾਰੈ ਬਾਰ ॥***
***ਜਿਉ ਬਨ ਫਲ ਪਾਕੇ ਭੁਇ ਗਿਰਹਿ***
***ਬਹੁਰਿ ਨ ਲਾਗਹਿ ਡਾਰ ॥ ਅੰਗ – ੧੩੬੬***
***ਝਾਲਾਘੇ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ॥***
***ਕਾਰ੍ਹਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ ॥***
***ਅੰਗ – ੨੫੫***

ਬੜਾ ਅਮੋਲਕ ਜਨਮ ਹੈ, ਇਹਨੂੰ ਕਿਸੇ ਲੇਖੇ 'ਚ ਲਾ ਲੈ, ਅੰਮ੍ਰਿਤ ਵੇਲੇ ਉਠ ਕੇ।

***ਅੰਮ੍ਰਿਤ ਵੇਲੇ ਉਠਿ ਕੈ***
***ਜਾਇ ਅੰਦਰਿ ਦਰੀਆਇ ਨ੍ਹਵੰਦੇ॥***
***ਸਹਜਿ ਸਮਾਧਿ ਅਗਾਧਿ ਵਿਚਿ***
***ਇਕ ਮਨਿ ਹੋਇ ਗੁਰ ਜਾਪੁ ਜਪੰਦੇ॥***
***ਮਥੈ ਟਿਕੇ ਲਾਲ ਲਾਇ ਸਾਧ ਸੰਗਤਿ***
***ਚਲਿ ਜਾਇ ਬਹੰਦੇ॥***
***(ਭਾਈ ਗੁਰਦਾਸ ਜੀ, ਵਾਰ 6/4)***

ਉਹ ਗੁਰਸਿੱਖ ਜਿਨ੍ਹਾਂ ਨੇ ਜਨਮ ਸਫਲਾ ਕਰਨਾ ਹੈ,

ਉਨ੍ਹਾਂ ਦੀ ਰਹਿਤ ਦਸਦੇ ਨੇ।

*ਸਬਦੁ ਸੁਰਤਿ ਲਿਵਲੀਣੁ ਹੋਇ*
*ਸਤਿਗੁਰ ਬਾਣੀ ਗਾਵਿ ਸੁਣੰਦੇ।*
*ਭਾਇ ਭਗਤਿ ਭੈ ਵਰਤਮਾਨ*
*ਗੁਰ ਸੇਵਾ ਗੁਰਪੁਰਬ ਕਰੰਦੇ।*
*ਸੰਝੈ ਸੋਦਰੁ ਗਾਵਣਾ*
*ਮਨ ਮੇਲੀ ਕਰਿ ਮੇਲਿ ਮਿਲੰਦੇ।*
*ਰਾਤੀ ਕੀਰਤਿ ਸੋਹਿਲਾ*
*ਕਰਿ ਆਰਤੀ ਪਰਸਾਦੁ ਵਡੰਦੇ।*
*ਗੁਰਮੁਖਿ ਸੁਖ ਫਲੁ ਪਿਰਮ ਚਖੰਦੇ॥*

**ਭਾਈ ਗੁਰਦਾਸ ਜੀ, ਵਾਰ 6/4**

ਸੋ ਭਾਈ ਲਹਿਣਾ ਜੀ! ਇਹ ਹੈ ਬਾਣੀ ਦੀ ਮਹੱਤਤਾ। ਜਿਥੇ ਕੋਈ ਗੁਰਸਿੱਖ 'ਜਪੁਜੀ ਸਾਹਿਬ' ਪੜ੍ਹਦਾ ਹੋਏਗਾ। ਕੀਰਤਨ ਸੋਹਿਲਾ ਪੜ੍ਹੇਗਾ, ਬਾਣੀ ਪੜ੍ਹੇਗਾ, ਭਾਈ ਲਹਿਣਾ! ਮੈਂ ਓਸ ਥਾਂ ਦੇ ਉਤੇ ਗੁਰਸਿੱਖ ਦੇ ਨਾਲ-ਨਾਲ ਹੁੰਦਾ ਹਾਂ। ਕਹਿੰਦੇ, ਬੇਟਾ! ਬਹੁਤ ਪਿਆਰ ਦੇ ਨਾਲ ਤੂੰ ਬਾਣੀ ਪੜ੍ਹਦਾ ਸੀ, ਬੱਕਰੀਆਂ ਚਾਰਦਾ। ਹੁਣ ਐਉਂ ਕਰਿਆ ਕਰ, ਜਦੋਂ ਬਾਣੀ ਪੜ੍ਹੇਂ, ਕੀਰਤਨ ਸੋਹਿਲਾ ਖਾਸ ਕਰਕੇ ਓਸ ਵੇਲੇ ਮੰਜੇ ਤੇ ਬੈਠ ਕੇ ਪੰਜ ਇਸ਼ਨਾਨਾ ਕਰ ਕੇ, ਪਹਿਲਾਂ ਪੰਜ ਸ਼ਬਦ ਪੜ੍ਹੋ ਫੇਰ ਕੀਰਤਨ ਸੋਹਿਲਾ ਪੜ੍ਹੋ, ਇਹਦੇ ਨਾਲ ਰਾਖੀ ਹੋਏਗੀ, ਘਰ ਦੀ ਬਾਹਰ ਦੀ, ਭੂਤਾਂ ਪ੍ਰੇਤਾਂ ਤੋਂ, ਦਬਾਅ ਨਹੀਂ ਪਏਗਾ, ਜੇ ਸਰੀਰ ਛੁਟ ਜਾਏ ਸੁੱਤੇ ਪਏ ਦਾ ਸਿੱਧਾ ਹੀ ਦਰਗਾਹ 'ਚ ਜਾਏਗਾ। ਗੁਰੂ ਨਾਨਕ ਦੀ ਰਾਖੀ ਹੋਏਗੀ। ਸੋ ਇਸ ਕਰਕੇ ਸਾਧਸੰਗਤ ਜੀ! ਜੋ ਬਚਨ ਗੁਰੂ ਮਹਾਰਾਜ ਨੇ ਗੁਰੂ ਅੰਗਦ ਸਾਹਿਬ ਦੇ ਨਾਲ, ਜਦੋਂ ਆਪ ਸਿੱਖ ਦੇ ਰੂਪ ਵਿਚ ਸੇਵਾ ਕਰਦੇ, ਉਨ੍ਹਾਂ ਦੀ ਵਿਚਾਰ ਕੀਤੀ ਹੈ। ਸਾਡੇ ਵਾਸਤੇ ਵੀ ਇਹ ਚਾਨਣ ਮੁਨਾਰਾ ਨੇ, ਅਸੀਂ ਵੀ ਇਨ੍ਹਾਂ ਨੂੰ ਧਾਰਨ ਕਰੀਏ। ਵਿਸ਼ਵਾਸ਼ ਲਿਆਓ ਬਾਣੀ ਦੇ ਉਤੇ। ਰੋਟੀ ਨਾ ਖਾਓ ਜਿਸ ਦਿਨ ਨਿਤਨੇਮ ਨਹੀਂ ਹੁੰਦਾ। ਪਰ ਨਿਤਨੇਮ ਨਾ ਖੁੰਝਾਓ ਕਿਉਂਕਿ ਇਹ ਆਤਮਕ ਖੁਰਾਕ ਹੈ, ਜਿਹੜਾ ਵੀ ਗੁਰਸਿੱਖ ਕਰ ਲਏਗਾ, ਬਾਣੀ ਨੂੰ ਮੰਨ ਲਏਗਾ, ਬਾਣੀ ਦੇ ਮੁਤਾਬਿਕ ਜੀਵਨ ਢਾਲ ਲਏਗਾ, ਉਹਦੀ ਫੇਰ ਇਥੋਂ ਜੈ-ਜੈਕਾਰ ਹੁੰਦੀ ਜਾਏਗੀ, ਖੁਸ਼ੀ-ਖੁਸ਼ੀ ਜਾਏਗਾ।

*ਕਬੀਰ ਮੁਹਿ ਮਰਨੇ ਕਾ ਚਾਉ ਹੈ*
*ਮਰਉ ਤ ਹਰਿ ਕੈ ਦੁਆਰ ॥*
*ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰ ॥*

*ਅੰਗ - ੧੩੬੭*

*ਕਬੀਰ ਜਿਸੁ ਮਰਨੇ ਤੇ ਜਗੁ ਡਰੈ*
*ਮੇਰੈ ਮਨਿ ਆਨੰਦੁ ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥*

*ਅੰਗ - ੧੩੬੫*

*ਕਬੀਰ ਸੰਤ ਮੂਏ ਕਿਆ ਰੋਈਐ*
*ਜੋ ਅਪੁਨੇ ਗ੍ਰਿਹਿ ਜਾਇ ॥* *ਅੰਗ - ੧੩੬੫*

ਉਹ ਤਾਂ ਆਪਣੇ ਘਰ ਨੂੰ ਜਾ ਰਿਹਾ ਹੈ, ਗੁਰੂ ਨਾਨਕ ਪਾਤਸ਼ਾਹ ਦੇ ਕੋਲ, ਦਰਗਾਹ ਦੇ ਵਿਚ, ਸਚਖੰਡ ਦੇ ਵਿਚ ਜਿਹਨੇ ਬਾਣੀ ਪੜ੍ਹੀ ਹੈ ਸਾਰੀ ਜ਼ਿੰਦਗੀ।

*ਰੋਵਹੁ ਸਾਕਤ ਬਾਪੁਰੇ ................॥*

*ਅੰਗ - ੧੩੬੫*

ਰੋਵੋਂ, ਪੀਟੋ ਸਾਕਤ ਨੂੰ ਕਿਉਂਕਿ ਉਹਨੇ ਜੰਮਣ ਮਰਨ 'ਚ ਫਿਰਨਾ ਹੈ, ਧੱਕੇ ਖਾਣੇ ਨੇ।

*............ਜੁ ਹਾਟੈ ਹਾਟ ਬਿਕਾਇ॥*

*ਅੰਗ - ੧੩੬੫*

ਕਦੇ ਕੁੱਤਾ ਬਣਨਾ ਹੈ, ਕਦੇ ਬਿੱਲਾ ਬਣਨਾ ਹੈ, ਕਦੇ ਸੱਪ ਬਣਨਾ ਹੈ। ਰੋਵੋਂ ਉਹਨੂੰ ਕਿ ਮਾਨਸ ਜਨਮ ਗਵਾ ਕੇ ਤੁਰ ਗਿਆ। ਸੋ ਏਸ ਤਰ੍ਹਾਂ ਦੇ ਨਾਲ ਸਾਧਸੰਗਤ ਜੀ ਇਹ ਜੋ ਵਿਚਾਰਾਂ ਆਪ ਦੇ ਚਰਨਾਂ 'ਚ ਭੇਟ ਕੀਤੀਆਂ ਨੇ, ਸਮਝੋ ਏਸ ਚੀਜ਼ ਨੂੰ। ਬਾਰ-ਬਾਰ ਮੈਨੂੰ ਮਿਲਦੇ ਨੇ, ਮੈਂ ਕਹਿੰਦਾ ਹਾਂ ਕਿ ਬਾਣੀ ਪੜ੍ਹੋ, ਕਹਿੰਦੇ ਨੇ ਜੀ ਬਾਣੀ ਤਾਂ ਯਾਦ ਨਹੀਂ, ਮੂਲਮੰਤ੍ਰ ਤੇਰੇ ਯਾਦ ਨਹੀਂ, ਤੇਰੇ ਆਉਣ ਦਾ ਫਾਇਦਾ ਕੀ ਸੰਸਾਰ ਦੇ ਅੰਦਰ, ਖਾਹ ਧੱਕੇ -

*ਕਬੀਰ ਜਾ ਘਰ ਸਾਧ ਨ ਸੇਵੀਅਹਿ*
*ਹਰਿ ਕੀ ਸੇਵਾ ਨਾਹਿ ॥*
*ਤੇ ਘਰ ਮਰਹਟ ਸਾਰਖੇ*
*ਭੂਤ ਬਸਹਿ ਤਿਨ ਮਾਹਿ ॥* *ਅੰਗ - ੧੩੭੪*

ਜਿਵੇਂ ਦੱਸਿਆ ਜਾਂਦਾ ਹੈ, ਬੇਨਤੀ ਕੀਤੀ ਹੈ ਪੰਜ ਪਿਆਰਿਆ ਨੇ ਦੱਸਿਆ ਸੀ ਕਿ ਭੂਤਾਂ ਤੋਂ ਦੇਵਤੇ ਬਣ ਜਾਓ। ਜੇ ਫੇਰ ਉਥੇ ਹੀ ਰਹਿਣਾ ਹੈ, ਅੰਮ੍ਰਿਤ ਛਕ ਲਿਆ ਜੀ। ਇਕੱਲੇ ਅੰਮ੍ਰਿਤ ਨੇ ਕੀ ਕਰਨਾ ਹੈ, ਜੇ ਬਾਣੀ ਨਹੀਂ ਪੜ੍ਹਨੀ, ਹੁਕਮ ਨਹੀਂ ਮੰਨਣਾ। ਫੇਰ ਬਾਣੀ ਯਾਦ ਕਰੋ, ਜੇ ਪੜ੍ਹੇ ਹੋਏ ਨਹੀਂ ਭਾਈ ਫੇਰ ਕਿਸੇ ਪੜ੍ਹੇ ਹੋਏ ਤੋਂ ਇਕ-ਇਕ ਤੁਕ ਯਾਦ ਕਰਵਾ ਲਓ। ਫਲ ਕਿੰਨਾ ਹੈ ਜਿਹੜਾ ਯਾਦ ਕਰਾਉਂਦਾ ਹੈ -

*ਜੈਸੇ ਸਤ ਮੰਦਰ ਕੰਚਨ ਕੇ ਉਸਾਰ ਦੀਨੇ,*
*ਤੈਸਾ ਪੁੰਨ ਸਿਖ ਕਉ ਇਕ ਸਬਦ ਸਿਖਾਏ*
*ਕਾ।* **ਕਬਿੱਤ ਭਾਈ ਗੁਰਦਾਸ ਜੀ, 673**

ਜਿਹੜਾ ਇਕ ਸ਼ਬਦ ਵੀ ਸਿੱਖ ਨੂੰ ਸਿਖਾ ਦੇਵੇ ਨਾ

(ਬਾਕੀ ਪੰਨਾ 46 ਤੇ)

(ਪੰਨਾ 28 ਦਾ ਬਾਕੀ)

ਚਾਹੀਦਾ ਹੈ। ਉਹ ਲਿਆ ਦੇ, ਮੈਂ ਮੜ੍ਹ ਦੇਵਾਂਗਾ, ਤਬੀਤ ਵਿਚ। ਮਜ਼ਾਲ ਹੈ ਕੋਈ ਗੱਲ ਕਰ ਜਾਵੇ, ਪਿਛੇ-ਪਿਛੇ ਤੁਰਿਆ ਫਿਰੇਗਾ। ਉਸ ਤੋਂ ਬਾਅਦ ਪਠਾਣ ਕੋਲ ਚਲਿਆ ਗਿਆ, ਉਧਰ ਗਿਆ ਤਾਂ ਉਹਨੇ ਕਿਹਾ ਕਿ ਤੂੰ ਅੱਜ ਕੋਈ ਕੰਮ ਵੀ ਨਹੀਂ ਕਰਦਾ? ਕਹਿੰਦਾ, ਖਾਨ ਸਾਹਿਬ! ਮੈਨੂੰ ਤਾਂ ਚਿੰਤਾ ਲੱਗ ਗਈ। ਕਹਿੰਦਾ, ਕੀ ਗੱਲ? ਕਹਿੰਦਾ ਬੀਬੀ ਤੁਹਾਨੂੰ ਮਾਰਨ ਨੂੰ ਫਿਰਦੀ ਹੈ? ਅੱਲਾਹ ਜਾਣੇ ਕਿ ਕੀ ਗੱਲ ਹੈ? ਕਹਿੰਦਾ ਜੇ ਨਹੀਂ ਇਤਬਾਰ ਆਉਂਦਾ ਤਾਂ ਦੇਖ ਲੈਣਾ, ਤੁਹਾਨੂੰ ਸ਼ਾਹ ਰਗ ਦੇ ਉਤੇ ਉਸਤਰਾ ਫਿਰ ਜਾਣਾ ਹੈ। ਸੌਣਾ ਨਾ। ਪਠਾਣ ਨੇ ਕਿਹਾ ਕਿ ਇਹ ਵੀ ਗੱਲ ਹੋ ਸਕਦੀ ਹੈ? ਕਹਿੰਦਾ ਪੁਛਣ ਨਾ ਜਾਇਓ, ਤੁਸੀਂ ਆਪ ਹੀ ਅੱਖਾਂ ਨਾਲ ਦੇਖ ਲੈਣਾ ਕਿ ਕੀ ਬਣਦਾ ਹੈ।

ਉਹ ਵਿਚਾਰੀ ਉਡੀਕਦੀ ਰਹੀ, ਇਹ ਬਨਾਉਟੀ ਸੌਂ ਗਿਆ। ਤਲਵਾਰ ਨੰਗੀ ਕਰਕੇ ਰੱਖ ਲਈ, ਉਹ ਬਨਾਉਟੀ ਸੌਂਇਆ, ਘਰਾੜੇ ਮਾਰਨ ਲੱਗ ਗਿਆ, ਉਹਨੇ ਕਿਹਾ ਕਿ ਹੁਣ ਲਾਹ ਲੈਂਦੀ ਹਾਂ ਇਹਦਾ ਵਾਲ। ਉਸਤਰਾ ਲਿਆਂਦਾ। ਜਦੋਂ ਸ਼ਾਹ ਰਗ ਦਾ ਵਾਲ ਕੱਟਣ ਨੂੰ ਅੱਗੇ ਨੂੰ ਵਧਾਇਆ, ਇਹ ਮਲ੍ਹਕ-ਮਲ੍ਹਕ ਦੇਖਦਾ ਸੀ, ਉਸੇ ਵਕਤ ਤਲਵਾਰ ਚੁੱਕੀ, ਗਰਦਨ ਵੱਢ ਦਿਤੀ ਇਹਦੀ। ਲੱਤਾਂ ਵੱਢ ਦਿਤੀਆਂ ਤੇ ਟੋਕਰੇ ਦੇ ਥੱਲੇ ਦੇ ਦਿਤੀ। ਉਹਨੂੰ ਕਹਿੰਦਾ ਕਿ ਜਾਹ ਇਹਦੇ ਪੇਕਿਆਂ ਨੂੰ ਦੱਸ ਆ। ਦੌੜਿਆ ਹੀ ਗਿਆ, ਉਥੇ ਜਾ ਕੇ ਧਾਹਾਂ ਮਾਰ ਕੇ ਰੋਣ ਲੱਗ ਗਿਆ। ਉਹ ਕਹਿੰਦੇ ਕੀ ਗੱਲ ਤੂੰ ਰੋਂਦਾ ਹੈ? ਕਹਿੰਦਾ, ਰੋਵਾਂ ਨਾ, ਤੁਹਾਡੀ ਭੈਣ ਦੇ ਅੱਠ ਟੁਕੜੇ ਕਰਕੇ ਟੋਕਰੇ ਥੱਲੇ ਦੱਬ ਦਿਤੀ ਪਠਾਣ ਨੇ। ਹੁਣ ਕਹਿੰਦਾ, ਜੇ ਬਦਲਾ ਲੈਣਾ ਹੈ ਤਾਂ ਇਕੱਠੇ ਹੋ ਕੇ ਆਓ, ਦੱਸ ਵੀਹ ਰਾਈਫਲਾਂ ਲੈ ਕੇ। ਉਸੇ ਵਕਤ ਉਹ ਤਿਆਰੀ ਕਰਨ ਲੱਗ ਗਏ, ਉਥੋਂ ਨੱਠਿਆ ਪਠਾਣ ਕੋਲ ਆ ਗਿਆ, ਕਹਿੰਦਾ ਖਾਨ ਸਾਹਿਬ! ਬੇਸੁਰਤ ਪਏ ਓਂ, ਉਹ ਤਾਂ ਸੌ ਬੰਦਾ ਚੜ੍ਹਿਆ ਆ ਰਿਹਾ ਹੈ। ਬੰਦੋਬਸਤ ਕਰੋ, ਰਾਈਫਲਾਂ ਲਓ। ਅਖੀਰ ਦੋਹਾਂ ਦੀ ਲੜਾਈ ਹੋ ਗਈ। ਪੁਛਿਆ ਕਿਸੇ ਨੇ ਵੀ ਨਹੀਂ ਕਿ ਤੂੰ ਕਿਉਂ ਮਾਰੀ? ਬੰਦੇ ਮਰ ਗਏ। ਸਿਆਣੇ ਬੰਦੇ ਵਿਚ ਆਏ ਹੋਏ, ਕਹਿੰਦੇ ਕੋਈ ਕਾਰਨ ਤਾਂ ਦੱਸੋ ਕਿ ਕਿਉਂ ਮਾਰੀ ਹੈ? ਅਖੀਰ ਫੈਸਲਾ ਤਾਂ ਲੜਾਈ ਦਾ ਪੰਚਾਇਤ ਨਾਲ ਹੀ ਹੁੰਦਾ ਹੈ। ਬਹਿ ਗਏ ਸਾਰੇ। ਕਹਿੰਦੇ ਦੱਸੋ? ਖਾਨ ਕਹਿਣ ਲੱਗਿਆ ਕਿ ਮੇਰੇ ਨੌਕਰ ਨੂੰ ਪੁੱਛੋ। ਕਹਿੰਦਾ, ਭਾਈ ਪਹਿਲਾਂ ਅਸ਼ਟਾਮ ਲਿਆਓ ਕੱਢ ਕੇ। ਅਸ਼ਟਾਮ ਲਿਆਂਦਾ। ਕਹਿੰਦਾ ਮੇਰੀਆਂ ਸ਼ਰਤਾਂ ਪੜ੍ਹੋ। ਸ਼ਰਤਾਂ ਪੜ੍ਹੀਆਂ ਤੇ ਅੱਗੇ ਆ ਗਿਆ। ਜਦੋਂ ਉਹ ਪੜ੍ਹੀ ਤਾਂ ਕਹਿੰਦਾ ਆਹੀ ਗੱਲ ਹੈ? ਕਹਿੰਦਾ, ਮੈਨੂੰ ਦੋ ਤਿੰਨ ਸਾਲ ਬਾਅਦ ਦੌਰਾ ਉਠਦਾ ਹੈ, ਅਰ ਮੇਰੀ ਚੁਗਲੀ ਤੋਂ ਬਚ ਕੋਈ ਨਹੀਂ ਸਕਦਾ। ਸੋ ਚੁਗਲੀ ਜਿਹਦੇ ਅੰਦਰ ਹੋਵੇ ਮਹਾਰਾਜ ਕਹਿੰਦੇ, ਉਹਦਾ ਕੁਛ ਬਣਿਆ ਨਹੀਂ ਕਰਦਾ, ਨਿੰਦਿਆ ਦੀ ਭੈਣ ਹੈ।

ਮਹਾਰਾਜ ਕਹਿੰਦੇ, ਵੈਦ ਜੀ! ਦੇਖੋ ਕਿੱਡੀ ਵੱਡੀ ਬਿਮਾਰੀ ਹੈ ਤੇ ਚੌਥੀ ਬਿਮਾਰੀ ਹੈ ਜਿਹਨੂੰ ਸਿਉਂਕ ਲਗ ਜਾਣੀ ਕਹਿੰਦੇ ਨੇ, ਉਹ ਹੁੰਦੀ ਹੈ ਈਰਖਾ ਦੀ ਬੀਮਾਰੀ। ਈਰਖਾ ਬਰਾਬਰ ਦਿਆਂ ਨਾਲ, ਰਿਸ਼ਤੇਦਾਰਾਂ ਨਾਲ, ਭਰਾ ਦੀ ਭਰਾ ਨਾਲ, ਜਿਹੜੇ ਇਕ ਬਿਜ਼ਨਸ ਕਰਦੇ ਨੇ ਦੂਜੇ ਬਿਜਨਸ ਵਾਲੇ ਨਾਲ। ਜਿਹੜੇ ਰਾਜਨੀਤੀ ਵਿਚ ਜਾਂਦੇ ਨੇ ਉਨ੍ਹਾਂ ਦੀ ਆਪਸ ਵਿਚ। ਹਰ ਬੰਦੇ ਦੀ ਹਮਕਸ ਬੰਦੇ ਨਾਲ ਈਰਖਾ ਹੋਇਆ ਕਰਦੀ ਹੈ। ਈਰਖਾ ਇਕ ਜ਼ਬਰਦਸਤ ਬੀਮਾਰੀ ਹੈ, ਨਾ ਇਸ ਤੋਂ ਸਾਧੂ ਸੰਤ ਬਚਦੇ ਨੇ। ਜਿਹੜੇ ਸੰਤ ਨੇ ਅਸਲੀ ਉਨ੍ਹਾਂ ਤੱਕ ਤਾਂ ਈਰਖਾ ਪਹੁੰਚ ਹੀ ਨਹੀਂ ਸਕਦੀ। ਜਿਹੜਾ ਨਕਲੀ ਹੋਏਗਾ ਉਥੇ ਈਰਖਾ ਨੇ ਗੱਲ ਕਰਨੀ ਹੀ ਹੈ। ਕੋਈ ਗੱਲ ਕਹੇਗਾ, ਕੋਈ ਅਣਹੋਈ ਗੱਲ ਕਹੇਗਾ, ਜਦੋਂ ਅਣਹੋਈ ਗੱਲ ਨਿਕਲੀ, ਸਮਝ ਲਓ ਇਹ ਵੀ ਈਰਖਾ ਦਾ ਬਿਮਾਰ ਸਾਡੇ ਵਰਗਾ ਹੀ ਹੈ। ਕੋਈ ਸੰਤ ਨਹੀਂ ਹੈ ਇਹ, ਭੇਖ ਹੀ ਲਈ ਫਿਰਦਾ ਹੈ। ਸੋ ਏਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ -

***ਜਿਸੁ ਅੰਦਰਿ ਤਾਤਿ ਪਰਾਈ ਹੋਵੈ***
***ਤਿਸ ਕਾ ਕਦੇ ਨ ਹੋਵੀ ਭਲਾ ॥ ਅੰਗ - ੩੦੮***

never-never ਉਹਦਾ ਭਲਾ ਹੋ ਹੀ ਨਹੀਂ ਸਕਦਾ।

***ਓਸ ਦੈ ਆਖਿਐ ਕੋਈ ਨ ਲਗੈ***
***ਨਿਤ ਓਜਾੜੀ ਪੂਕਾਰੇ ਖਲਾ ॥ ਅੰਗ - ੩੦੮***

ਨਤੀਜਾ ਕਿੰਨਾ ਭਿਆਨਕ ਹੁੰਦਾ ਹੈ। ਇਕ ਪ੍ਰੇਮੀ ਕੋਈ ਸੰਤਾਂ ਦੀ ਸੇਵਾ ਕਰਕੇ ਵਰ ਮੰਗਦਾ ਹੈ ਕਿ ਮੇਰੇ ਦੋ ਟਾਈਮ ਦਾ ਪ੍ਰਸ਼ਾਦਾ ਪੱਕਣਾ ਸ਼ੁਰੂ ਹੋ ਜਾਏ। ਕ੍ਰਿਪਾ ਕਰੋ। ਮਹਾਤਮਾ ਕਹਿੰਦੇ ਕਿ ਇਕ ਸੰਖ ਦਿੰਦੇ ਹਾਂ ਤੈਨੂੰ, ਇਹ ਲਿੱਪ ਪੋਚ ਕੇ ਵਜਾ ਲਈਂ, ਜਿਹੜਾ ਕੁਛ ਮੰਗੇਂਗਾ ਓਹੀ ਆ ਜਾਏਗਾ। ਪਰ ਇਹਦੇ ਵਿਚ ਇਕ ਨੁਕਸ ਇਹ ਹੈ ਕਿ ਤੇਰੇ ਸਰੀਕਾਂ ਦੇ ਦੁੱਗਣਾ ਆ ਜਾਏਗਾ। ਕਹਿੰਦਾ, ਮੈਂ ਕੀ ਲੈਣਾ ਹੈ ਮਹਾਰਾਜ, ਸ਼ਰੀਕਾਂ ਤੋਂ। ਘਰ ਲਿਆਇਆ, ਘਰਵਾਰੀ ਨਾਲ ਆ ਕੇ ਗੱਲ ਕਰੀ। ਘਰਵਾਲੀ ਸਿਆਣੀ ਸੀ ਗੱਲ ਸੁਣ ਕੇ ਚੁੱਪ ਕਰ ਗਈ। ਕਹਿੰਦਾ ਤੂੰ ਖੁਸ਼ ਨਹੀਂ ਹੋਈ? ਕਹਿੰਦੀ ਮੈਂ ਖੁਸ਼ ਕਾਹਦੀ ਹੋਵਾਂ, ਤੂੰ ਤਾਂ ਦਿਨ ਰਾਤ ਉਥੇ ਸੇਵਾ ਕਰਦਾ ਰਿਹਾ ਹੈਂ, ਆਹ ਜਿਹੜੇ ਗਾਲ੍ਹਾਂ ਕੱਢਦੇ ਨੇ, ਰੋਜ਼ ਸਾਡੀਆਂ ਵੱਢਵੀਆਂ ਕਰਦੇ ਨੇ ਇਨ੍ਹਾਂ ਦੇ ਘਰ ਕਿਉਂ ਦੁੱਗਣਾ ਆ ਜਾਏ? ਕਹਿੰਦਾ, ਤੂੰ ਕੀ ਲੈਣਾ ਹੈ, ਆਪਣੇ ਰੋਟੀ ਪਾਣੀ ਤਾਂ ਚੱਲੇ। ਉਹ ਜਿਹੜਾ ਕੁਛ ਮੰਗਦਾ ਹੈ, ਦੂਜਿਆਂ ਦੇ ਦੁੱਗਣਾ ਆ ਜਾਂਦਾ ਹੈ। ਮੱਝ ਇਕ ਮੰਗੀ, ਕੋਠੀ ਇਕ ਮੰਗੀ ਉਨ੍ਹਾਂ ਦੇ ਦੋ ਆ ਗਈਆਂ। ਜੋੜੀ ਮੰਗੀ, ਦੋ ਜੋੜੀਆਂ ਉਨ੍ਹਾਂ ਦੇ ਆ ਗਈਆਂ। ਖੂਹ ਮੰਗਿਆ, ਉਨ੍ਹਾਂ ਦੇ ਦੋ ਲੱਗ ਗਏ। ਉਹ ਤਾਂ ਰੋਟੀ ਪਾਣੀ ਛੱਡ ਬੈਠੇ ਦੋਵੇ। ਜਦੋਂ ਈਰਖਾ ਵਾਲਾ ਬੰਦਾ ਬਿਮਾਰ ਹੋਏਗਾ, ਭੁੱਖ ਹਟ ਜਾਂਦੀ ਹੁੰਦੀ ਹੈ, ਮੱਥਾ ਜਿਹੜਾ ਹੈ ਕਮਾਨ ਵਾਂਗੂੰ ਝੁਕ ਜਾਂਦੀਆਂ ਨੇ ਭਵਾਂ। ਸੜਿਆ ਹੋਇਆ

ਚਿਹਰਾ ਹੁੰਦਾ ਹੈ ਈਰਖਾਲੂ ਦਾ। ਉਹਦਾ ਸਰੀਰ ਗਲਣਾ ਸ਼ੁਰੂ ਹੋ ਜਾਂਦਾ ਹੈ। ਰੋਗ ਲਗ ਜਾਂਦਾ ਹੈ ਅੰਦਰ। ਅਖੀਰ ਕਿੰਨੇ ਦਿਨ ਲੰਘ ਗਏ, ਉਹ ਕਹਿੰਦਾ ਕੀ ਗੱਲ ਤੂੰ ਬੋਲਦੀ ਨਹੀਂ ਮੇਰੇ ਨਾਲ? ਉਹ ਕਹਿੰਦੀ, ਮੈਂ ਬੋਲਾਂ ਕੀ ਸੁਆਹ, ਆਹ ਸ਼ਰੀਕਾਂ ਦੇ ਬਿਨਾਂ ਕੁਛ ਕਰੇ ਆਹ ਦੁੱਗਣਾ ਹੋ ਗਿਆ ਆਪਣੇ ਨਾਲੋਂ। ਕਹਿੰਦਾ ਅੱਜ ਲਿੱਪ। ਮੈਂ ਅੱਜ ਤੈਨੂੰ ਦਿਖਾਵਾਂਗਾ। ਕਹਿੰਦੀ ਮੈਂ ਨਹੀਂ ਲਿਪਦੀ ਥਾਉਂ। ਹੋਰ ਮੰਗ ਲਏਂਗਾ, ਹੋਰ ਆ ਜਾਏਗਾ ਇਨ੍ਹਾਂ ਦੇ। ਕਹਿੰਦਾ, ਤੂੰ ਦੇਖ ਤਾਂ ਸਹੀ, ਜਦੋਂ ਥਾਉਂ ਲਿਖਿਆ, ਲਿੱਪ ਕੇ ਚੌਂਕੀ ਰੱਖੀ ਤੇ ਉਤੇ ਸੰਖ ਰੱਖ ਦਿਤਾ। ਸਾਮ੍ਹਣੇ ਖੜ੍ਹ ਗਿਆ, ਕਹਿੰਦਾ ਸੰਖ ਦੇਵਤਾ ਜੀ, ਤੁਸੀਂ ਕ੍ਰਿਪਾ ਕਰੋ, ਆਹ ਨਮਸ਼ਕਾਰ ਕਰਦਾ ਹਾਂ ਤੁਹਾਨੂੰ, ਮੇਰੀ ਇਕ ਅੱਖ ਕਾਣੀ ਕਰ ਦਿਓ, ਸਾਡੇ ਸਾਰੇ ਟੱਬਰ ਦੀ। ਉਹਦੀ ਇਕ ਹੋ ਗਈ ਸ਼ਰੀਕਾਂ ਦੀਆਂ ਦੋ-ਦੋ ਹੋ ਗਈਆਂ। ਕਹਿੰਦਾ ਹੁਣ ਕ੍ਰਿਪਾ ਕਰੋ ਮੇਰੇ ਦਰਵਾਜ਼ੇ 'ਚ ਖੂਹ ਲਾ ਦਿਓ। ਸ਼ਰੀਕਾਂ ਦੇ ਦੋ ਖੂਹ ਲੱਗ ਗਏ। ਆਪ ਤਾਂ ਫੱਟਾ ਧਰ ਕੇ ਲੰਘ ਗਿਆ, ਬਾਹਰ ਆ ਗਿਆ। ਉਨ੍ਹਾਂ ਨੂੰ ਮਾਰੀ ਹਾਕ। ਉਹ ਕਹਿੰਦੇ ਸਾਨੂੰ ਤਾਂ ਪਤਾ ਨਹੀਂ ਕੀ ਹੋ ਗਿਆ? ਕਹਿੰਦਾ ਬਾਹਰ ਆਓ, ਬਾਹਰ ਆਓ ਛੇਤੀ-ਛੇਤੀ। ਜਿਹੜਾ ਬਾਹਰ ਆਉਂਦਾ ਹੈ ਖੂਹ ਵਿਚ ਗਿਰੀ ਜਾਂਦਾ ਹੈ। ਕਾਣੀਆਂ ਅੱਖਾਂ ਨਾਲ ਝਾਂਕਦੇ ਨੇ, ਕਹਿੰਦਾ ਦੇਖਿਆ ਹੁਣ। ਇਹ ਈਰਖਾ ਦੀ ਬੀਮਾਰੀ ਹੈ। ਮਹਾਰਾਜ ਕਹਿੰਦੇ -

***ਜਿਸੁ ਅੰਦਰਿ ਤਾਤਿ ਪਰਾਈ ਹੋਵੈ***
***ਤਿਸ ਕਾ ਕਦੇ ਨ ਹੋਵੀ ਭਲਾ ॥ ਅੰਗ - ੩੦੮***

ਸੋ ਇਸ ਤਰ੍ਹਾਂ ਦੇ ਨਾਲ ਬੇਅੰਤ ਬਿਮਾਰੀਆਂ ਨੇ, ਪੰਜ ਚੋਰ ਵਸਦੇ ਨੇ। ਪੰਜ ਠੱਗ, ਅਖੀਰ ਸਾਰੀਆਂ ਗੱਲਾਂ ਤੋਂ ਬਾਅਦ ਮਹਾਰਾਜ ਜੀ ਕਹਿੰਦੇ -

***ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥***
***ਜਿਉ ਕੰਚਨ ਸੋਹਾਗਾ ਢਾਲੈ ॥ ਅੰਗ - ੯੩੨***

ਵੈਦ ਚਰਨਾਂ 'ਤੇ ਢਹਿ ਪਿਆ, ਸੱਚੇ ਪਾਤਸ਼ਾਹ! ਇਹ ਤਾਂ ਬਿਮਾਰੀਆਂ ਬਹੁਤ ਭਿਆਨਕ ਨੇ ਕੋਈ ਇਲਾਜ ਨਹੀਂ ਆਪ ਨੇ ਦੱਸਿਆ? ਮਹਾਰਾਜ ਕਹਿੰਦੇ, ਸਾਰੀਆਂ ਬਿਮਾਰੀਆਂ ਦਾ ਇਕੋ ਹੀ ਇਲਾਜ ਹੈ?

***ਧਾਰਨਾ - ਤੇਰੇ ਸਾਰਿਆਂ ਦੁਖਾਂ ਦੀ ਹੈ ਦਾਰੂ,***
***ਇਕੋ ਨਾਮ ਵਾਹਿਗੁਰੂ ਦਾ।***

ਕਹਿਣ ਲੱਗੇ, ਵੈਦ ਜੀ! ਚਾਹੇ ਤਾਂ ਸਰੀਰਕ ਰੋਗ ਹੋਣ, ਚਾਹੇ ਆਰਥਕ ਹੋਣ, ਚਾਹੇ ਭਾਈਚਾਰਕ ਹੋਣ, ਚਾਹੇ ਰਾਜਸੀ ਹੋਣ, ਚਾਹੇ ਮਾਨਸਿਕ। ਕੋਈ ਵੀ ਰੋਗ ਹੋਵੇ।

***ਸਰਬ ਰੋਗ ਕਾ ਅਉਖਦੁ ਨਾਮੁ ॥ ਅੰਗ - ੨੭੪***

ਕਈ ਬੰਦਿਆਂ ਦੇ ਮਨਾਂ 'ਚ ਇਹ ਖਿਆਲ ਆ ਜਾਂਦਾ ਹੈ ਕਿ ਨਾਮ ਕੋਈ ਦਵਾਈ ਹੈ, ਨਾਮ ਕੋਈ ਕੈਪਸੂਲ ਹੈ ਜਾਂ ਗੋਲੀ ਹੈ ਜਿਹਦੇ ਨਾਲ ਰੋਗੀ ਰਾਜ਼ੀ ਹੋ ਜਾਏਗਾ। ਟੀ.ਬੀ. ਦਾ ਮਰੀਜ਼ ਹੋਵੇ ਕਿਵੇਂ ਨਾਮ ਦੇ ਨਾਲ ਰਾਜ਼ੀ ਹੋ ਜਾਏਗਾ? ਕੁਝ ਗੱਲਾਂ ਸੁਣੀਆਂ ਹੁੰਦੀਆਂ ਨੇ, ਕੁਛ ਪਰਖੀਆਂ ਹੁੰਦੀਆਂ ਨੇ।

ਮੇਰੇ ਕੋਲ ਇਕ ਭਈਆ ਆਇਆ, ਈਟਾ ਜ਼ਿਲੇ ਦੇ ਰਹਿਣ ਵਾਲਾ ਸੀ, ਮੈਨਪੁਰੀ ਦਾ। ਉਹਦਾ ਭਰਾ ਇਥੇ ਟਰੈਕਟਰ ਫੈਕਟਰੀ 'ਚ ਕੰਮ ਕਰਦਾ ਸੀ, ਉਹਦਾ ਨਾਉਂ ਸੀ ਯਾਦਵ, ਲੈ ਕੇ ਆ ਗਿਆ, ਕਹਿਣ ਲੱਗਿਆ ਜੀ ਮੇਰਾ ਭਰਾ ਬੀਮਾਰ ਹੈ। ਮੈਂ ਤੁਹਾਡੇ ਦੀਵਾਨ 'ਚ ਸੁਣਿਆ ਹੈ ਕਿ ਇਲਾਜ ਹੈਗਾ ਇਹਦਾ। ਮੈਂ ਕਿਹਾ, ਗੁਟਕਾ ਲਿਆ ਹਿੰਦੀ 'ਚ। ਹਿੰਦੀ 'ਚ ਗੁਟਕੇ ਦਾ ਨਾਉਂ ਲਿਖ ਦਿਤਾ।

***ਗੁਰਿ ਪੂਰੈ ਸੰਜਮੁ ਕਰਿ ਦੀਆ ॥***
***ਨਾਨਕ ਤਉ ਫਿਰਿ ਦੂਖ ਨ ਥੀਆ ॥***
***ਅੰਗ - ੨੫੯***

ਇਹ ਤਾਂ ਸੰਜਮ ਦੱਸਣਾ ਪੈਂਦਾ ਹੈ, ਵਿਧੀ ਦੱਸਣੀ ਪੈਂਦੀ ਹੈ, ਵਿਧੀ ਤੋਂ ਬਗੈਰ ਨਹੀਂ ਕੁਛ ਹੋਇਆ ਕਰਦਾ। ਤਰੀਕਾ ਦੱਸਣਾ ਪੈਂਦਾ ਹੈ ਕਿ ਐਉਂ ਠੀਕ ਲੱਗ ਜਾਏਗਾ ਇਹਨੂੰ। ਉਹ ਆਇਆ ਤਾਂ ਮੈਂ ਗੁਟਕਾ ਲਿਆ, ਮੈਂ ਕਿਹਾ ਦੇਖ। ਐਹ ਸ਼ਬਦ ਨੂੰ ਐਸ ਵਿਧੀ ਨਾਲ ਪੜ੍ਹਨਾ ਹੈ, ਪੜ੍ਹੀ ਜਾਈਂ ਤੂੰ, ਤੇਰੇ ਘਰ ਵਿਚ ਸ਼ਰਾਬ ਨਾ ਆਵੇ, ਮਾਸ ਨਾ ਆਵੇ, ਆਂਡਾ ਨਾ ਆਵੇ, ਬੀੜੀ ਨਾ ਆਵੇ ਤੇ ਇਕ ਗੱਲ ਕਰਿਆ ਕਰੀਂ, ਗੁਰਦੁਆਰਾ ਹੈ ਤੁਹਾਡੇ ਕੋਲ? ਕਹਿੰਦਾ 15 ਮੀਲ 'ਤੇ ਹੈ ਸਾਡੇ ਕੋਲੋਂ ਗੁਰਦੁਆਰਾ। ਮੈਂ ਕਿਹਾ ਸੱਤ ਦਿਨਾਂ ਬਾਅਦ ਉਥੇ ਜਾ ਕੇ ਝਾੜੂ ਦੇਈਂ। ਪੈਦਲ ਜਾਏਂਗਾ, ਸਾਈਕਲ 'ਤੇ? ਕਹਿੰਦਾ ਸਾਇਕਲ ਤੇ। ਮੈਂ ਕਿਹਾ ਜਦੋਂ ਜਾਏਂਗਾ ਤੇ ਜਦ ਤੈਨੂੰ ਮਿਲੇ ਨਾ ਤੇਰੇ ਦੇਸੀ ਬੰਦੇ, ਤੂੰ ਐਸ ਤਰ੍ਹਾਂ ਕਰੀ, ਪਹਿਲਾਂ ਤਾਂ ਕਰਦਾ ਜਾਈਂ ਧੰਨ ਗੁਰੂ ਨਾਨਕ-ਧੰਨ ਗੁਰੂ ਨਾਨਕ, ਜਦੋ ਉਹ ਮਿਲੇ ਤਾਂ ਤੂੰ ਉਚੀ ਦੇ ਕੇ ਕਹਿ ਦਿਆ ਕਰੀਂ ਕਿ ਬੋਲ ਗੁਰੂ ਨਾਨਕ ਦੇਵ ਕੀ ਜੈ। ਕਹਿੰਦਾ ਠੀਕ ਹੈ ਜੀ। ਮੈਂ ਕਿਹਾ, ਆਹ ਸ਼ਬਦ ਦਾ ਜਿਹੜਾ ਜਲ ਹੈ ਇਹ ਪੀ ਲਿਆ ਕਰੀਂ। 25 ਦਿਨ ਬਾਅਦ ਆਇਆ ਉਹਦਾ ਭਰਾ। ਕਹਿੰਦਾ ਜੀ ਮੈਨੂੰ ਤੁਸੀਂ ਪਛਾਣ ਲਿਆ? ਮੈਂ ਕਿਹਾ ਤੂੰ ਕੌਣ ਹੈ? ਕਹਿੰਦਾ ਜੀ ਮੈਂ ਜਿਹੜਾ ਆਪਣੇ ਭਰਾ ਨੂੰ ਲੈ ਕੇ ਆਇਆ ਸੀ? ਮੈਂ ਵਿਧੀ ਭੁਲ ਗਿਆ, ਮੈਂ ਕਿਹਾ ਉਹ ਕਿੱਥੇ ਹੈ? ਕਹਿੰਦਾ ਉਹ ਤਾਂ ਮੈਂ ਘਰ ਨਹੀਂ ਜਾਣ ਦਿਤਾ ਤੇ ਮੈਂ ਇਥੇ ਹੀ ਰੱਖ ਲਿਆ ਆਪਣੇ ਕੋਲ ਹੀ। ਮੈਂ ਕਿਹਾ ਆਹ ਵਿਧੀ ਹੈ, ਜਾ ਕੇ ਕਰਿਆ ਤੇ ਫੇਰ ਸਵਾ ਮਹੀਨਾ ਲੰਘ ਗਿਆ। ਲੈ ਕੇ ਆਇਆ ਕਹਿੰਦਾ ਪਛਾਣਦੇ ਓਂ ਇਹਨੂੰ। ਇਹ ਮੇਰਾ ਭਰਾ ਓਹੀ ਹੈ ਜਿਹੜਾ ਬਿਮਾਰ ਸੀ। ਮੈਂ ਕਿਹਾ ਇਹਨੂੰ ਬੀਮਾਰੀ ਕੀ ਸੀ? ਕਹਿੰਦਾ ਜੀ ਬਿਮਾਰੀ? ਪਹਿਲਾਂ ਤਾਂ ਕਾਸ਼ੀ ਇਲਾਜ ਕਰਾਇਆ, ਫੇਰ ਅਸੀਂ ਕਰਾਇਆ ਵਲਿੰਗਟਨ ਹਾਸਪੀਟਲ ਦਿੱਲੀ, ਪੈਸਾ ਸਭ ਖਤਮ ਹੋ ਗਿਆ। ਫੇਰ ਅਸੀਂ ਪੀ.ਜੀ.ਆਈ ਆ ਗਏ। ਇਥੇ ਕੋਈ ਪ੍ਰੇਮੀ ਮਿਲਿਆ ਕਹਿੰਦਾ

ਪਿਆਰਿਆ! ਤੂੰ ਨਾਮ ਦੀ ਦਵਾਈ ਲੈ ਲੈ। ਕਹਿੰਦਾ, ਇਹਨੂੰ ਤੀਸਰੀ ਸਟੇਜ ਦੀ ਟੀ.ਬੀ ਹੋ ਗਈ ਸੀ। ਫੇਫੜੇ ਗਲ ਗਏ ਸੀ ਅਸੀਂ ਕਹਿੰਦੇ ਸੀ ਕਿ ਇਹ ਮਰ ਜਾਵੇ ਤਾਂ ਚੰਗਾ ਹੈ। ਮੈਂ ਕਿਹਾ, ਹੁਣ ਕਿਵੇਂ ਹੈ? ਕਹਿੰਦੇ, ਆਹ ਐਕਸਰੇ ਸਾਡੇ ਕੋਲ ਪੁਰਾਣੇ ਨੇ, ਨਵੀਂ ਐਕਸਰੇ ਅਸੀਂ ਲੈ ਕੇ ਆਏ ਹਾਂ ਡਾਕਟਰ ਕਹਿੰਦੇ ਤੇਰੇ ਤਾਂ ਕੋਈ ਚਿੰਨ੍ਹ ਹੀ ਨਹੀਂ ਹੈ ਟੀ.ਬੀ. ਦਾ ਅੰਦਰ। ਕੋਈ ਨਿਸ਼ਾਨ ਨਹੀਂ ਤੇਰੇ ਫੇਫੜਿਆਂ ਦੇ ਉਤੇ। ਮੈਂ ਹੈਰਾਨ ਹੋ ਗਿਆ ਕਿ ਗੁਰੂ ਮਹਾਰਾਜ ਸੱਚੇ ਪਾਤਸ਼ਾਹ ਦੀ ਬਾਣੀ 'ਚ ਕਿੰਨੀ ਤਾਕਤ ਹੈ। ਆਹ ਤੀਸਰੀ ਸਟੇਜ ਦੀ ਟੀ.ਬੀ. ਖਤਮ ਹੋ ਗਈ।

ਇਸੇ ਤਰ੍ਹਾਂ ਇਕ ਬੀਬੀ ਆਈ ਆਪਣੇ ਇਲਾਕੇ ਦੀ ਹੈ, ਘਰਵਾਲਾ ਸੂਬੇਦਾਰ ਸੀ, ਇਥੇ ਰਾੜੇ ਸਾਹਿਬ ਬਹੁਤ ਆਇਆ ਕਰਦੀ ਸੀ, ਕਹਿਣ ਲੱਗੀ ਵੀਰ ਜੀ! ਮੈਂ ਬਹੁਤ ਬਿਮਾਰ ਹਾਂ, ਬੜੀ ਮੁਸ਼ਕਲ ਨਾਲ ਤੁਹਾਡੇ ਕੋਲ ਆਉਂਦੀ ਹਾਂ। ਮੈਨੂੰ ਲੈ ਕੇ ਆਉਂਦੇ ਨੇ। ਮੈਂ ਪੁੱਛਿਆ ਕੀ ਹੈ? ਪੰਜ ਸੱਤ ਵਾਰੀ ਉਹਨੇ ਦੱਸਿਆ, ਮੈਂ ਗੌਲਿਆ ਨਾ। ਅਖੀਰ ਕਹਿਣ ਲੱਗੀ ਕਿ ਮੈਂ ਤਾਂ ਇਥੇ ਹੀ ਰਹਿਣ ਲਗ ਜਾਣਾ ਹੈ। ਮੈਨੂੰ ਦੱਸੋ, ਕੋਈ ਤਰੀਕਾ, ਮੈਂ ਕਿਹਾ ਬੀਬੀ ਤੇਰੇ ਪਾਠ ਯਾਦ ਹੈ। ਕਹਿੰਦੀ ਹਾਂ। ਮੈਂ ਕਿਹਾ, ਬੀਮਾਰੀ ਕੀ ਹੈ? ਕਹਿੰਦੀ ਕੀ ਦੱਸਾਂ, ਜਿਹੜੀ ਬੀਮਾਰੀ ਦਾ ਨਾਉਂ ਲਓਂਗੇ ਉਹ ਸਾਰੀਆਂ ਹੀ ਮੈਨੂੰ ਨੇ। ਕਹਿੰਦੀ ਮੇਰੀਆਂ ਦੋਵੇਂ ਅੱਖਾਂ ਬੰਦ ਨੇ, ਡਾਕਟਰਾਂ ਨੇ ਕਹਿ ਦਿਤਾ ਅੱਖਾਂ ਦੀ ਨਾੜੀ ਪਿਚਕ ਗਈ, ਹੁਣ ਨਹੀਂ ਦਿਸਣਾ। ਆਪਰੇਸ਼ਨ ਨਹੀਂ ਹੁੰਦਾ ਮੇਰਾ ਕਿਉਂਕਿ ਮੇਰਾ ਬਲੱਡ ਪਰੈਸ਼ਰ 240 ਹੈ, 260 ਹੋ ਜਾਵੇ ਆਦਮੀ ਦੀ ਦਿਮਾਗ ਦੀ ਨਾੜੀ ਫਟ ਜਾਂਦੀ ਹੈ। ਕਹਿੰਦੀ ਜਦੋਂ ਮੈਨੂੰ ਲੈ ਕੇ ਜਾਂਦੇ ਨੇ ਆਪਰੇਸ਼ਨ ਕਰਨ ਵਾਸਤੇ, ਉਥੇ ਜਦੋਂ ਮੇਰਾ ਬਲੱਡ ਪਰੈਸ਼ਰ ਚੈਕ ਕਰਦੇ ਨੇ, 240 ਇਕ ਦਮ ਚੜ੍ਹ ਜਾਂਦਾ ਹੈ ਫੇਰ ਮੈਨੂੰ ਛੱਡ ਦਿੰਦੇ ਨੇ। ਇਥੇ ਹੀ ਬੱਸ ਨਹੀਂ ਮੇਰੀ ਬਲੱਡ ਸ਼ੂਗਰ ਵੀ 240 ਹੈ। ਬਲੱਡ ਸ਼ੂਗਰ ਜੇ ਐਨੀ ਹੋਵੇ ਤਾਂ ਜ਼ਖਮ ਨਹੀਂ ਰਾਜ਼ੀ ਹੁੰਦਾ। ਆਪਰੇਸ਼ਨ ਮੇਰਾ ਹੋ ਨਹੀਂ ਸਕਦਾ, ਮਿਹਦੇ ਦੇ ਵਿਚ ਮੇਰੇ ਰਸ਼ੌਲੀ ਹੈ, ਰੀੜ੍ਹ ਦੀ ਹੱਡੀ ਵਿਚ ਮੇਰੇ ਕਰੈਕ ਹੈ ਤੇ ਗੁਰਦੇ ਦੇ ਵਿਚ ਮੇਰੇ ਪੱਥਰੀ ਹੈ। ਮੈਂ ਕਿਹਾ ਬੀਬੀ ਫੇਰ ਤਾਂ ਮਿਹਨਤ ਕਰਨੀ ਪਏਗੀ। ਤੈਨੂੰ ਪਾਠ ਦੱਸ ਦਿੰਦੇ ਹਾਂ ਕਰੀ ਜਾ। ਡੇਰੇ ਰਹਿ। ਆਪੇ ਅਸੀਂ ਤੇਰੀ ਦੇਖਭਾਲ ਕਰਾਂਗੇ। ਕਹਿੰਦੀ ਮੈਨੂੰ ਮਾੜਾ ਜਿਹਾ ਧੁੱਪ ਛਾਉਂ ਇਕ ਅੱਖ ਨਾਲ ਦਿਸਦੀ ਹੈ। ਕਿਰਿਆ ਮੈਂ ਕਰ ਲਿਆ ਕਰਾਂਗੀ। ਮੈਂ ਕਿਹਾ ਠੀਕ ਹੈ। ਡੇਰੇ ਵਿਚ ਆ ਗਈ, ਪਾਠ ਦੱਸ ਦਿਤਾ। ਸਵੇਰੇ ਦੋ ਵਜੇ ਉਠਿਆ ਕਰਦੀ ਸੀ, ਦੋ ਤੋਂ ਸੱਤ ਵਜੇ ਤੱਕ ਉਹਨੇ ਪਾਠ ਕਰਨਾ, ਉਸ ਤੋਂ ਬਾਅਦ ਕਿਸੇ ਨਾਲ ਨਹੀਂ ਸੀ ਬੋਲਦੀ, ਫੇਰ ਬਰਤਨ ਸਾਫ ਕਰੀ ਜਾਣੇ, ਝਾੜੂ ਦੇਈ ਜਾਣੇ। ਕੰਮ ਕਰੀ ਜਾਣਾ, ਸਬਜ਼ੀਆਂ ਕੱਟੀ ਜਾਣੀਆਂ। ਸੇਵਾ ਵੀ ਐਵੇਂ ਨਹੀਂ ਹੁੰਦੀ। ਸੇਵਾ ਬੜੀ ਵੱਡੀ ਚੀਜ਼ ਹੈ। ਉਸ ਤੋਂ ਬਾਅਦ ਜਦੋਂ ਵੀਹ ਦਿਨ ਲੰਘ ਗਈ, ਮੈਨੂੰ ਹਾਕ ਮਾਰੀ ਕਹਿੰਦੀ ਵੀਰ ਜੀ, ਉਰ੍ਹੇ ਆਇਓ। ਮੈਨੂੰ ਤਾਂ ਦਿਸਣ ਲੱਗ ਗਿਆ, ਤੁਹਾਡਾ ਚਿਹਰਾ ਹੁਣ ਦਿਸਦਾ ਹੈ ਪੂਰਾ। ਮੈਂ ਬਹੁਤ ਖੁਸ਼ ਹਾਂ ਮੇਰੀ ਅੱਖ ਖੁਲ੍ਹ ਗਈ। ਜੇ ਮੈਨੂੰ ਹੁਕਮ ਦੇਵੋਂ ਤਾਂ ਮੈਂ ਪੀ.ਜੀ.ਆਈ ਚੈਕ ਕਰਾ ਆਵਾਂ? ਬਲੱਡ ਪਰੈਸ਼ਰ ਦੂਜਾ। ਮੈਂ ਕਿਹਾ ਜਾ ਆਇਆ। ਇੰਤਜ਼ਾਮ ਕਰ ਦਿਤਾ। ਪੀ.ਜੀ.ਆਈ ਗਈ ਬਹੁਤ ਖੁਸ਼, ਕੋਠੀ ਆ ਗਈ ਕਹਿੰਦੀ ਮੇਰਾ ਬਲੱਡ ਪਰੈਸ਼ਰ ਨਾਰਮਲ, ਬਲੱਡ ਸ਼ੂਗਰ ਵੀ ਨਾਰਮਲ ਹੈ। ਡਾਕਟਰ ਕਹਿੰਦੇ ਕਿ ਕੀ ਦਵਾਈ ਖਾਧੀ ਹੈ? ਮੈਂ ਕਿਹਾ, ਦਵਾਈ ਤਾਂ ਕੋਈ ਨਹੀਂ ਖਾਧੀ, ਮੈਂ ਗੁਰਦੁਆਰੇ ਕਰਦੀ ਹਾਂ ਸੇਵਾ ਤੇ ਉਥੇ ਅਖੰਡਪਾਠ ਚਲਦੇ ਨੇ, ਰੋਜ਼ ਤਾਂ ਸਾਨੂੰ ਪ੍ਰਸ਼ਾਦ ਮਿਲਦਾ ਹੈ ਇਕ ਦਿਨ ਮੱਧ ਦਾ ਇਕ ਦਿਨ ਭੋਗ ਦਾ, ਇਕ ਦਿਨ ਨਵੇਂ ਪਾਠ ਰੱਖਣ ਦਾ। ਤਿੰਨ ਵਾਰੀ ਮਿਲਦਾ ਹੈ। ਬਾਕੀ ਗਰਮੀਆਂ ਦਾ ਮਹੀਨਾ ਹੋਣ ਕਰਕੇ ਲੱਡੂ, ਜਲੇਬੀਆਂ ਵਿਆਹ ਹੁੰਦੇ ਨੇ ਆਈ ਜਾਂਦੇ ਨੇ। ਗੁੜ ਅਸੀਂ ਖਾਂਦੇ ਹਾਂ, ਰੋਟੀ ਤੋਂ ਬਾਅਦ। ਦੁੱਧ ਵੀ ਹੈ, ਘਿਉ ਵੀ ਹੈ ਸਭ ਕੁਛ ਹੈ। ਕਹਿੰਦੇ ਇਹ ਤਾਂ ਸ਼ੂਗਰ ਕਰਨ ਵਾਲੀਆਂ ਨੇ ਚੀਜ਼ਾਂ ਸਾਰੀਆਂ। ਕਹਿੰਦੀ, ਦੇਖ ਲਓ ਮੈਂ ਤਾਂ ਸੱਚ ਬੋਲਦੀ ਹਾਂ। ਖੁਸ਼ ਹੋਈ ਫਿਰੀ। ਨੌਂ ਮਹੀਨੇ ਜਦੋਂ ਹੋ ਗਏ, ਇਕ ਕਾਗਜ਼ ਵਿਚ ਪੱਥਰ ਪਾਈ ਫਿਰੇ, ਛੋਟੀਆਂ-ਛੋਟੀਆਂ ਰੋੜੀਆਂ। ਮੈਂ ਕਿਹਾ ਇਹ ਕੀ ਹੈ। ਕਹਿੰਦੀ ਅੱਜ ਜਿਹੜਾ ਮੇਰੇ ਅੰਦਰ ਜਿਹੜਾ ਪੱਥਰ ਸੀ ਗੁਰਦੇ 'ਚੋਂ ਨਿਕਲ ਗਿਆ ਤਿੰਨ ਟੁਕੜੇ ਹੋ ਕੇ। ਮੈਂ ਅਮਰੀਕਾ ਨੂੰ ਚਲਿਆ ਗਿਆ, ਜਦੋਂ ਮੈਂ ਮੁੜ ਕੇ ਆਇਆ। ਜਨਵਰੀ 'ਚ, ਉਹ ਬੜੀ ਉਦਾਸ ਬੈਠੀ, ਮੈਂ ਕਿਹਾ ਕੀ ਗੱਲ, ਤੂੰ ਉਦਾਸ ਹੈਂ? ਕਹਿੰਦੀ, ਹੁਣ ਸਮਾਂ ਤਾਂ ਨੇੜੇ ਹੀ ਆ ਗਿਆ, ਤੁਸੀਂ ਸਾਲ ਭਰ ਕਿਹਾ ਸੀ ਮੈਨੂੰ। ਸਾਲ ਹੋ ਗਿਆ ਤੇ ਮੈਂ ਹੁਣ ਕਾਣੀਓਂ ਜਾਉਂ ਘਰ ਨੂੰ। ਮੈਂ ਕਿਹਾ ਦੇਖ ਬੀਬੀ ਚਾਰ ਮਹੀਨੇ ਹੋਰ ਠਹਿਰ, ਇਹ ਹੋ ਨਹੀਂ ਸਕਦਾ ਕਿ ਗੁਰੂ ਸ਼ਬਦ ਜਿਹੜਾ ਹੈ ਤੈਨੂੰ ਰਾਜ਼ੀ ਨਾ ਕਰੇ। ਇਹ ਤਾਂ ਮਹਾਰਾਜ ਜੀ ਨੇ ਜਦੋਂ ਲਿਖ ਦਿਤਾ -

***ਸਰਬ ਰੋਗ ਕਾ ਅਉਖਦੁ ਨਾਮੁ ॥   ਅੰਗ - ੨੭੪***

***ਹਰਿ ਅਉਖਧੁ ਸਭ ਘਟ ਹੈ ਭਾਈ ॥***
***ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥***

***ਅੰਗ - ੨੫੯***

ਉਹ ਦਵਾਈ ਤਾਂ ਵਾਹਿਗੁਰੂ ਨੇ ਅੰਦਰ ਰੱਖੀ ਹੋਈ ਹੈ। ਨਾਮ ਜਿਹਨੂੰ ਕਹਿੰਦੇ ਨੇ -

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ ॥***
***ਸੁੰਨ ਸਮਾਧਿ ਅਨਹਤ ਤਹ ਨਾਦ ॥***
***ਕਹਨੁ ਨ ਜਾਈ ਅਚਰਜ ਬਿਸਮਾਦ॥***

***ਅੰਗ - ੨੯੩***

20 ਜਨਵਰੀ ਨੂੰ ਉਹਦੀ ਦੂਜੀ ਅੱਖ ਖੁਲ੍ਹ ਗਈ। ਖੁਸ਼ੀਆਂ ਹੋ ਗਈਆਂ ਘਰ। ਦੋ ਸਾਲ ਦੀ ਬੰਦ ਹੋਈ ਅੱਖ ਤੋਂ ਮੁੜ ਕੇ ਦਿਸਣ ਲੱਗ ਗਿਆ। ਉਸ ਤੋਂ ਬਾਅਦ ਕਾਹਲੀ ਪੈ ਗਈ ਕਿ ਮੇਰੀ ਪੋਤੀ ਦਾ ਇਮਤਿਹਾਨ ਹੈ, ਮੈਂ ਕਿਹਾ ਤੂੰ ਜਾਹ ਨਾ, ਅਜੇ ਚਾਰ ਮਹੀਨੇ ਪੂਰੇ ਕਰ, ਕਹਿੰਦੀ ਨਾ ਮੇਰੀ ਤਾਂ ਪੋਤੀ ਦਾ ਇਮਤਿਹਾਨ ਹੈ, ਮੈਂ ਕਿਹਾ ਹੁਣ ਪੋਤੀ ਤੈਨੂੰ ਨਜ਼ਰ ਆ ਗਈ। ਮੈਂ ਕਿਹਾ, ਜਾਹ ਤੂੰ। ਗਈ ਤਾਂ ਡੇਢ ਨੰਬਰ ਲੱਗਿਆ ਐਨਕ ਦਾ। ਮੈਂ ਕਿਹਾ, ਬੀਬੀ ਜੇ ਚਾਰ ਮਹੀਨੇ ਪੂਰੇ ਕਰਦੀ ਨਾ ਤਾਂ ਤੈਨੂੰ ਗੁਰੂ ਸਾਹਿਬ ਨੇ ਬਿਲਕੁਲ ਬੱਚਿਆਂ ਵਾਲੀ ਅੱਖ ਦੇਣੀ ਸੀ। ਸੋ ਇਹ ਤਾਂ ਹੁੰਦੀਆਂ ਨੇ ਹੱਡ-ਬੀਤੀਆਂ ਗੱਲਾਂ। ਕੁਛ ਹੁੰਦੀਆਂ ਨੇ ਸੁਣੀਆਂ-ਸੁਣਾਈਆਂ। ਸੋ ਮਤਲਬ ਕੀ ਹੈ -

***ਸਰਬ ਰੋਗ ਕਾ ਅਉਖਦੁ ਨਾਮੁ ॥ ਅੰਗ - ੨੭੪***

ਸਾਰੀਆਂ ਬਿਮਾਰੀਆਂ ਨਿੰਦਿਆ, ਚੁਗਲੀ, ਈਰਖਾ, ਹਉਮੈ ਸਭ ਦਾ ਇਲਾਜ ਜੇ ਕੋਈ ਹੈ ਤਾਂ -

***ਸਰਬ ਰੋਗ ਕਾ ਅਉਖਦੁ ਨਾਮੁ ॥ ਅੰਗ - ੨੭੪***

ਪਰ ਇਹ ਜਿਹੜਾ ਨਾਮ ਹੈ ਸਾਧਸੰਗਤ ਜੀ ਇਹ ਲੱਭਦਾ ਨਹੀਂ ਹੈ। ਇਹ ਪੂਰਾ ਗੁਰੂ ਮਿਲੇ ਤਾਂ ਜਾ ਕੇ ਕਿਤੇ ਨਾਮ ਦੀ ਦਾਤ ਪ੍ਰਾਪਤ ਹੁੰਦੀ ਹੈ।

***ਧਾਰਨਾ - ਨਾਮ ਪੂਰਿਆਂ ਗੁਰਾਂ ਤੋਂ ਮਿਲਦਾ***
***ਕਰਕੇ ਵਿਚਾਰ ਦੇਖ ਲੈ।***

*ਜਿਸੁ ਵਖਰ ਕਉ ਲੈਨਿ ਤੂ ਆਇਆ ॥*
*ਰਾਮ ਨਾਮੁ ਸੰਤਨ ਘਰਿ ਪਾਇਆ ॥*
*ਤਜਿ ਅਭਿਮਾਨੁ ਲੇਹੁ ਮਨ ਮੋਲਿ ॥*
*ਰਾਮ ਨਾਮੁ ਹਿਰਦੇ ਮਹਿ ਤੋਲਿ ॥*
*ਲਾਦਿ ਖੇਪ ਸੰਤਹ ਸੰਗਿ ਚਾਲੁ ॥*
*ਅਵਰ ਤਿਆਗਿ ਬਿਖਿਆ ਜੰਜਾਲ ॥*
*ਧੰਨਿ ਧੰਨਿ ਕਹੈ ਸਭੁ ਕੋਇ ॥*
*ਮੁਖ ਊਜਲ ਹਰਿ ਦਰਗਹ ਸੋਇ ॥*
*ਇਹੁ ਵਾਪਾਰੁ ਵਿਰਲਾ ਵਾਪਾਰੈ ॥*
*ਨਾਨਕ ਤਾ ਕੈ ਸਦ ਬਲਿਹਾਰੈ ॥ ਅੰਗ - ੨੮੩*

ਸਮਰੱਥ ਗੁਰੂ ਹੋਵੇ -

*ਬਿਨੁ ਸਤਿਗੁਰ ਨਾਉ ਨ ਪਾਈਐ*
*ਬੁਝਹੁ ਕਰਿ ਵੀਚਾਰੁ ॥*
*ਨਾਨਕ ਪੂਰੈ ਭਾਗਿ ਸਤਿਗੁਰੁ ਮਿਲੈ*
*ਸੁਖੁ ਪਾਏ ਜੁਗ ਚਾਰਿ ॥ ਅੰਗ - ੬੪੯*

ਹੁਣ ਨਾਮ ਨਹੀਂ ਮਿਲਦਾ ਗੁਰੂ ਤੋਂ ਬਗੈਰ, ਗੁਰੂ ਨਹੀਂ ਮਿਲਦਾ ਪੂਰੇ ਭਾਗਾਂ ਤੋਂ ਬਗੈਰ। ਮੱਥੇ 'ਚ ਲਿਖਿਆ ਹੋਵੇ -

*ਜਿਨ ਮਸਤਕਿ ਧੁਰਿ ਹਰਿ ਲਿਖਿਆ*
*ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ ॥*

*ਅੰਗ - ੪੫੦*

ਅਸੀਂ ਕਹਿੰਦੇ ਹਾਂ ਜੀ ਸਾਨੂੰ ਤਾਂ ਮਿਲ ਗਿਆ, ਅਸੀਂ ਤਾਂ ਗੁਰੂ ਨਾਨਕ ਸਾਹਿਬ ਨੂੰ ਗੁਰੂ ਮੰਨਦੇ ਹਾਂ। ਐਉਂ ਨਹੀਂ ਗੱਲ ਬਣਿਆ ਕਰਦੀ। ਗੁਰੂ ਮੰਨਣ ਨਾਲ ਨਹੀਂ ਹੁੰਦਾ। ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਤਲਵੰਡੀ ਸਾਬੋ ਜਿਹਨੂੰ ਦਮਦਮਾ ਸਾਹਿਬ ਕਹਿੰਦੇ ਨੇ, ਡੱਲਾ ਬੜੀ ਸੇਵਾ ਕਰਦਾ ਹੈ, ਇਕ ਦਿਨ ਸਾਰੀ ਰਾਤ ਪਹਿਰੇ ਤੇ ਰਿਹਾ, ਗੁਰੂ ਮਹਾਰਾਜ ਨੇ ਚਾਰ ਵਾਰੀ ਬੁਲਾਇਆ, ਪਹਿਰੇ 'ਤੇ ਕੌਣ ਹੈ? ਮੈਂ ਜੀ ਡੱਲਾ। ਸਰਦਾਰ ਸੀ ਓਸ ਇਲਾਕੇ ਦਾ, ਫੌਜਾਂ ਰੱਖਿਆ ਕਰਦਾ ਸੀ, ਮਹਾਰਾਜ ਪ੍ਰਸੰਨ ਹੋ ਗਏ ਕਹਿੰਦੇ ਡੱਲਿਆ ਸਾਨੂੰ ਸਵੇਰੇ ਮਿਲੀਂ। ਬੜਾ ਖੁਸ਼ ਹੋ ਗਿਆ ਅੱਜ ਪਤਾ ਨਹੀਂ ਗੁਰੂ ਮਹਾਰਾਜ ਮੈਨੂੰ ਕੀ ਬਖਸ਼ਿਸ਼ਾਂ ਕਰ ਦੇਣਗੇ। ਉਸ ਤੋਂ ਬਾਅਦ ਜਦੋਂ ਗੁਰੂ ਮਹਾਰਾਜ ਨੂੰ ਮਿਲਿਆ ਤਾਂ ਕਹਿੰਦੇ ਦੱਸ ਡੱਲਿਆ! ਕੀ ਦੇਈਏ ਤੈਨੂੰ? ਦਿੱਲੀ ਦਾ ਤਖਤ ਦਿਵਾ ਦੇਈਏ? ਕਹਿੰਦਾ ਨਹੀਂ ਮਹਾਰਾਜ। ਰਿੱਧੀਆਂ-ਸਿੱਧੀਆਂ? ਕਹਿੰਦਾ ਨਹੀਂ ਮਹਾਰਾਜ। ਕਹਿੰਦੇ, ਫੇਰ ਤੂੰ ਦੱਸ ਦੇ ਤੂੰ ਕੀ ਲੈਣਾ ਹੈ? ਕਹਿੰਦਾ, ਮਹਾਰਾਜ ਮੈਨੂੰ ਆਪਣੀ ਦਰਗਾਹ 'ਚ ਪੀੜ੍ਹੀ ਜੋਗਾ ਥਾਉਂ ਦੇ ਦਿਓ। ਮਹਾਰਾਜ ਕਹਿੰਦੇ, ਡੱਲਿਆ! ਪੀੜ੍ਹੀ ਜੋਗਾ, ਜੇ ਤੂੰ ਐਉਂ ਮੰਗਦਾ ਨਾ ਕਿ ਮੈਨੂੰ ਸੂਈ ਦੇ ਨੱਕੇ ਤੇ ਜਿੰਨਾ ਥਾਉਂ ਚੜ੍ਹਦਾ ਹੈ ਓਨਾ ਦੇ ਦਿਓ। ਓਹ ਵੀ ਨਹੀਂ ਤੈਨੂੰ ਮਿਲ ਸਕਦਾ ਸੀ। ਕਹਿਣ ਲੱਗਿਆ, ਮਹਾਰਾਜ! ਫੇਰ ਤੁਸੀਂ ਤਾਂ ਮੇਰੇ ਤੇ ਬੜੇ ਪ੍ਰਸੰਨ ਹੋਏ ਸੀ। ਕਹਿੰਦੇ, ਦੁਨੀਆਂ ਮੰਗ ਲੈ, ਦੁਨੀਆਂ ਦੇ ਦੇਵਾਂਗੇ, ਦਰਗਾਹ ਦੇ ਵਿਚ ਨਹੀਂ ਤੂੰ ਸਾਡੀ ਜਾ ਸਕਦਾ। ਜਾਹ ਕਿਸੇ ਗੁਰਸਿੱਖ ਨੂੰ ਪੁੱਛ ਲੈ। ਬਾਹਰ ਚਲਿਆ ਗਿਆ ਪੁੱਛਿਆ ਕਿ ਮੈਨੂੰ ਐਉਂ ਕਹਿ ਦਿਤਾ ਗੁਰੂ ਸਾਹਿਬ ਨੇ? ਕਹਿੰਦੇ, ਪਿਆਰਿਆ! ਜਦੋਂ ਤਕ ਗੁਰੂ ਤੋਂ ਤੂੰ ਪੂਰੀ ਵਿਧੀ ਨਾਲ ਨਾਮ ਨਹੀਂ ਨਾ ਲੈ ਲੈਂਦਾ। ਓਨੀਂ ਦੇਰ ਤੱਕ ਤੇਰਾ ਤੇ ਗੁਰੂ ਦਾ ਸੰਜੋਗ ਨਹੀਂ ਬਣਦਾ। ਦੁਨੀਆਂ ਦੀਆਂ ਚੀਜ਼ਾਂ ਮਿਲ ਜਾਣਗੀਆਂ। ਪਰ ਰੂਹਾਨੀ ਸਬੰਧ ਨਹੀਂ ਹੋਇਆ ਕਰਦਾ। ਜੇ ਤੂੰ ਰੂਹਾਨੀ ਸਬੰਧ ਗੁਰੂ ਦੇ ਨਾਲ ਬਣਾਉਣਾ ਹੈ ਤਾਂ ਤੈਨੂੰ ਨਾਮ ਲੈਣਾ ਪਵੇਗਾ। ਨਾਮ ਦਿੰਦੇ ਨੇ ਪੰਜ ਪਿਆਰੇ, ਪਹਿਲਾਂ ਅੰਮ੍ਰਿਤ ਛਕਾਉਂਦੇ ਨੇ, ਉਸ ਤੋਂ ਬਾਅਦ ਫੇਰ ਗੁਰੂ ਦੀ ਦਰਗਾਹ ਮਿਲਦੀ ਹੈ। ਗੁਰੂ ਕਲਗੀਧਰ ਨੂੰ ਜੇ ਤੂੰ ਮਿਲਣਾ ਹੈ ਤਾਂ ਸੁਣ ਲੈ ਤੂੰ -

***ਧਾਰਨਾ - ਜੇ ਮਿਲਣੈ ਕਲਗੀਆਂ ਵਾਲੇ ਨੂੰ,***
***ਜੇ ਮਿਲਣੈ ਵਾਜਾਂ ਵਾਲੇ ਨੂੰ,***
***ਖੰਡੇ ਦਾ ਅੰਮ੍ਰਿਤ ਛਕ ਲੈ।***

***ਹਰਿ ਸੱਚੇ ਤਖਤ ਰਚਾਇਆ ਸਤਿ ਸੰਗਤਿ ਮੇਲਾ।***
***ਨਾਨਕ ਨਿਰਭਉ ਨਿਰੰਕਾਰੁ ਵਿਚਿ ਸਿਧਾਂ ਖੇਲਾ।***
***ਗੁਰੁ ਸਿਮਰਿ ਮਨਾਈ ਕਾਲਕਾ ਖੰਡੇ ਕੀ ਵੇਲਾ।***

*ਪੀਵਹੁ ਪਾਹੁਲ ਖੰਡਧਾਰ ਹੁਇ ਜਨਮ ਸੁਹੇਲਾ।*
*ਗੁਰ ਸੰਗਤਿ ਕੀਨੀ ਖ਼ਾਲਸਾ ਮਨਮੁਖੀ ਦੁਹੇਲਾ।*
*ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ।*
*ਭਾਈ ਗੁਰਦਾਸ ਜੀ, ਵਾਰ 41/1*

ਡੱਲਿਆ! ਨਾਮ ਮਿਲਦਾ ਹੈ ਪੰਜ ਪਿਆਰਿਆ ਤੋਂ। ਪੰਜ ਪਿਆਰਿਆਂ ਤੋਂ ਨਾਮ ਲੈਣ ਵਾਸਤੇ ਹਰ ਸੂਰਤ ਦੇ ਵਿਚ ਅੰਮ੍ਰਿਤ ਛਕਣਾ ਪੈਣਾ ਹੈ। ਤੂੰ ਜੇ ਗੁਰੂ ਸਾਹਿਬ ਤੋਂ ਦਰਗਾਹ ਦੇ ਵਿਚ ਥਾਉਂ ਲੈਣਾ ਹੈਂ, ਭੌਰਾ ਕੁ ਕਿਉਂ ਮੰਗਦਾ ਹੈ, ਪੀੜ੍ਹੀ ਜੋਗਾ –

*ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥*
*ਅੰਗ – ੫੧੭*

ਮੁਰੱਬੇ ਰੋਕ ਲਈ ਬੇਸ਼ੱਕ ਦਰਗਾਹ 'ਚ। ਗੁਰੂ ਦਾ ਬਣ ਸਹੀ। ਸਤਿਕਾਰ ਕਰਨ ਤੇ ਮੱਥੇ ਟੇਕਣ ਦੇ, ਰੁਮਾਲੇ ਚਾੜ੍ਹਨ 'ਤੇ, ਅਖੰਡਪਾਠ ਕਰਾਉਣ ਤੇ, ਨਹੀਂ ਗੁਰੂ ਦਾ ਬਣਦਾ, ਜਦੋਂ ਤੱਕ ਗੁਰੂ ਤੋਂ ਨਾਮ ਨਹੀਂ ਲੈਂਦਾ। ਜਦੋਂ ਨਾਮ ਲੈ ਲਿਆ, ਫੇਰ ਗੁਰੂ ਜ਼ਿੰਮੇਵਾਰ ਹੋ ਜਾਂਦਾ ਹੈ ਸਾਰੀਆਂ ਚੀਜ਼ਾਂ ਦਾ। ਜੇ ਨਹੀਂ ਮਿਲਿਆ –

*ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ*
*ਧ੍ਰਿਗੰਤ ਜਨਮ ਭ੍ਰਸਟਣਹ ॥ ਅੰਗ – ੧੩੫੬*
*ਧਾਰਨਾ – ਕਾਵਾਂ ਕੁੱਤਿਆਂ ਗਧਿਆ ਦੀ ਜੂਨੀ*
*ਪੈਣਗੇ ਜਿਨ੍ਹਾਂ ਨੇ ਗੁਰੂ ਨਹੀਂਓਂ ਧਾਰਿਆ।*

ਜੋ ਗੁਰੂ ਮੰਤ੍ਰ ਦਿੰਦਾ ਹੈ, ਜੋ ਜਿਹਨੂੰ ਨਹੀਂ ਮਿਲਿਆ ਪੂਰੀ ਵਿਧੀ ਦੇ ਨਾਲ ਕਹਿੰਦੇ ਸੌ ਵਾਰੀ ਫਿੱਟੇਮੂੰਹ ਉਸਦੇ। ਭ੍ਰਿਸਟਿਆ ਹੋਇਆ ਜਨਮ ਹੈ ਉਸਦਾ, ਜੂਨ ਪੂਰੀ ਕਰਨ ਵਾਸਤੇ ਆਇਆ ਹੈ ਤੇ ਉਹਦੀ ਤੁਲਨਾ –

*ਕੂਕਰਹ ਸੂਕਰਹ ਗਰਧਭਹ*
*ਕਾਕਹ ਸਰਪਨਹ ਤੁਲਿ ਖਲਹ ॥ ਅੰਗ – ੧੩੫੬*

ਸੋ ਇਸ ਤਰ੍ਹਾਂ ਦੇ ਨਾਲ ਨਾਮ ਜਿਹਨੂੰ ਪ੍ਰਾਪਤ ਹੋ ਗਿਆ ਉਹ ਨਾਮ ਸਾਰੀਆਂ ਬਿਮਾਰੀਆਂ, ਸਾਰੇ ਰੋਗ, ਸਾਰੇ ਤੋਟੇ –

*ਜਿਸੁ ਨਾਮੁ ਰਿਦੈ ਸੋਈ ਵਡ ਰਾਜਾ ॥*
*ਅੰਗ – ੧੧੫੫*

ਰਾਜਿਆਂ ਦਾ ਰਾਜਾ ਹੈ –

*ਜਿਸ ਨੋ ਬਖਸੇ ਸਿਫਤਿ ਸਾਲਾਹ ॥*
*ਨਾਨਕ ਪਾਤਿਸਾਹੀ ਪਾਤਿਸਾਹੁ ॥ ਅੰਗ – ੫*

ਸੋ ਏਸ ਤਰ੍ਹਾਂ ਦੇ ਨਾਲ –

*ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥*
*ਅੰਗ – ੨੦੭*

ਇਹ ਨਾਮ ਮਿਲਦਾ ਹੈ ਪੂਰੇ ਗੁਰੂ ਤੋਂ ਸਮਰੱਥ ਗੁਰੂ ਤੋਂ। ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ ਇਥੇ ਹੀ ਸਮਾਪਤੀ ਹੈ।

(*******)

(ਪੰਨਾ 41 ਦਾ ਬਾਕੀ)

ਪੜ੍ਹਿਆ ਹੋਇਆ, ਉਹਨੂੰ ਸੌ ਸੋਨੇ ਦੇ ਮੰਦਰ ਬਣਾ ਕੇ ਦਾਨ ਕਰਨ ਜਿੰਨਾ ਪੁੰਨ ਮਿਲ ਜਾਂਦਾ ਹੈ। ਬਾਣੀ ਅਨਪੜ੍ਹਾਂ ਨੂੰ ਯਾਦ ਕਰਾਓ, ਮੈਂ ਸਿੰਘ ਵਿਚ ਸੀ, ਗੰਨਾ ਗੁੱਡਦੇ ਸੀ ਮੈਂ ਵੀ ਗੁੱਡਣ ਲਗ ਗਿਆ, ਕਹਿੰਦੇ ਨਾ ਜੀ ਤੁਹਾਡੇ ਤੋਂ ਨਹੀਂ ਗੁੱਡਿਆ ਜਾਣਾ। ਮੈਂ ਕਿਹਾ ਮੈਂ ਜ਼ਰੂਰ ਗੁੱਡਣਾ ਹੈ, ਤੁਹਾਡੇ ਤੋਂ ਦਿਹਾੜੀ ਲੈਣੀ ਹੈ ਅੱਜ। ਕਹਿੰਦੇ ਕੀ ਲੈਣੀ ਹੈ? ਮੈਂ ਕਿਹਾ ਪੈਸੇ ਨਹੀਂ ਲੈਣੇ, ਮੈਂ ਤੁਹਾਨੂੰ ਕੁਛ ਗੱਲ ਸਿਖਾਉਣੀ ਹੈ, ਪਹਿਲਾ ਕਿਆਰਾ ਗੁੱਡਿਆ ਸਾਰਿਆਂ ਨੂੰ ਮੈਂ ਕਹਾਈ ਗਿਆ, '੧ਓ ਸਤਿਨਾਮੁ ਕਰਤਾ ਪੁਰਖੁ' ਸਿਰੇ ਤੱਕ ਜਾਂਦੇ-ਜਾਂਦੇ 'ਗੁਰਪ੍ਰਸਾਦਿ' ਤੱਕ ਯਾਦ ਕਰਾ ਦਿਤਾ। ਦੂਜਾ ਗੁੱਡਿਆ 'ਆਦਿ ਸਚੁ ਜੁਗਾਦਿ ਸਚੁ' ਤੱਕ ਪਹਿਲੀ ਪਉੜੀ ਅੱਧੀ ਕਰਾ ਦਿਤੀ। ਗੁੱਡਦੇ-ਗੁੱਡਦੇ ਦੁਪਹਿਰੇ ਤੱਕ ਮੈਂ ਪੰਜ-ਪੰਜ ਪਉੜੀਆਂ ਯਾਦ ਕਰਾ ਦਿਤੀਆਂ, ਜਿੰਨੇ ਗੁੱਡਣ ਵਾਲੇ ਸੀ। ਨਾਲੇ ਪੁੱਛ ਲਿਆ ਕਰਾਂ ਕਿ ਹੁਣ ਮੈਨੂੰ ਮੁੱਢ ਤੋਂ ਸੁਣਾ। ਕਹਿੰਦੇ ਜੀ ਮਜੂਰੀ? ਮੈਂ ਕਿਹਾ ਮਜੂਰੀ ਇਹੀ ਲੈਣੀ ਸੀ ਤੁਹਾਡੇ ਤੋਂ, ਬਾਣੀ ਯਾਦ ਕਰਾਉਣ ਦੀ। ਜੇ ਕਰਾਉਣਾ ਚਾਹੇ ਅਨਪੜ੍ਹ ਨੂੰ ਆਦਮੀ ਬਾਣੀ ਯਾਦ ਕਰਾ ਸਕਦਾ ਹੈ, ਅਨਪੜ੍ਹ ਜੇ ਚਾਹੇ ਕਿ ਮੈਂ ਗੁਰੂ ਨਾਲ ਕਿਵੇਂ ਜੁੜਾਂਗਾ, ਗੁਰੂ ਤਾਂ ਮੇਰਾ ਬਾਣੀ ਹੈ, ਗੁਰੂ ਗ੍ਰੰਥ ਸਾਹਿਬ ਨੂੰ ਮੱਥੇ ਟੇਕ ਕੇ ਥੋੜ੍ਹਾ ਲੰਘ ਜਾਏਗਾ। ਸਤਿਗੁਰੂ ਨੂੰ ਦੇਖਣ ਨਾਲ ਮੁਕਤੀ ਨਹੀਂ ਹੁੰਦੀ –

*ਡਿਠੈ ਮੁਕਤਿ ਨ ਹੋਵਈ*
*ਜਿਚਰੁ ਸਬਦਿ ਨ ਕਰੇ ਵੀਚਾਰੁ ॥*
*ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ ॥*
*ਅੰਗ – ੫੯੪*

ਜਿੰਨਾਂ ਚਿਰ ਸ਼ਬਦ ਦੀ ਵਿਚਾਰ ਨਹੀਂ ਕਰਦਾ, ਦੇਖਣ ਨਾਲ ਮੁਕਤੀ ਨਹੀਂ ਹੋਣੀ। ਸੋ ਬਾਣੀ ਯਾਦ ਕਰੋ, ਜਿੰਨੀ ਹੁੰਦੀ ਹੈ ਯਾਦ ਕਰੋ। ਆਹ ਸੰਸਾਰ ਤੇ ਰਹਿਣਾ ਨਹੀਂ ਇਥੋਂ ਚਲੇ ਜਾਣਾ ਹੈ, ਜਦੋਂ ਫੇਰ ਬਾਣੀ ਪੜ੍ਹਨ ਵਾਲਾ ਜਦੋਂ ਜਾਂਦਾ ਹੈ–

*ਧੰਨਿ ਧੰਨਿ ਕਹੈ ਸਭੁ ਕੋਇ ॥*
*ਮੁਖ ਊਜਲ ਹਰਿ ਦਰਗਹ ਸੋਇ ॥*
*ਇਹੁ ਵਾਪਾਰੁ ਵਿਰਲਾ ਵਾਪਾਰੈ ॥*
*ਨਾਨਕ ਤਾ ਕੈ ਸਦ ਬਲਿਹਾਰੈ ॥ ਅੰਗ – ੨੯੩*

(****)

# ਮਨੋਭਾਵਾਂ ਦੀ ਰਚਨਾਤਮਕ ਵਰਤੋਂ
# (Creative Use of Emotions)

*ਡਾ. ਸਵਾਮੀ ਰਾਮ ਜੀ*
*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

## ਅਧਿਆਇ 7
## ਸੰਵੇਗਾਂ ਦੀ ਸਿਰਜਨਾਤਮਕ ਵਰਤੋਂ

ਭਗਵਤ ਗੀਤਾ ਵਿਚ ਲਿਖਿਆ ਹੈ, ਜਦੋਂ ਮਨੁੱਖ ਇੰਦ੍ਰੀਆਂ ਦੇ ਭੋਗ ਵਿਲਾਸ ਵਿਚ ਹੀ ਮਗਨ ਰਹਿੰਦਾ ਹੈ ਤਾਂ ਉਨ੍ਹਾਂ ਚੀਜ਼ਾਂ ਲਈ ਆਕਰਸ਼ਣ ਪੈਦਾ ਹੁੰਦਾ ਜਾਂਦਾ ਹੈ, ਆਕਰਸ਼ਣ ਤੋਂ ਇੱਛਾ ਜਨਮ ਲੈਂਦੀ ਹੈ ਤੇ ਨਾਲ ਹੀ ਕਾਮ ਵਾਸ਼ਨਾ, ਕਬਜ਼ੇ ਦੀ ਭਾਵਨਾ ਜਾਗਦੀ ਹੈ, ਨਾਲ ਹੀ ਲਾਲਸਾ ਅਵੇਗ ਜਨਮ ਲੈਂਦੇ ਹਨ ਤੇ ਫੇਰ ਕ੍ਰੋਧ।

ਲਾਲਸਾ ਨਾਲ, ਆਵੇਗ ਨਾਲ ਪਰੇਸ਼ਾਨੀ ਆਉਂਦੀ ਹੈ ਤੇ ਯਾਦ ਤੇ ਸਮ੍ਰਿਤੀ ਘਟਣੀ ਸ਼ੁਰੂ ਹੋ ਜਾਂਦੀ ਹੈ, ਮਨੁੱਖ ਆਪਣੀ ਡੀਊਟੀ ਭੁੱਲਣ ਲਗ ਪੈਂਦਾ ਹੈ, ਇਸ ਤਰ੍ਹਾਂ ਵਿਵੇਕ ਦਲੀਲ ਖਤਮ ਹੁੰਦੇ ਹਨ ਅੰਤ ਨੂੰ ਬਰਬਾਦੀ ਹੁੰਦੀ ਹੈ।

ਆਤਮਾ ਜਿਹੜੀ ਸੰਸਾਰ ਦੇ ਭੋਗ ਵਿਲਾਸ ਵਿਚ ਹੀ ਲੱਗੀ ਰਹਿੰਦੀ ਹੈ ਪਰ ਇਸ ਦੇ ਨਾਲ ਹੀ ਇੰਦ੍ਰੀਆਂ ਨੂੰ ਇਕਸਾਰ, ਇਕਾਗਰ ਰੱਖਦੀ ਹੈ, ਆਕਰਸ਼ਣ ਤੋਂ, ਦ੍ਵੈਸ਼ ਤੋਂ ਦੂਰ ਰੱਖਦੀ ਹੈ ਉਹ ਸ਼ਾਂਤ ਵਿਚ ਵਿਸ਼ਰਾਮ ਕਰਦੀ ਹੈ।

ਇਸ ਚੁੱਪ ਵਿਚ ਉਸ ਦੀਆਂ ਸਾਰੀਆਂ ਚਿੰਤਾਵਾਂ ਦਾ ਬੋਝ ਪੈਂਦਾ ਹੈ, ਜਦੋਂ ਹਿਰਦੇ ਨੂੰ ਸ਼ਾਂਤੀ ਮਿਲ ਗਈ, ਗਿਆਨ ਨੂੰ ਸ਼ਾਂਤੀ ਮਿਲ ਗਈ।

ਸਾਡੇ ਸੰਵੇਗਕ ਜੀਵਨ ਦਾ ਨਿਯਮਤ ਹੋਣਾ, ਸਾਡੀ ਚੇਤਨਾ ਦੇ ਵਿਕਾਸ ਦਾ ਇਕ ਬਹੁਤ ਮਹੱਤਵਪੂਰਣ ਪੱਖ ਹੈ। ਜਿੰਨੀ ਘੱਟ ਸਾਡੀ ਚੇਤਨਾ ਵਿਕਸਤ ਹੋਵੇਗੀ ਓਨੇ ਹੀ ਵੱਧ ਅਸੀਂ ਦੁਖਦਾਈ ਸੰਵੇਗਾਂ ਵਿਚ ਉਲਝੇ ਰਹਾਂਗੇ ਪਰ ਜਿਸ ਤਰ੍ਹਾਂ ਹੀ ਸਾਡੀ ਚੇਤਨਤਾ ਦਾ ਵਿਸਤਾਰ ਹੁੰਦਾ ਹੈ ਸਾਡਾ ਸੰਵੇਗਕ ਜੀਵਨ ਵਧੇਰੇ ਅਨੁਕ੍ਰਮ ਹੋ ਕੇ ਸਕਾਰਾਤਮਕ ਅਨੁਭਵ ਦਾ ਮਾਰਗ ਲੈ ਲੈਂਦਾ ਹੈ। ਉਹ ਸੰਵੇਗ ਜਿਹੜੇ ਦੁਖਦਾਈ ਹਨ, ਵਧੇਰੇ ਦਵੰਦ ਵਾਲੇ ਹਨ ਜਿਵੇਂ ਕਿ ਕ੍ਰੋਧ, ਈਰਖਾ, ਡਰ, ਨਿਰਉਤਸ਼ਾਹ ਹੋਣਾ, ਪਾਪੀ ਮਹਿਸੂਸ ਕਰਨਾ ਇਹ ਸਭ ਪਿਛੇ ਰਹਿ ਜਾਂਦੇ ਹਨ। ਇਨ੍ਹਾਂ ਨੂੰ ਛੱਡ ਕੇ ਉਹ ਸ਼ਕਤੀ ਜਿਹੜੀ ਸ਼ਕਤੀ ਦਾ ਅਨੁਭਵ ਹੁੰਦਾ ਹੈ ਉਹ ਵਧੇਰੇ ਸੂਖਮ, ਸ਼ੁੱਧ ਹੋ ਕੇ, ਪ੍ਰਸੰਨਤਾ, ਸ਼ਾਂਤੀ, ਪਿਆਰ ਤੇ ਹਮਦਰਦੀ ਦਾ ਰੂਪ ਧਾਰਨ ਕਰ ਲੈਂਦੀ ਹੈ। ਇਸ ਤੋਂ ਪਹਿਲਾਂ ਕਿ ਅਸੀਂ ਇਨ੍ਹਾਂ ਸੰਵੇਗਾਂ ਦਾ ਵਰਨਣ ਕਰੀਏ, ਮੈਂ ਇਹ ਦੱਸਣਾ ਚਾਹਵਾਂਗਾ, ਇਹ ਸੰਵੇਗ ਕਿਹੜੇ ਹਨ, ਵੱਖ-ਵੱਖ ਤਰ੍ਹਾਂ ਇਨ੍ਹਾਂ ਸੰਵੇਗਾਂ ਦਾ ਪ੍ਰਗਟਾਵਾ ਹੁੰਦਾ ਹੈ, ਕਿਹੜੇ-ਕਿਹੜੇ ਵੱਖ-ਵੱਖ ਸ੍ਰੋਤ ਤੋਂ ਆਉਂਦੇ ਹਨ, ਇਸ ਤਰ੍ਹਾਂ ਸਾਨੂੰ ਚੰਗੀ ਤਰ੍ਹਾਂ ਸਮਝ ਆ ਜਾਵੇਗੀ, ਸੰਵੇਗ ਕਿਸ ਤਰ੍ਹਾਂ ਉਤਪੰਨ ਹੁੰਦੇ ਹਨ।

### ਮੂਲ ਪ੍ਰਵਿਰਤਕ ਪ੍ਰੇਰਨਾਵਾਂ

ਜਦੋਂ Frued ਨੇ ਕਾਮ ਪ੍ਰਵਿਰਤੀ ਦੀ ਮਹੱਤਤਾ ਦੱਸੀ, ਦੱਸਿਆ ਕਾਮ ਪ੍ਰਵਿਰਤੀ ਸੰਵੇਗਕ ਜੀਵਨ ਦਾ ਸ੍ਰੋਤ ਹੈ, ਇਹ ਕਹਿਣ ਵਿਚ ਉਹ ਕੋਈ ਗਲਤ ਗੱਲ ਨਹੀਂ ਸੀ ਕਹਿ ਰਿਹਾ। ਕਾਮ ਪ੍ਰਵਿਰਤੀ ਬਹੁਤ ਸਕਤੀਸ਼ਾਲ ਪ੍ਰਵਿਰਤੀ ਹੈ, ਸਾਡੇ ਬਹੁਤ ਸਾਰੇ ਸੰਵੇਗ ਇਥੋਂ ਹੀ ਆਉਂਦੇ ਹਨ। ਪਰ ਕਾਮ ਪ੍ਰਵਿਰਤੀ ਨਾਲੋਂ ਡੂੰਘੀਆਂ ਹੋਰ ਪ੍ਰਵਿਰਤੀਆਂ ਵੀ ਹਨ ਜਿਵੇਂ ਕਿ ਖਾਣਾ, ਪੀਣਾ, ਸੌਣਾ ਤੇ ਆਤਮ ਸੰਭਾਲ। ਯੋਗ ਮਨੋਵਿਗਿਆਨ ਅਨੁਸਾਰ ਸਾਡੀਆਂ ਬਹੁਤ ਸਾਰੀਆਂ ਪ੍ਰਵਿਰਤੀਆਂ ਇਨ੍ਹਾਂ ਪ੍ਰਵਿਰਤੀਆਂ ਵਿਚੋਂ ਹੀ ਜਨਮ ਲੈਂਦੀਆਂ ਹਨ ਜਾਂ ਕਹਿ ਲਵੋ ਇਹ ਮੂਲ ਪ੍ਰਵਿਰਤੀਆਂ ਹੀ ਇਨ੍ਹਾਂ ਦਾ ਸ੍ਰੋਤ ਹਨ। ਇਹ ਮਨੁੱਖ ਤੇ ਪਸ਼ੂਆਂ ਅੰਦਰ ਸਾਂਝੀਆਂ ਹਨ, ਇਹ ਪ੍ਰਵਿਰਤੀਆਂ ਹੀ ਮਨੁੱਖ ਦੇ ਅਨੁਜੀਵਨ ਦਾ ਕਾਰਣ ਹੈ। ਇਹ ਮੂਲ ਪ੍ਰਵਿਰਤੀਆਂ ਵਿਸ਼ਵ ਮੂਲ ਪ੍ਰਵਿਰਤੀਆਂ ਹਨ - ਖਾਣ ਦੀ, ਆਤਮ ਸੰਭਾਲ ਦੀ, ਕਾਮ ਪ੍ਰਵਿਰਤੀ ਇਹ ਸਾਨੂੰ ਪ੍ਰੇਰਦੀਆਂ ਹਨ। 1. ਚੰਗਾ ਖਾਣ ਲਈ ਜਿਸ ਤੋਂ ਸਾਨੂੰ ਪੂਰੀ-ਪੂਰੀ ਤਾਕਤ ਮਿਲੀ, ਸਰੀਰ ਰਿਸ਼ਟ-ਪੁਸ਼ਟ ਰਹੇ ਤਾਂ ਜੋ ਜੀਵਨ ਅਰੋਗ ਰਹਿ ਸਕੇ 2. ਅਸੀਂ ਕੋਈ ਵੀ ਉਸ ਘਟਨਾ ਤੋਂ ਬਚ ਕੇ ਰਹੀਏ ਜੋ ਜੀਵਨ ਲਈ ਹਾਨੀਕਾਰਕ ਹੋ ਸਕਦੀ ਹੈ, ਕੋਈ ਚੋਟ ਪਹੁੰਚਾ ਸਕਦੀ ਹੈ, ਅਸੀਂ ਆਪਣੇ ਆਪ ਨੂੰ ਬਚਾ ਕੇ ਰੱਖੀਏ, ਸੰਭਾਲ ਕੇ ਰੱਖੀਏ। 3. ਅਸੀਂ ਪੂਰਾ-ਪੂਰਾ ਆਰਾਮ ਕਰੀਏ, ਆਪਣੇ ਸਰੀਰ ਨੂੰ ਆਪਣੀ ਸਿਹਤ ਨੂੰ, ਪ੍ਰਾਣ ਸ਼ਕਤੀ ਨੂੰ ਬਿਲਕੁਲ ਠੀਕ ਰੱਖ ਸਕੀਏ ਤਾਂ ਜੋ ਸਿਹਤ ਠੀਕ ਰਹੇ। 4. ਕਾਮ ਪੂਰਤੀ ਲਈ ਆਪਣਾ ਸਾਥੀ ਚੁਣ ਕੇ ਅੱਗੇ ਆਪਣੀ ਪੀੜੀ ਨੂੰ ਚਲਾ ਸਕੀਏ। ਇਨ੍ਹਾਂ ਪ੍ਰੇਰਣਾਵਾਂ ਤੋਂ ਬਿਨਾਂ ਅਸੀਂ ਜੀਵਤ ਨਹੀਂ ਰਹਿ ਸਕਦੇ, ਅਸੀਂ ਖਤਮ ਹੋ ਜਾਵਾਂਗੇ।

ਆਤਮ ਸੰਭਾਲ ਦੀ ਉਤੇਜਨਾ ਸਭ ਤੋਂ ਵੱਧ ਸ਼ਕਤੀਸ਼ਾਲ ਹੈ। ਖਾਣਾ ਪੀਣਾ ਸਰੀਰ ਦੀ ਲੋੜ ਹੈ, ਮਾਨਸਿਕ ਲੋੜ ਪਿਛੋਂ ਹੈ, ਸੌਣ ਦੀ ਲੋੜ ਸਰੀਰ ਦੀ ਵੀ ਹੈ, ਚੇਤਨ ਮਨ ਦੀ ਵੀ ਹੈ, ਦੋਨਾਂ ਦੀ ਹੈ। ਕਾਮ ਦੇਖਣ ਵਿਚ ਸਰੀਰ ਦੀ ਲੋੜ ਲਗਦੀ ਹੈ, ਜੀਵ ਦੀ ਲੋੜ ਹੈ ਪਰ ਇਸ ਦਾ ਡੂੰਘਾ ਸਬੰਧ ਮਨ ਨਾਲ ਹੈ। ਆਤਮ ਸੰਭਾਲ ਦੀ ਉਤੇਜਨਾ ਪ੍ਰੇਰਣਾ ਉਹ ਪ੍ਰੇਰਣਾ ਹੈ ਜਿਸ ਕਰਕੇ ਅਸੀਂ ਖਾਂਦੇ ਪੀਂਦੇ ਹਾਂ, ਸੌਂਦੇ ਹਾਂ ਤੇ ਕਾਮ ਪ੍ਰਵਿਰਤੀ ਦਾ ਸੁਖ ਮਾਣਦੇ ਹਾਂ। ਇਹ ਪ੍ਰਵਿਰਤੀ

ਸਭ ਤੋਂ ਵੱਧ ਸ਼ਕਤੀਸ਼ਾਲ ਹੈ।

ਪ੍ਰਸ਼ਨ ਉਠਦਾ ਹੈ ਕਿ ਹਰ ਕੋਈ ਵਧੇਰੇ ਦੇਰ ਕਿਉਂ ਜੀਉਣਾ ਚਾਹੁੰਦਾ ਹੈ? 'ਈਸ਼ ਉਪਨਿਸ਼ਦ' ਦਸਦਾ ਹੈ ਕਿ ਤੁਹਾਨੂੰ ਇਕ ਸੌ ਸਾਲ ਜੀਉਣ ਦੀ ਇੱਛਾ ਰੱਖਣੀ ਚਾਹੀਦੀ ਹੈ। ਸੌ ਸਾਲ ਜੀਉਣ ਦੀ ਇੱਛਾ ਤਾਂ ਠੀਕ ਹੈ ਪਰ ਕਾਹਦੇ ਲਈ? ਸੌ ਸਾਲ ਜੀਉਣਾ ਤਾਂ ਬੋਝਲ ਹੋ ਸਕਦਾ ਹੈ ਜੇ ਤੁਹਾਡੇ ਜੀਵਨ ਦਾ ਕੋਈ ਉਦੇਸ਼ ਨਹੀਂ, ਕੋਈ ਲਕਸ਼ ਨਹੀਂ। ਜੀਵਨ ਕੇਵਲ ਪ੍ਰਵਿਰਤੀਆਂ ਨੂੰ ਭੋਗਣਾ ਨਹੀਂ ਉਨ੍ਹਾਂ ਦੀ ਤ੍ਰਿਪਤੀ ਨਹੀਂ।

## ਇੱਛਾ

ਪ੍ਰਾਚੀਨ ਉਤੇਜਨਾਵਾਂ ਅਤੇ ਸੰਵੇਗਾਂ ਦੇ ਵਿਚਕਾਰ ਹੈ ਇਛਾਵਾਂ ਦਾ ਪੱਧਰ, ਸਤਰ, ਜੇਕਰ ਅਸੀਂ ਆਪਣੇ ਵਿਵਹਾਰ ਦਾ ਵਿਸ਼ਲੇਸ਼ਨ ਕਰੀਏ, ਅਸੀਂ ਦੇਖਾਂਗੇ ਕਿ ਬਹੁਤ ਕੁਝ ਜੋ ਅਸੀਂ ਕਰਦੇ ਹਾਂ ਉਹ ਇਨ੍ਹਾਂ ਚਾਰ ਮੂਲ ਪ੍ਰਵਿਰਤੀਆਂ ਤੇ ਅਧਾਰਿਤ ਹੈ, ਨਾਲ ਹੀ ਉਹ ਇਛਾਵਾਂ ਹਨ ਜਿਹੜੀਆਂ ਇਨ੍ਹਾਂ ਮੂਲ ਪ੍ਰਵਿਰਤੀਆਂ ਤੋਂ ਜਨਮ ਲੈਂਦੀਆਂ ਹਨ।

ਪਸ਼ੂ ਇਹ ਮੂਲ ਪ੍ਰਵਿਰਤੀਆਂ ਨੂੰ ਬੜੇ ਹੀ ਸਿੱਧੇ ਢੰਗ ਨਾਲ, ਸਹਿਜ ਨਾਲ ਹੀ ਪ੍ਰਗਟਾਅ ਲੈਂਦੇ ਹਨ। ਉਦਾਹਰਣ ਵਜੋਂ ਜਦੋਂ ਕਿਸੇ ਪਸ਼ੂ ਨੂੰ ਭੁੱਖ ਲਗਦੀ ਹੈ ਤਾਂ ਉਹ ਕਿਸੇ ਵੀ ਨੇੜੇ ਵਾਲੀ ਥਾਂ ਤੋਂ ਖਾਣ ਵਾਲੀ ਕਿਸੇ ਚੀਜ਼ ਦੀ ਪ੍ਰਾਪਤੀ ਕਰ ਲੈਂਦਾ ਹੈ, ਇਸ ਤਰ੍ਹਾਂ ਹੀ ਕਾਮ ਪੂਰਤੀ ਲਈ ਕੋਈ ਵੀ ਆਪਣੀ ਨਸਲ ਦਾ ਪਸ਼ੂ ਹੋਵੇ ਉਹ ਕਾਮ ਪੂਰਤੀ ਕਰ ਲਵੇਗਾ। ਆਤਮ ਸੰਭਾਲ ਬਹੁਤ ਸੌਖਾ ਹੈ, ਆਪਣੇ ਆਪ ਨੂੰ ਸੁਰਖਿਅਤ ਰੱਖਣਾ, ਹਰ ਖਤਰੇ ਤੋਂ ਬਚਣਾ। ਮਨੁੱਖ ਨੇ ਬਹੁਤ ਸਾਰੇ ਤਰੀਕੇ, ਬਹੁਤ ਸਾਰੇ ਢੰਗ, ਅਨੁਭਵ, ਅਵਸਥਾਵਾਂ ਬਣਾ ਲਈਆਂ ਹਨ ਜਿਨ੍ਹਾਂ ਨਾਲ ਉਹ ਇਨ੍ਹਾਂ ਉਤੇਜਨਾਵਾਂ ਦੀ ਤ੍ਰਿਪਤੀ ਕਰ ਸਕਦਾ ਹੈ।

ਜਦੋਂ ਸਾਨੂੰ ਭੁੱਖ ਲਗਦੀ ਹੈ ਤਾਂ ਇਸ ਤਰ੍ਹਾਂ ਨਹੀਂ ਹੁੰਦਾ ਕਿ ਅਸੀਂ ਕੁਝ ਵੀ ਖਾ ਲਈਏ, ਸਾਡੇ ਵੱਖ-ਵੱਖ ਸੁਆਦ ਹਨ ਅਸੀਂ ਵੱਖ-ਵੱਖ ਸੁਆਦ ਅਨੁਸਾਰ ਹੀ ਖਾਂਦੇ ਹਾਂ। ਕਈ ਵਾਰੀ ਅਸੀਂ ਚੰਗਾ ਪੋਸ਼ਟਿਕ ਅਹਾਰ ਛੱਡ ਦਿੰਦੇ ਹਾਂ ਕਿ ਉਹ ਸੁਆਦ ਨਹੀਂ ਹੈ ਜਾਂ ਲੋਕ ਪਸੰਦ ਨਹੀਂ ਕਰਦੇ। ਜਦੋਂ ਕਿ ਪਸ਼ੂ ਆਪਣੀ ਕਾਮ ਬਿਰਤੀ ਉਸ ਨਸਲ ਦੇ ਆਪਣੇ ਤੋਂ ਵਿਪਰੀਤ ਲਿੰਗ ਤੋਂ ਕਰ ਲੈਂਦਾ ਹੈ। ਮਨੁੱਖ ਨੂੰ ਤਾਂ ਖਾਸ ਆਪਣੀ ਪਸੰਦ ਦਾ ਹੀ ਚਾਹੀਦਾ ਹੈ, ਸੋਹਣਾ ਹੋਵੇ, ਆਕਰਸ਼ਕ ਹੋਵੇ, ਭਾਵੇਂ ਇਹ ਸਾਰੇ ਗੁਣਾਂ ਦਾ ਸਰੀਰਕ ਪ੍ਰਵਿਰਤੀ ਨਾਲ ਕੋਈ ਸਬੰਧ ਨਹੀਂ ਹੈ। ਬਹੁਤ ਵਾਰੀ ਕੋਲ ਹੁੰਦੇ ਸਾਥੀ ਨੂੰ ਛੱਡ ਕੇ ਮੀਲਾਂ ਬੱਧੀ ਸਫਰ ਕਰਕੇ ਇਕ ਖਾਸ ਵਿਅਕਤੀ ਕੋਲ ਕਾਮ ਦੀ ਪੂਰਤੀ ਕਰਨ ਜਾਂਦੇ ਹਾਂ, ਜਿਸਨੂੰ ਅਸੀਂ ਖਾਸ ਕਹਿੰਦੇ ਖਾਸ ਨੇੜਤਾ ਉਸ ਨਾਲ ਮਹਿਸੂਸ ਕਰਦੇ ਹਾਂ। ਆਤਮ ਸੰਭਾਲ ਦੀ ਉਤੇਜਨਾ ਮਨੁੱਖ ਦੇ ਸਟੇਟਸ ਦੀ ਸ਼ਕਤੀ ਦੀ ਹੋਰ ਕਈ ਗੱਲਾਂ ਦਾ ਮਿਸ਼ਰਨ ਦੇਖਿਆ ਗਿਆ ਹੈ।

ਮਨੁੱਖ ਦੀਆਂ ਮੂਲ ਉਤੇਜਨਾ, ਪ੍ਰੇਰਣਾਵਾਂ ਬਹੁਤ ਵੱਧ ਗਈਆਂ ਹਨ, ਇਨ੍ਹਾਂ ਨੇ ਬਹੁਤ ਸਾਰੀਆਂ ਇਛਾਵਾਂ ਨੂੰ ਜਨਮ ਦਿਤਾ ਹੈ, ਬਹੁਤ ਸਾਰੇ ਖਾਸ ਅਨੁਭਵ ਕਰਨ ਦੀਆਂ ਇੱਛਾ ਹਨ। ਅਸੀਂ ਆਪਣਾ ਬਹੁਤ ਸਾਰਾ ਸਮਾਂ ਇਨ੍ਹਾਂ ਇਛਾਵਾਂ ਦੀ ਪੂਰਤੀ ਵਿਚ ਲਗਾ ਦਿੰਦੇ ਹਾਂ, ਜਿਹੜੀਆਂ ਇਛਾਵਾਂ ਇਨ੍ਹਾਂ ਮੂਲ ਪ੍ਰੇਰਣਾ ਤੋਂ ਆਈਆਂ ਹਨ। ਇਨ੍ਹਾਂ ਇਛਾਵਾਂ ਅਨੁਸਾਰ ਜਿਹੜਾ ਸਮਾਨ ਜੋ ਕੁਝ ਵੀ ਸਾਨੂੰ ਇੱਛਾ ਪੂਰਤੀ ਲਈ ਚਾਹੀਦਾ ਹੈ ਅਸੀਂ ਉਨ੍ਹਾਂ ਦੀ ਪ੍ਰਾਪਤੀ ਲਈ ਭਾਵੁਕ ਹੋ ਜਾਂਦੇ ਹਾਂ। ਇਥੇ ਕਿਹਾ ਗਿਆ ਹੈ ਕਿ ਇੱਛਾ ਹੀ ਸਾਰੇ ਸੰਵੇਗਾਂ ਦੀ ਜਨਨੀ ਹੈ।

ਜਦੋਂ ਕਿਸੇ ਵੀ ਚੀਜ਼ ਨਾਲ ਕਿਸੇ ਸਥਿਤੀ ਵਿਚ ਸਾਡੀ ਇੱਛਾ ਪੂਰਤੀ ਹੁੰਦੀ ਹੈ, ਸਾਨੂੰ ਸੁੱਖ ਦਾ ਅਭਾਸ ਹੁੰਦਾ ਸੁਖ ਮਹਿਸੂਸ ਹੁੰਦਾ ਹੈ। ਜਦੋਂ ਇਹ ਸਾਡੀ ਆਦਤ ਬਣ ਜਾਂਦੀ ਹੈ ਅਸੀਂ ਇਸ ਦੇ ਅਧੀਨ ਹੋ ਜਾਂਦੇ ਹਾਂ, ਫੇਰ ਅਸੀਂ ਇਸ ਅਨੁਭਵ ਲਈ ਨਸ਼ਈ ਹੋ ਜਾਂਦੇ ਹਾਂ, ਅਮਲੀ ਹੋ ਜਾਂਦੇ ਹਾਂ। ਆਮ ਤੌਰ ਤੇ ਅਮਲ ਸ਼ਬਦ ਕਿਸੇ ਵਸਤੂ ਦੇ, ਕਿਸੇ ਚੀਜ਼ ਦੇ ਅਧੀਨ ਹੋਣ ਲਈ ਵਰਤਿਆ ਜਾਂਦਾ ਹੈ, ਨਸ਼ਿਆਂ ਲਈ ਵਰਤਿਆ ਜਾਂਦਾ ਹੈ ਜਿਵੇਂ ਕਿ ਸ਼ਰਾਬ, ਹੋਰ ਨਸ਼ੇ ਵਾਲੀਆਂ ਦਵਾਈਆਂ ਲਈ। ਜੇਕਰ ਅਸੀਂ ਆਪਣੀਆਂ ਇਛਾਵਾਂ ਦਾ ਵਿਸ਼ਲੇਸ਼ਨ ਕਰੀਏ, ਜਿਹੜੀਆਂ ਦੂਸਰੀਆਂ ਚੀਜ਼ਾਂ ਲਈ ਹਨ ਅਸੀਂ ਦੇਖਾਂਗੇ ਇਹ ਬਿਲਕੁਲ ਉਸੇ ਤਰ੍ਹਾਂ ਹੈ ਜਿਵੇਂ ਇਕ ਅਮਲੀ ਦਾ ਹੁੰਦਾ ਹੈ। ਅਸੀਂ ਬਹੁਤ ਸਾਰੇ ਅਨੁਭਵਾਂ ਨਾਲ ਨਸ਼ਿਆ ਜਾਂਦੇ ਹਾਂ, ਮਸਤ ਹੋ ਜਾਂਦੇ ਹਾਂ ਕਈ ਲੋਕ ਸਾਨੂੰ ਮਦਹੋਸ਼ ਕਰ ਦਿੰਦੇ ਹਨ, ਕਈ ਵਸਤੂਆਂ ਮਸਤਾ ਦਿੰਦੀਆਂ ਹਨ। ਸਾਡੇ ਨਸ਼ੇ ਕਈ ਪ੍ਰਕਾਰ ਦੇ ਹਨ, ਬਹੁਤ ਵਾਰੀ ਅਸੀਂ ਇਹ ਮਹਿਸੂਸ ਹੀ ਨਹੀਂ ਕਰਦੇ। ਅਸੀਂ ਸਾਰੇ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਇਕ ਅਮਲੀ ਦੇ ਅਮਲ ਦੀ ਜਦੋਂ ਪੂਰਤੀ ਨਹੀਂ ਹੁੰਦੀ ਉਦੋਂ ਉਸ ਦਾ ਕੀ ਹਾਲ ਹੁੰਦਾ ਹੈ ਉਸ ਦੇ ਸੰਵੇਗ, ਮਨੋਭਾਵਾਂ ਦਾ ਪ੍ਰਗਟਾਵਾ ਕਿਸ ਤਰ੍ਹਾਂ ਹੁੰਦਾ ਹੈ ਉਹ ਹਿੰਸਕ ਹੋ ਉਠਦਾ ਹੈ, ਕਿਉਂਕਿ ਉਹ ਉਸ ਵਸਤੂ ਦੇ ਅਧੀਨ ਹੋ ਗਿਆ ਹੈ ਉਸ ਤੋਂ ਬਿਨਾਂ ਉਸਨੂੰ ਆਪਣਾ ਜੀਵਨ ਖਤਮ ਹੁੰਦਾ ਲਗਦਾ ਹੈ। ਇਹ ਹਾਲਤ ਇਹ ਸਥਿਤੀ ਇਕ ਅਤਕਥਨੀ ਮਹਿਸੂਸ ਹੁੰਦੀ ਹੈ, ਇਹ ਅਨੁਭਵ, ਹੋਰ ਇਸ ਤਰ੍ਹਾਂ ਦੇ ਅਨੁਭਵ ਹੀ ਬਹੁਤ ਸਾਰੀਆਂ ਬੇਸੁਆਦੀਆਂ ਨਾਗਵਾਰ ਸੰਵੇਗਾਂ ਨੂੰ ਜਨਮ ਦਿੰਦੇ ਹਨ, ਇਹ ਸਾਡੇ ਸਾਰਿਆਂ ਨਾਲ ਇਸ ਤਰ੍ਹਾਂ ਹੁੰਦਾ ਹੈ। ਸਾਡੇ ਸੰਵੇਗਾਂ ਦੀ ਤੀਬਰਤਾ ਦਾ ਸਬੰਧ ਇਸ ਨਾਲ ਹੈ ਕਿ ਸਾਡਾ ਨਸ਼ਾ ਸਾਡਾ ਅਮਲ ਸਾਡੀ ਅਧੀਨਤਾ ਉਸ ਚੀਜ਼ ਲਈ ਕਿੰਨੀ ਹੈ, ਜਿੰਨੀ ਵੱਧ ਤੀਬਰਤਾ, ਓਨਾਂ ਹੀ ਵੱਧ ਗੁੱਸਾ ਓਨਾਂ ਹੀ ਵੱਧ ਦੁਖ ਠੇਸ ਪਹੁੰਚਦੀ ਹੈ।

ਨਖੇਦੀ ਦੇ ਸੰਵੇਗ ਕਿਸ ਤਰ੍ਹਾਂ ਉਤਪੰਨ ਹੁੰਦੇ ਹਨ, ਕਿਸ ਤਰ੍ਹਾਂ ਉਨ੍ਹਾਂ ਦਾ ਰੂਪਾਂਤਰ ਹੁੰਦਾ ਹੈ।

## ਕ੍ਰੋਧ

ਕ੍ਰੋਧ ਇਕ ਹਿੰਸਾਪੂਰਕ ਸੰਵੇਗ ਹੈ, ਇਸ ਦੀ ਕੋਈ ਤਰਕ ਨਹੀਂ। ਵਾਸਤਵ ਵਿਚ ਜਦੋਂ ਕ੍ਰੋਧ ਆਉਂਦਾ ਹੈ ਦਲੀਲ, ਤਰਕ ਉਸੇ ਸਮੇਂ ਖਤਮ ਹੋ ਜਾਂਦੇ ਹਨ। ਮਨੁੱਖ ਦਾ ਵਿਵੇਕ ਜਾਂਦਾ ਰਹਿੰਦਾ ਹੈ, ਉਹ ਕੰਮ ਹੀ ਨਹੀਂ ਕਰਦਾ।

ਜਦੋਂ ਵੀ ਸਾਡੀ ਇੱਛਾ ਪੂਰਤੀ ਨਹੀਂ ਹੁੰਦੀ, ਇੱਛਾ ਬਲਵਾਨ ਹੈ, ਇੱਛਾ ਕਿਸੇ ਵਸਤੂ ਪ੍ਰਾਪਤੀ ਲਈ ਹੈ, ਕਿਸੇ ਭੋਗ ਲਈ ਹੈ, ਕਿਸੇ ਅਨੁਭਵ ਲਈ ਹੈ, ਜੋ ਵੀ ਸਾਨੂੰ ਇਸ ਇੱਛਾ ਪੂਰਤੀ ਲਈ ਰੁਕਾਵਟ ਬਣ ਰਿਹਾ ਹੈ, ਬਾਧਾ ਬਣ ਰਿਹਾ ਹੈ, ਸਾਨੂੰ ਉਸ ਉਤੇ ਕ੍ਰੋਧ ਆਵੇਗਾ ਹੀ। ਉਦਾਹਰਣ ਵਜੋਂ ਤੁਸੀਂ ਕਿਸੇ ਜਗ੍ਹਾ ਤੇ ਨਿਸ਼ਚਿਤ ਸਮੇਂ ਤੇ ਪਹੁੰਚਣਾ ਚਾਹੁੰਦੇ ਹੋ, ਤੁਸੀਂ ਆਪਣੀ ਕਾਰ ਵਿਚ ਬੈਠਦੇ ਹੋ, ਕਾਰ ਚਲਦੀ ਹੀ ਨਹੀਂ, ਸਟਾਰਟ ਹੀ ਨਹੀਂ ਹੁੰਦੀ, ਤੁਸੀਂ ਖਿਝਦੇ ਹੋ, ਮੁੱਠੀਆਂ ਮਰੋੜਦੇ ਹੋ, ਕਚੀਚੀਆਂ ਵਟਦੇ ਹੋ, ਆਪਣੇ steering ਤੇ ਵੀ ਜ਼ੋਰ ਦੀ ਹੱਥ ਮਾਰਦੇ ਹੋ, ਗੁੱਸੇ ਵਿਚ ਹੋ ਜਾਂ ਫੇਰ ਜੇ ਤੁਸੀਂ ਗੱਡੀ ਚਲਾ ਰਹੇ ਹੋ, ਅੱਗੇ ਜਾ ਕੇ ਰਸਤਾ ਬੰਦ ਹੋਇਆ ਪਿਆ ਹੈ, ਕੋਈ ਦੁਰਘਟਨਾ ਹੋ ਗਈ ਹੈ ਤੁਸੀਂ ਗੁੱਸੇ ਵਿਚ ਆ ਜਾਂਦੇ ਹੋ, ਤੁਸੀਂ ਡਰਾਈਵਰ ਨੂੰ ਗੁੱਸੇ ਹੁੰਦੇ ਹੋ, ਤੁਸੀਂ ਕਹਿੰਦੇ ਹੋ ਤੁਹਾਨੂੰ ਦੇਰ ਹੋ ਰਹੀ ਹੈ। ਕ੍ਰੋਧ ਤਾਂ ਵੀ ਆਉਂਦਾ ਹੈ ਜਦੋਂ ਤੁਸੀਂ ਕਿਸੇ ਗੱਲ ਤੋਂ ਦੁਖੀ ਹੁੰਦੇ ਹੋ, ਕਿਸੇ ਗੱਲ ਦੀ ਤੁਹਾਨੂੰ ਸੱਟ ਲਗਦੀ ਹੈ। ਜੇਕਰ ਤੁਹਾਨੂੰ ਤੁਹਾਡੀ ਇੱਛਾ ਅਨੁਸਾਰ ਵਸਤੂ ਮਿਲ ਗਈ ਹੈ, ਤੁਸੀਂ ਉਸ ਨੂੰ ਆਪਣੀ ਮੰਨ ਲੈਂਦੇ ਹੋ, ਜੇ ਉਹ ਤੁਹਾਡੇ ਕੋਲੋਂ ਲੈ ਲਈ ਜਾਵੇ, ਖੋਹ ਲਈ ਜਾਵੇ ਤੁਸੀਂ ਕ੍ਰੋਧਿਤ ਹੋ ਉਠਦੇ ਹੋ। ਜੇ ਤੁਸੀਂ ਨਵੀਂ ਗੱਡੀ ਖਰੀਦਦੇ ਹੋ, ਤੁਹਾਡਾ ਉਸ ਨਾਲ ਮੋਹ ਪੈ ਜਾਂਦਾ ਹੈ ਜੇ ਕੋਈ ਉਸਨੂੰ ਖਰਾਬ ਕਰ ਦੇਵੇ, ਝਰੀਟ ਪਾ ਦੇਵੇ, ਤੁਹਾਨੂੰ ਗੁੱਸਾ ਆਵੇਗਾ ਹੀ, ਤੁਹਾਨੂੰ ਉਸ ਮਨੁੱਖ ਉਤੇ ਗੁੱਸਾ ਆਵੇਗਾ ਜਿਸ ਨੇ ਝਰੀਟ ਮਾਰੀ ਹੈ, ਕਿਉਂਕਿ ਉਸ ਨੇ ਉਸ ਚੀਜ਼ ਨੂੰ ਨੁਕਸਾਨ ਪਹੁੰਚਾਇਆ ਹੈ, ਜਿਹੜੀ ਤੁਹਾਨੂੰ ਪਿਆਰੀ ਹੈ।

ਬਹੁਤ ਸਾਰੇ ਲੋਕ ਮਹਿਸੂਸ ਕਰਦੇ ਹਨ ਕ੍ਰੋਧ ਦਾ ਹੋਣਾ, ਆਪਣੇ ਆਪ ਦੇ ਬਚਾਓ ਲਈ ਰੱਖਿਆ ਲਈ ਅਵੱਸ਼ਕ ਹੈ। ਇਹੋ ਜਿਹੀ ਸੰਵੇਗਕ ਸਹਾਇਤਾ ਤਾਂ ਪ੍ਰਾਚੀਨ ਮੂਲ–ਪ੍ਰਵਿਰਤੀ ਦੇ ਪੱਧਰ ਦੀ ਕਹੀ ਜਾ ਸਕਦੀ ਹੈ ਜਿਥੇ ਇਕ ਪਸ਼ੂ ਆਪਣੇ ਆਪ ਨੂੰ ਸਰੀਰਕ ਪੱਧਰ ਤੇ ਆਪਣੇ ਆਪ ਨੂੰ ਬਚਾਉਂਦਾ ਹੈ, ਆਪਣੀ ਰੱਖਿਆ ਕਰਦਾ ਹੈ। ਅੱਜ ਦੇ ਮਨੁੱਖ ਲਈ ਗੁੱਸਾ ਅਤੇ ਹੋਰ ਸਰੀਰ ਨੂੰ ਭੜਕਾਉਣ ਵਾਲੇ ਸੰਵੇਗ, ਵਧੇਰੇ ਹਾਨੀਕਾਰਕ ਹਨ, ਵਧੇਰੇ ਨੁਕਸਾਨ ਪਹੁੰਚਾਉਂਦੇ ਹਨ। ਪਸ਼ੂਆਂ ਅੰਦਰ ਜਾਂ ਪ੍ਰਾਚੀਨ ਮਨੁੱਖਾਂ ਲਈ ਸਵੈ ਚਲਿਤ ਨਾੜੀ ਤੰਤਰ ਨੂੰ ਉਤੇਜਿਤ ਕਰਨਾ, ਸ਼ਕਤੀ ਪ੍ਰਦਾਨ ਕਰਦਾ ਸੀ, ਮੁਕਾਬਲਾ ਕਰਨ ਲਈ ਤਿਆਰ ਕਰਦਾ ਸੀ। ਅੱਜ ਦੇ ਮਨੋਵਿਗਿਆਨਕਾਂ ਦਾ ਕਹਿਣਾ ਹੈ ਕਿ ਅੱਜ ਦੇ ਸਮੇਂ ਇਹ ਵਧੇਰੇ ਚੰਗਾ ਹੋਵੇ ਜੇਕਰ ਅਸੀਂ ਬਹੁਤ ਉਤਸਾਹਤ ਨਾ ਹੋਈਏ, ਉਤੇਜਿਤ ਨਾ ਹੋਈਏ, ਸਮੇਂ ਦੀ ਮੰਗ ਹੈ ਕਿ ਅਸੀਂ ਥੋੜ੍ਹੇ ਸ਼ਾਂਤ, ਧੀਮੇ ਰਹੀਏ ਕਿਉਂਕਿ ਅੱਜ ਦੇ ਜੀਵਨ ਦੇ ਦਬਾਓ ਡਾਵਾਂਡੋਲ ਸਥਿਤੀ, ਅਨਿਸਚਿਤਾ ਨਾਲ ਜੂਝਦੇ ਹੀ ਬਹੁਤ ਸ਼ਕਤੀ ਖ੍ਰੈ ਹੋ ਜਾਂਦੀ ਹੈ। ਇਹ ਦੇਖਿਆ ਗਿਆ ਹੈ ਕਿ ਅਲਸਰ, high blood pressure ਤੇ ਹੋਰ ਬਹੁਤ ਸਾਰੀਆਂ ਬਿਮਾਰੀਆਂ ਜਿਹੜੀਆਂ ਮਨੋਸਰੀਰਕ ਹਨ ਉਨ੍ਹਾਂ ਦਾ ਕਾਰਣ ਹੀ ਇਹ ਹੈ ਕਿ ਅਸੀਂ ਆਪਣੇ ਆਪ ਨੂੰ ਉਤਸਾਹਿਤ ਅਵਸਥਾ ਵਿਚ ਠੀਕ ਤਰ੍ਹਾਂ ਸੰਭਾਲ ਨਹੀਂ ਸਕੇ ਜਿਸ ਦਾ ਪ੍ਰਭਾਵ ਸਾਡੇ ਸਰੀਰ ਤੇ ਪੈ ਕੇ ਬੀਮਾਰੀ ਦਾ ਰੂਪ ਲੈ ਕੇ ਪ੍ਰਗਟ ਹੋ ਰਿਹਾ ਹੈ।

ਸਾਨੂੰ ਇਹ ਮਹਿਸੂਸ ਹੁੰਦਾ ਹੈ ਕ੍ਰੋਧ ਸਾਡੇ ਲਈ ਇਸ ਕਰਕੇ ਅਵਸ਼ਕ ਹੈ ਤਾਂ ਜੋ ਕਿਸੇ ਵੀ ਵੇਗਾਰ ਦਾ ਡਰਾਵੇ ਦਾ ਮੁਕਾਬਲਾ ਕੀਤਾ ਜਾ ਸਕੇ, ਵਾਸਤਵ ਵਿਚ ਇਹ ਗੱਲ ਠੀਕ ਨਹੀਂ ਹੈ। ਤਾਕਤਵਰ ਹੋਣਾ ਸ਼ਕਤੀਸ਼ਾਲ ਹੋਣਾ ਸੰਭਵ ਹੈ, ਗਤੀਸ਼ੀਲ ਹੋਣਾ ਸੰਭਵ ਹੈ, ਦੂਸਰੇ ਕਿਸੇ ਨੂੰ ਕੰਟਰੋਲ ਵੀ ਬਿਨਾਂ ਗੁੱਸੇ ਵਿਚ ਆਉਣ ਤੋਂ ਕੀਤਾ ਜਾ ਸਕਦਾ ਹੈ। ਤੁਸੀਂ ਇਹ ਸਭ ਕੁਝ ਆਪ ਸਥਿਰ ਰਹਿ ਕੇ ਵੀ ਕਰ ਸਕਦੇ ਹੋ। ਜੇ ਕੋਈ ਤੁਹਾਨੂੰ ਬੁਰਾ ਕਹਿੰਦਾ ਹੈ, ਗਾਲ੍ਹਾਂ ਕੱਢਦਾ ਹੈ, ਤੁਹਾਨੂੰ ਦੁੱਖ ਪਹੁੰਚਾਉਂਦਾ ਹੈ, ਤੁਸੀਂ ਉਸਨੂੰ ਦੱਸ ਸਕਦੇ ਹੋ ਕਿ ਤੁਸੀਂ ਇਸ ਤੋਂ ਅੱਗੇ ਬਰਦਾਸ਼ਤ ਨਹੀਂ ਕਰੋਗੇ। ਤੁਹਾਨੂੰ ਆਪਣੇ ਅੰਦਰ ਸਵੈ ਚਾਲਕ ਨਾੜੀ ਤੰਤਰ ਨੂੰ ਵੀ ਮਹਿਸੂਸ ਕਰਨ ਦੀ ਲੋੜ ਨਹੀਂ। ਤੁਸੀਂ ਦੇਖੋਗੇ ਤੁਸੀਂ ਅਨਾਤਮਕ ਰਹਿ ਕੇ, ਭਾਵਕ ਨਾ ਹੋ ਕੇ ਤੁਸੀਂ ਵਧੇਰੇ ਪ੍ਰਭਾਵਿਕ ਹੋ ਸਕਦੇ ਹੋ, ਇਹ ਤੁਸੀਂ ਗੁੱਸੇ ਵਿਚ ਆ ਕੇ ਨਹੀਂ ਕਰ ਸਕਦੇ। ਪੂਰਬ ਦੀਆਂ ਬਹੁਤ ਕਲਾਂ ਇਸੇ ਗੱਲ ਤੇ ਇਸੇ ਉਦੇਸ਼ ਤੇ ਆਧਾਰਿਤ ਹਨ। ਚਾਹੇ ਉਹ ਹੋਏ ਚਾਹੇ, Karate, Judo, Aikido ਕੁਛ ਵੀ ਇਨ੍ਹਾਂ ਵਿਚੋਂ ਕਿਉਂ ਨਾ ਹੋਏ। ਇਹ ਕਿਹਾ ਗਿਆ ਹੈ ਕਿ ਹਮਲੇ ਦਾ ਮੁਕਾਬਲਾ ਕਰਨ ਦਾ ਸਭ ਤੋਂ ਚੰਗਾ ਤਰੀਕਾ ਹੈ ਬਿਲਕੁਲ ਨਿਰਪੱਖ ਰਹੋ, ਤਟਅਸਥ ਰਹੋ। ਹਮਲਾ ਕਰਨ ਵਾਲੇ ਦੀ ਹੀ ਸ਼ਕਤੀ ਉਸ ਤੇ ਵਰਤੋਂ, ਭਾਵੁਕ ਨਾ ਹੋਵੋ, ਅੱਗੋਂ ਜਵਾਬ ਨਾ ਦਿਓ। ਇਹ ਵਿਚਾਰਧਾਰਾ ਕਿ ਕ੍ਰੋਧ ਆਪਣੇ ਬਚਾਅ ਲਈ ਆਪਣੀ ਰੱਖਿਆ ਲਈ ਅਵਸ਼ਕ ਹੈ ਇਹ ਬਿਲਕੁਲ ਹੀ ਗਲਤ ਹੈ, ਇਸ ਦਾ ਕੋਈ ਅਧਾਰ ਹੀ ਨਹੀਂ।

ਕੁਛ ਲੋਕ ਇਹ ਕਹਿਣਗੇ ਕਿ ਨਖੇਦੀ ਦੇ ਸੰਵੇਗ ਦਾ, ਪ੍ਰਗਟਾਵੇ ਦਾ ਸਕਾਰਾਤਮਕ ਪੱਖ ਵੀ ਹੈ ਉਹ ਹੈ ਕਿ ਜਿਹੜਾ

ਮਨੁੱਖ ਕਰ ਰਿਹਾ ਹੁੰਦਾ ਹੈ ਉਹ ਆਪਣੇ ਅੰਦਰ ਸਾਫ ਕਰ ਰਿਹਾ ਹੈ, ਉਸ ਦੇ ਅੰਦਰੋਂ ਨਕਾਰਾਤਮਕ ਭਾਵਨਾ ਨਿਕਲ ਰਹੀ ਹੈ। ਜਿਹੜੇ ਮਨੋਚਿਕਿਤਸਕ ਹਨ ਜਾਂ ਜਿਹੜੇ ਸਮੂਹਿਕ ਤਰ੍ਹਾਂ ਲੋਕਾਂ ਨੂੰ ਮਿਲਦੇ ਹਨ ਉਹ ਵਧੇਰੇ ਸੰਵੇਦਨਸ਼ੀਲ ਬਣ ਜਾਂਦੇ ਹਨ, ਉਹ ਆਪਣੇ ਹੀ ਸੰਵੇਗਾਂ ਦਾ ਅਧਿਐਨ ਕਰਦੇ ਰਹਿੰਦੇ ਹਨ। ਯੋਗ ਮਨੋਵਿਗਿਆਨ ਦੱਸਦੀ ਹੈ ਕਿ ਆਪਣੇ ਕ੍ਰੋਧ ਪ੍ਰਤੀ ਸੁਚੇਤ ਹੋਣਾ ਸਹਾਇਕ ਹੈ, ਉਸ ਦਾ ਪ੍ਰਗਟਾਵਾ ਕਰਨਾ ਵੀ ਠੀਕ ਹੈ, ਉਸਨੂੰ ਦਬਾ ਕੇ ਨਹੀਂ ਰੱਖਣਾ ਚਾਹੀਦਾ ਪਰ ਇਹ ਤਾਂ ਇਕ ਬੜਾ ਹੀ ਅਸਥਾਈ ਸਮਾਧਾਨ ਹੈ, ਇਸ ਤਰ੍ਹਾਂ ਕਰਨ ਨਾਲ ਤੁਸੀਂ ਆਪਣੀਆਂ ਭਾਵਨਾਵਾਂ ਨੂੰ ਕੰਟਰੋਲ ਕਰਨਾ ਸਿੱਖ ਹੀ ਨਹੀਂ ਸਕਦੇ, ਕੰਟਰੋਲ ਕਰਕੇ ਤੁਸੀਂ ਆਪਣਾ ਜੀਵਨ ਵਧੇਰੇ ਸਿਰਜਨਾਤਮਕ, ਵਧੇਰੇ ਲਾਭਕਾਰੀ ਬਣਾ ਸਕਦੇ ਹੋ। ਹਰੇਕ ਹਿੰਸਕ, ਉਤੇਜਿਤ ਸੰਵੇਗ ਦੇ ਪ੍ਰਗਟਾਵੇ ਦੀ ਲੋੜ ਹੈ, ਇਹ ਸੰਵੇਗ ਕਿਸੇ ਨਾ ਕਿਸੇ ਤਰੀਕੇ ਬਾਹਰ ਨਿਕਲੇਗਾ ਹੀ। ਪਰ ਭਾਵਨਾਵਾਂ ਨੂੰ, ਸੰਵੇਗਾਂ ਨੂੰ ਪ੍ਰਗਟ ਕਰਨ ਲਈ ਇਹ ਸਿੱਖਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਕਿਸ ਤਰ੍ਹਾਂ ਪ੍ਰਗਟ ਕਰਨਾ ਚਾਹੀਦਾ ਹੈ, ਕਿਸ ਤਰ੍ਹਾਂ ਉਨ੍ਹਾਂ ਨੂੰ ਸਿਰਜਨਾਤਮਕ ਬਨਾਉਣਾ ਚਾਹੀਦਾ ਹੈ, ਕਿਸ ਤਰ੍ਹਾਂ ਉਨ੍ਹਾਂ ਨੂੰ ਲਾਭਕਾਰੀ ਬਣਾਇਆ ਜਾ ਸਕਦਾ ਹੈ। ਜੇ ਇਹ ਨਾ ਕੀਤਾ ਜਾਵੇ, ਇਸ ਤਰ੍ਹਾਂ ਨਾ ਕੀਤਾ ਜਾਵੇ ਤਾਂ ਨੁਕਸਾਨ ਪਹੁੰਚ ਸਕਦਾ ਹੈ, ਹਾਨੀਕਾਰਕ ਹੋ ਸਕਦਾ ਹੈ, ਆਪਣੇ ਆਪ ਲਈ ਵੀ ਤੇ ਦੂਸਰਿਆਂ ਲਈ ਵੀ। ਸੰਵੇਗਕ ਸ਼ਕਤੀ ਬਹੁਤ ਹੀ ਅਮੁੱਲ ਹੈ, ਪਰ ਨਕਾਰਾਤਮਕ ਸੰਵੇਗ ਨਹੀਂ। ਸੰਵੇਗਾਂ ਨੂੰ ਚੰਗੇ ਪਾਸੇ ਲਾ ਕੇ ਉਨ੍ਹਾਂ ਦੀ ਵਰਤੋਂ ਸਕਾਰਾਤਮਕ ਪਾਸੇ ਕਰਕੇ ਉਨ੍ਹਾਂ ਨੂੰ ਸਿਰਜਨਾਤਮਕ ਬਣਾਇਆ ਜਾ ਸਕਦਾ ਹੈ ਇਸ ਤਰ੍ਹਾਂ ਕਰਨ ਨਾਲ ਮਨੁੱਖ ਨੂੰ ਸ਼ਕਤੀ ਮਿਲਦੀ ਹੈ, ਜਿਹੜੀ ਕੇਵਲ ਵਿਚਾਰ ਨਹੀਂ ਦੇ ਸਕਦੇ। ਜਦੋਂ ਇਸ ਸ਼ਕਤੀ ਦੀ ਸਦਵਰਤੋਂ ਕੀਤੀ ਜਾਂਦੀ ਹੈ, ਮਾਨਸਿਕ ਜੀਵਨ ਨੂੰ ਨਾਲ ਜੋੜਿਆ ਜਾਂਦਾ ਹੈ, ਇਸ ਤਰ੍ਹਾਂ ਕਰਨ ਨਾਲ ਮਨੁੱਖ ਵਚਿੱਤਰ ਕੰਮ ਕਰ ਸਕਦਾ ਹੈ, ਅਚੰਭਾ ਕਰ ਸਕਦਾ ਹੈ। ਆਮ ਚਕਿਤਸਕ ਤੁਹਾਨੂੰ ਸੰਵੇਗਾਂ ਤੇ ਕਾਬੂ ਪਾਉਣਾ ਨਹੀਂ ਸਿਖਾ ਸਕਦੇ, ਯੋਗ ਚਕਿਤਸਿਕ ਦੀ ਦੇਖ ਰੇਖ ਹੇਠ ਤੁਸੀਂ ਸਿੱਖ ਸਕਦੇ ਹੋ।

## ਈਰਖਾ

ਜਦੋਂ ਸਾਡੀ ਤੀਬਰ ਇੱਛਾ ਕਿਸੇ ਵਸਤੂ ਨੂੰ ਪ੍ਰਾਪਤ ਕਰਨ ਦੀ ਹੁੰਦੀ ਹੈ ਅਸੀਂ ਉਸ ਦੇ ਰਾਹ ਵਿਚ ਰੁਕਾਵਟਾਂ ਦੇਖਦੇ ਹਾਂ, ਸਾਨੂੰ ਰੁਕਾਵਟਾਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ, ਸਾਨੂੰ ਗੁੱਸਾ ਆਉਂਦਾ ਹੈ ਪਰ ਜਦੋਂ ਕੋਈ ਦੂਸਰਾ ਮਨੁੱਖ ਉਸ ਵਸਤੂ ਨੂੰ ਪ੍ਰਗਟ ਕਰਨ ਲਈ ਸਫਲ ਹੋ ਜਾਂਦਾ ਹੈ, ਉਸਨੂੰ ਉਹ ਅਨੁਭਵ ਹੋ ਜਾਂਦਾ ਹੈ, ਪ੍ਰਾਪਤੀ ਹੋ ਜਾਂਦੀ ਹੈ, ਉਸ ਸਮੇਂ ਸਾਡੇ ਅੰਦਰ ਜੋ ਭਾਵ ਉਠਦੇ ਹਨ ਉਹ ਈਰਖਾ ਦੇ ਹੁੰਦੇ ਹਨ, ਖਾਰ ਦੇ ਹੁੰਦੇ ਹਨ, ਸਾਡੇ ਅੰਦਰ ਮੁਕਾਬਲੇ ਦੀ ਭਾਵਨਾ ਆ ਜਾਂਦੀ ਹੈ। ਅਸੀਂ ਆਪਣੇ ਆਪ ਨੂੰ ਦੂਸਰੇ ਦੀ ਥਾਂ ਤੇ ਕਲਪਨਾ ਕਰਾਂਗੇ। ਜੇਕਰ ਕੋਈ ਆਦਮੀ ਕਿਸੇ ਇਸਤ੍ਰੀ ਨੂੰ ਚਾਹੁੰਦਾ ਹੈ ਪਰ ਉਸਨੂੰ ਪ੍ਰਾਪਤ ਨਹੀਂ ਕਰ ਸਕਦਾ, ਉਹ ਉਸ ਨਾਲ ਗੁੱਸਾ ਦਿਖਾਏਗਾ, ਪਰ ਜੇ ਉਹ ਉਸ ਇਸਤ੍ਰੀ ਨੂੰ ਕਿਸੇ ਹੋਰ ਆਦਮੀ ਨਾਲ ਦੇਖੇਗਾ ਤਾਂ ਉਹ ਈਰਖਾ ਕਰੇਗਾ।

ਜਿਹੜਾ ਮਨੁੱਖ ਈਰਖਾ ਰਖਦਾ ਹੈ ਉਹ ਆਪਣੇ ਅੰਦਰ ਊਣਾ ਮਹਿਸੂਸ ਕਰਦਾ ਹੈ, ਉਹ ਆਪਣੀ ਊਣਤਾ ਨੂੰ ਪੂਰੀ ਕਰਨ ਲਈ ਬਾਹਰੀ ਵਸਤੂ ਲੱਭਦਾ ਹੈ, ਬਾਹਰ ਦੀਆਂ ਚੀਜ਼ਾਂ ਤੋਂ ਆਪਣੀ ਕਮੀ ਪੂਰੀ ਕਰਦਾ ਹੈ। ਇਹੋ ਜਿਹਾ ਮਨੁੱਖ ਆਪਣੇ ਅੰਦਰ ਇਕ ਮਨੋਵਿਗਿਆਨਕ ਸਥਿਤੀ ਪੈਦਾ ਕਰ ਲੈਂਦਾ ਹੈ, ਆਪਣੀ ਕਿਸੇ ਚੀਜ਼ ਲਈ ਲਾਲਸਾ ਪੈਦਾ ਕਰਦਾ ਹੈ, ਆਪੇ ਹੀ ਨਿਰਾਸਤਾ ਪੈਦਾ ਕਰ ਲੈਂਦਾ ਹੈ, ਸੋਚ ਲੈਂਦਾ ਹੈ ਮੈਂ ਉਹ ਪ੍ਰਾਪਤ ਨਹੀਂ ਕਰ ਸਕਦਾ ਜੋ ਮੈਨੂੰ ਚਾਹੀਦਾ ਹੈ। ਦੁਰਬਲ ਮਨੁੱਖ, ਕਮਜ਼ੋਰ ਮਨੁੱਖ ਸਦਾ ਹੀ ਈਰਖਾ ਵਾਲਾ ਹੋਵੇਗਾ। ਜਿਨ੍ਹਾਂ ਦੀ ਇੱਛਾ ਸ਼ਕਤੀ ਸ਼ਕਤੀਸ਼ਾਲ ਹੈ ਜਿਹੜੇ ਆਪਣੇ ਤਰਕ, ਦਲੀਲ ਦੀ ਵਰਤੋਂ ਕਰ ਸਕਦੇ ਹਨ ਉਹ ਇਸ ਰੋਗ ਸੰਵੇਗ ਦੇ ਸ਼ਿਕਾਰ ਨਹੀਂ ਬਣਦੇ।

'ਈਸ਼ ਉਪਨਿਸ਼ਦ' ਦਾ ਕਹਿਣਾ ਹੈ ਕਿਸੇ ਦੂਸਰੇ ਮਨੁੱਖ ਦੀ ਸਪੰਤੀ ਲਈ ਹਿਰਸ ਨਾ ਕਰੋ, ਤਮ੍ਹਾਂ ਨਾ ਕਰੋ। ਕਦੀ ਵੀ ਜੋ ਕੁਝ ਵੀ ਦੂਸਰੇ ਕੋਲ ਹੈ ਧਨ ਦੌਲਤ ਉਸ ਲਈ ਭਰਮਤ ਨਾ ਹੋਵੇ, ਉਸ ਲਈ ਮਨ ਵਿਚ ਕਪਟ ਨਾ ਰੱਖੋ, ਉਸ ਲਈ ਕੋਈ ਵੀ ਕਿਸੇ ਤਰ੍ਹਾਂ ਦਾ ਵਿਚਾਰ ਆਪਣੇ ਮਨ ਵਿਚ ਨਾ ਰੱਖੋ। ਜੇਕਰ ਤੁਹਾਨੂੰ ਵਾਸਤਵਿਕਤਾ ਦਾ ਪਤਾ ਹੁੰਦਾ, ਜੋ ਤੁਸੀਂ ਕਲਪਨਾ ਕਰ ਰਹੇ ਹੋ ਉਹ ਨਹੀਂ ਕੁਝ ਹੋਰ ਹੈ, ਤੁਸੀਂ ਜਾਣ ਲੈਂਦੇ ਹੋ ਕਿ ਖੁਸ਼ੀ ਜਿਹੜੀ ਤੁਸੀਂ ਦੇਖ ਰਹੇ ਹੋ ਉਹ ਅਸਲੀ ਨਹੀਂ ਹੈ ਉਹ ਇਕ ਭਰਮ ਹੈ ਜੋ ਦਿਖਦਾ ਹੈ ਵਾਸਤਵਿਕਤਾ ਕੁਝ ਹੋਰ ਹੈ। ਜਦੋਂ ਤੁਸੀਂ ਆਤਮ ਸਿੱਧੀ ਕਰ ਲੈਂਦੇ ਹੋ ਅਨੰਦ ਹੀ ਅਨੰਦ ਹੁੰਦਾ ਹੈ, ਉਹ ਅਨੰਦ ਤੁਹਾਡੀ ਹੋਂਦ ਦਾ ਹੀ ਤੱਤ ਹੁੰਦਾ ਹੈ, ਉਹ ਕੋਈ ਤੁਹਾਡੇ ਕੋਲੋਂ ਖੋਹ ਨਹੀਂ ਸਕਦਾ, ਲੈ ਨਹੀਂ ਸਕਦਾ, ਚੋਰੀ ਨਹੀਂ ਕਰ ਸਕਦਾ। ਆਤਮਾ ਨੂੰ ਅੰਦਰੋਂ ਜਾਣ ਲੈਣਾ, ਪਛਾਣ ਲੈਣ ਤੋਂ ਭਾਵ ਹੈ ਕਿ ਪੂਰਨਤਾ ਬਾਹਰੋਂ ਨਹੀਂ ਅੰਦਰੋਂ ਆਉਂਦੀ ਹੈ। ਈਰਖਾ, ਸਾੜਾ ਸਭ ਕੁਝ ਪਿਛੇ ਰਹਿ ਜਾਂਦਾ ਹੈ। ਅਸੀਂ ਇਹ ਜਾਣ ਜਾਂਦੇ ਹਾਂ ਜੋ ਕੁਝ ਵੀ ਚਾਹੀਦਾ ਹੈ, ਉਹ ਸਾਡੇ ਕੋਲ ਹੈ, ਕੇਵਲ ਅਸੀਂ ਉਸ ਲਈ ਸੁਚੇਤ ਨਹੀਂ, ਅਸੀਂ ਆਪਣੇ ਰੁਝੇਵਿਆਂ ਵਿਚ ਐਨੇ ਲਿਪਤ ਸੀ ਕਿ ਅਸੀਂ ਪਛਾਣ ਹੀ ਨਹੀਂ ਸਕੇ।

## ਡਰ

ਪੁਰਾਤਨ ਆਤਮ ਸੰਭਾਲ ਦਾ ਇਕ ਪੱਖ ਡਰ ਹੈ, ਡਰ ਬਹੁਤ ਸਾਰੇ ਸੰਵੇਗਾਂ ਦੀ ਜੜ੍ਹ ਹੈ। ਆਮ ਤੌਰ ਤੇ ਅਸੀਂ ਇਹ ਜਾਣਦੇ ਹੀ ਨਹੀਂ ਕਿ ਸਾਡੇ ਅੰਦਰ ਕਿੰਨੇ ਵੱਡੇ-ਵੱਡੇ ਭੈ ਹਨ, ਸਾਨੂੰ ਇਹ ਭੈ ਕਿਸ-ਕਿਸ ਤਰ੍ਹਾਂ ਨਾਲ ਪ੍ਰਭਾਵਿਤ ਕਰਦੇ ਹਨ। ਸਾਡੇ ਵਿਚ ਬਹੁਤ ਸਾਰੇ ਚੇਤਨ ਤੌਰ ਤੇ, ਅਚੇਤ ਤੌਰ ਤੇ, ਡਰ ਨਾਲ ਗ੍ਰਸੇ ਰਹਿੰਦੇ ਹਨ। ਇਕ ਤਰ੍ਹਾਂ ਦਾ ਡਰ ਦੂਸਰੀ ਤਰ੍ਹਾਂ ਦਾ ਡਰ। ਡਰ ਪ੍ਰੇਰਨਾ ਦਾ ਸਭ ਤੋਂ ਵੱਡਾ ਸਰੋਤ ਹੈ, ਇਹ ਸੰਵੇਗ ਦਾ ਮੁੱਢ ਹੈ, ਮੂਲ ਸ੍ਰੋਤ ਹੈ, ਇਸਨੂੰ ਬਦਲ ਕੇ ਦੂਸਰੇ ਪਾਸੇ ਲਗਾਉਣਾ ਜੀਵਨ ਦੀ ਖੁਸ਼ੀ ਲਈ ਬਹੁਤ ਅਵਸ਼ਕ ਹੈ।

ਜੇਕਰ ਸਾਡੀ ਹੋਂਦ, ਸਾਡੀ ਆਤਮ ਸ੍ਰੇਸ਼ਟਤਾ, ਸੰਪੂਰਣਤਾ ਬਾਹਰੀ ਪ੍ਰਾਪਤੀ ਦੇ ਅਧੀਨ ਹੈ, ਸਾਨੂੰ ਲਗਦਾ ਹੈ ਉਹ ਸਾਡੇ ਤੋਂ ਖੁਸ਼ ਜਾਏਗਾ, ਜਾਂ ਸਾਨੂੰ ਲੱਗੇ ਅਸੀਂ ਉਸਦੀ ਪ੍ਰਾਪਤੀ ਨਹੀਂ ਕਰ ਸਕਦੇ, ਫੇਰ ਸਾਨੂੰ ਭੈ ਲਗਦਾ ਹੈ, ਅਸੀਂ ਡਰ ਜਾਂਦੇ ਹਾਂ। ਉਦਾਹਰਣ ਵਜੋਂ ਅਸੀਂ ਇਕੱਲੇ ਹਨ੍ਹੇਰੀ ਗਲੀ ਵਿਚ ਜਾਣ ਤੋਂ ਡਰਦੇ ਹਾਂ ਜਾਂ ਘਰ ਦੇ ਥੱਲੇ ਬਣੇ ਭੋਰੇ ਵਿਚ ਹਨ੍ਹੇਰੇ ਹੁੰਦੇ ਜਾਣ ਤੋਂ ਡਰਦੇ ਹਾਂ ਕਿਉਂਕਿ ਸਾਨੂੰ ਲਗਦਾ ਹੈ ਸਾਨੂੰ ਹੀ ਨਾ ਕੁਛ ਹੋ ਜਾਏ, ਅਸੀਂ ਆਪਣੇ ਜੀਵਨ ਨੂੰ ਹੀ ਖਤਰਾ ਮਹਿਸੂਸ ਕਰਦੇ ਹਾਂ। ਜੇਕਰ ਅਸੀਂ ਅਸੁਰਖਿਅਤ ਮਹਿਸੂਸ ਕਰਦੇ ਹਾਂ, ਅਧੂਰੇ ਮਹਿਸੂਸ ਕਰਦੇ ਹਾਂ, ਸਾਨੂੰ ਦੂਸਰਿਆਂ ਪਾਸੋਂ ਪ੍ਰਵਾਨਗੀ ਨਹੀਂ ਮਿਲਦੀ, ਫੇਰ ਅਸੀਂ ਜੀਵਨ ਦੇ ਹਰ ਮੋੜ ਤੇ ਇਹ ਡਰ ਲੈ ਕੇ ਚੱਲਾਂਗੇ ਕਿ ਅਸੀਂ ਕਿਧਰੇ ਅਸਵੀਕਾਰ ਨਾ ਹੋ ਜਾਈਏ।

ਅਧੀਨਗੀ ਦੀ ਆਦਤ ਤੋਂ ਬਿਨਾਂ ਕੋਈ ਵੀ ਭੈ ਨਹੀਂ ਹੋ ਸਕਦਾ। ਪਦਾਰਥ ਵਸਤੂਆਂ ਆਉਂਦੀਆਂ ਹਨ ਜਾਂਦੀਆਂ ਹਨ, ਅਨੁਭਵ ਆਉਂਦੇ ਹਨ, ਜਾਂਦੇ ਹਨ, ਅਸੀਂ ਉਨ੍ਹਾਂ ਨਾਲ ਜੁੜ ਨਹੀਂ ਜਾਂਦੇ, ਚੰਬੜ ਨਹੀਂ ਜਾਂਦੇ। ਜਦੋਂ ਅਸੀਂ ਕਿਸੇ ਵੀ ਵਸਤੂ ਤੇ ਨਿਰਭਰ ਮਹਿਸੂਸ ਕਰਦੇ ਹਾਂ, ਫੇਰ ਅਸੀਂ ਡਰ ਜਾਂਦੇ ਹਾਂ ਕਿ ਇਹ ਸਾਡੇ ਤੋਂ ਖੁਸ ਨਾ ਜਾਵੇ। ਕਿਸਾਨ ਨੂੰ ਭਾਵੇਂ ਇਸ ਗੱਲ ਦਾ ਡਰ ਲੱਗੇ ਕਿ ਉਸਦੀ ਫਸਲ ਤਬਾਹ ਨਾ ਹੋ ਜਾਵੇ ਕਿਉਂਕਿ ਠੰਢ ਬਹੁਤ ਪੈ ਰਹੀ ਹੈ, ਬੱਚੇ ਦੀ ਮਾਂ ਜੇਕਰ ਬੀਮਾਰ ਹੈ ਤਾਂ ਬੱਚਾ ਡਰਦਾ ਹੈ ਕਿ ਉਸਦੀ ਮਾਂ ਉਸ ਕੋਲੋਂ ਖੁਸ ਨਾ ਜਾਵੇ। ਪੈਸਾ ਲਗਾਉਣ ਵਾਲੇ ਨੂੰ ਡਰ ਹੈ ਕਿ ਉਸ ਦਾ ਪੈਸਾ ਨਾ ਡੁੱਬ ਜਾਏ। ਜਿਸ ਚੀਜ਼ ਬਾਰੇ ਵੀ ਅਸੀਂ ਮਹਿਸੂਸ ਕਰਦੇ ਹਾਂ ਕਿ ਸਾਡੇ ਕੋਲ ਜ਼ਰੂਰ ਹੋਣੀ ਚਾਹੀਦੀ ਹੈ, ਜਾਂ ਜੋ ਕੁਝ ਵੀ ਅਸੀਂ ਆਪਣੀ ਪਛਾਣ ਬਣਾ ਲਈ ਹੈ ਉਸਦੇ ਖਤਮ ਹੋਣ ਦਾ, ਉਸਦੇ ਖੋਹੇ ਜਾਣ ਦਾ ਡਰ ਸਾਨੂੰ ਲੱਗਾ ਰਹਿੰਦਾ ਹੈ।

ਮੰਦਭਾਗੀ ਇਹ ਹੈ ਜਦੋਂ ਅਸੀਂ ਭੈ ਭੀਤ ਹੁੰਦੇ ਹਾਂ, ਇਹ ਸੋਚਦੇ ਹਾਂ ਸਾਨੂੰ ਕੁਛ ਨਾ ਹੋ ਜਾਵੇ, ਇਹ ਸਵੈਪੂਰਨਤਾ ਦੀ ਭਵਿੱਖ ਬਾਣੀ ਹੈ, ਇਹ ਉਸ ਦਾ ਇਕ ਗੁਣ ਹੈ। ਹੁੰਦਾ ਇਹ ਹੈ ਕਿ ਅਸੀਂ ਡਰਦੇ ਹਾਂ ਕਿ ਜੋ ਅਸੀਂ ਸੋਚ ਰਹੇ ਹਾਂ ਉਹ ਕਿਤੇ ਸੱਚੀ ਹੋ ਨਾ ਜਾਵੇ, ਇਹ ਸਾਡਾ ਡਰ ਹੈ। ਉਦਾਹਰਣ ਵਜੋਂ ਜੇ ਤੁਸੀਂ ਦੂਸਰਿਆਂ ਤੋਂ, ਅਸਵੀਕਾਰਣ ਤੋਂ ਡਰਦੇ ਹੋ, ਤੁਸੀਂ ਅੰਦਰੋਂ ਵੀ ਔਖੇ-ਔਖੇ ਰਹੋਗੇ, ਤੁਹਾਡਾ ਬੋਲਣਾ ਉਠਣਾ ਬੈਠਣਾ ਤੁਹਾਡਾ ਤੌਰ ਤਰੀਕਾ ਸਭ ਕੁਝ ਹੀ ਡਰਿਆ ਡਰਿਆ ਹੋਵੇਗਾ। ਤੁਸੀਂ ਹਰ ਕਿਸੇ ਨੂੰ ਨਖੇਦੀ ਦੇ ਤਰੀਕੇ ਨਾਲ ਮਿਲੋਗੇ ਫੇਰ ਉਹ ਮਨੁੱਖ ਤੁਹਾਡੇ ਨਾਲ ਵੀ ਉਸ ਤਰ੍ਹਾਂ ਹੀ ਕਰੇਗਾ। ਜੇਕਰ ਤੁਸੀਂ ਡਰਦੇ ਹੋ, ਪਿਛੇ ਰਹਿੰਦੇ ਹੋ, ਸੋਚਦੇ ਹੋ ਤੁਸੀਂ ਅਸਵੀਕਾਰੇ ਜਾਵੋਗੇ, ਦੂਸਰਾ ਮਨੁੱਖ ਵੀ ਪਿਛੇ ਹਟ ਜਾਂਦਾ ਹੈ, ਸੰਕੋਚ ਜਾਂਦਾ ਹੈ। ਤੁਹਾਨੂੰ ਲੱਗੇਗਾ ਕਿ ਉਹ ਤੁਹਾਨੂੰ ਅਸਵੀਕਾਰ ਕਰ ਰਿਹਾ ਹੈ, ਤੁਸੀਂ ਪਿਛੇ ਹਟ ਜਾਂਦੇ ਹੋ, ਤੁਸੀਂ ਤਾਂ ਇਹੋ ਆਸ ਕਰ ਰਹੇ ਸੀ। ਇਸ ਤਰ੍ਹਾਂ ਨਾਲ ਇਕ ਦੂਸ਼ਿਤ ਚੱਕਰ ਸ਼ੁਰੂ ਹੋ ਜਾਂਦਾ ਹੈ ਜਿੰਨਾਂ ਹੀ ਵੱਧ ਅਸੀਂ ਕਿਸੇ ਸਥਿਤੀ ਵਿਚ ਸ਼ੱਕ ਨਾਲ, ਡਰ ਨਾਲ ਜਾਵਾਂਗੇ, ਬਹੁਤ ਵਾਰੀ ਉਹ ਹੀ ਹੋਵੇਗਾ। ਇਸੇ ਤਰ੍ਹਾਂ ਜੇ ਅਸੀਂ ਡਰ ਰਹੇ ਹਾਂ ਸਾਡੇ ਉਤੇ ਕੋਈ ਹਮਲਾ ਕਰੇਗਾ, ਹਮਲਾ ਹੋ ਹੀ ਜਾਏਗਾ। ਕੋਈ ਵੀ ਜਾਨਵਰ ਇਕ ਮਨੁੱਖ ਦੇ ਕੋਲੋਂ ਲੰਘ ਜਾਵੇਗਾ ਪਰ ਦੂਸਰੇ ਤੇ ਹਮਲਾ ਕਰ ਦੇਵੇਗਾ ਕਿਉਂਕਿ ਉਹ ਡਰਦਾ ਹੈ ਕਿਉਂਕਿ ਪਸ਼ੂ ਇਹ ਜਾਣ ਜਾਂਦੇ ਹਨ ਕਿ ਤੁਸੀਂ ਡਰ ਰਹੇ ਹੋ। ਉਹ ਸਮਝਦਾ ਹੈ ਜੇ ਤੁਸੀਂ ਡਰ ਰਹੇ ਹੋ ਤਾਂ ਹੋ ਸਕਦਾ ਹੈ, ਤੁਸੀਂ ਉਸ ਨੂੰ ਮਾਰੋ। ਸੋ ਇਸ ਤੋਂ ਪਹਿਲਾਂ ਕਿ ਤੁਸੀਂ ਮਾਰੋ ਉਹ ਹੀ ਹਮਲਾ ਕਰ ਦਿੰਦਾ ਹੈ। ਸੋ ਡਰ ਤੋਂ ਖਤਰਾ ਪੈਦਾ ਹੁੰਦਾ ਹੈ। ਜੇ ਅਸੀਂ ਡਰ ਹਟਾ ਦਿੰਦੇ ਹਾਂ ਤਾਂ ਅਸੀਂ ਨਖੇਦੀ ਦਾ ਅਨੁਭਵ ਵੀ ਖਤਮ ਕਰ ਦਿੰਦੇ ਹਾਂ।

ਅਸੀਂ ਆਪਣੇ ਜੀਵਨ ਵਿਚ ਬਹੁਤ ਵਾਰੀ ਦੇਖਿਆ ਹੈ ਜਿਨ੍ਹਾਂ ਚੀਜ਼ਾਂ ਤੋਂ ਜਿਨ੍ਹਾਂ ਸਥਿਤੀਆਂ ਤੋਂ ਅਸੀਂ ਡਰਦੇ ਹਾਂ ਉਹ ਹੀ ਸਾਡੇ ਸਾਮ੍ਹਣੇ ਆ ਖੜ੍ਹੀਆਂ ਹੁੰਦੀਆਂ ਹਨ ਦੇਖਿਆ ਜਾਵੇ ਤਾਂ ਇਸ ਸਥਿਤੀ ਦਾ ਆਪਣਾ ਇਕ ਗੁਣ ਹੈ ਜਦੋਂ ਅਸੀਂ ਇਕ ਸਥਿਤੀ ਦੇ ਸਾਮ੍ਹਣੇ ਆ ਜਾਂਦੇ ਹਾਂ ਸਾਨੂੰ ਉਸਦਾ ਸਾਮ੍ਹਣਾ ਕਰਨਾ ਹੀ ਪੈਂਦਾ ਹੈ, ਮੁਕਾਬਲਾ ਕਰਨਾ ਹੀ ਪੈਂਦਾ ਹੈ, ਮੁਕਾਬਲਾ ਕਰਦਿਆਂ ਅਸੀਂ ਇਹ ਜਾਣ ਲੈਂਦੇ ਹਾਂ, ਸਮਝ ਜਾਂਦੇ ਹਾਂ ਕਿ ਸਥਿਤੀ ਐਨੀ ਭਿਆਨਕ ਨਹੀਂ ਹੈ ਜਿੰਨੀ ਅਸੀਂ ਸੋਚਦੇ ਸੀ। ਸਾਡੀ ਕਲਪਨਾ ਨੇ ਤਾਂ ਹੋਰ ਹੀ ਇਕ ਆਕਾਰ ਬਣਾਇਆ ਹੋਇਆ ਸੀ, ਜਦੋਂ ਅਸੀਂ ਇਹ ਜਾਣ ਜਾਂਦੇ ਹਾਂ ਅਸੀਂ ਦੁਖ ਤੋਂ ਬਚ ਜਾਂਦੇ ਹਾਂ।

(********)

# ਮਾਨਵਤਾ ਦੇ ਨਾਂ
# (A Call To Humanity)

*ਡਾ. ਸਵਾਮੀ ਰਾਮ ਜੀ*
*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

*(ਲੜੀ ਜੋੜਨ ਲਈ ਦੇਖੋ ਮਾਰਚ ਅੰਕ, ਪੰਨਾ -63)*

**ਵੇਦਾਂ ਦੀ ਪਰੰਪਰਾ ਜਾਗ੍ਰਤ ਰਿਸ਼ੀਆਂ ਮੁਨੀਆਂ ਨੂੰ ਮਿਲੀ ਉਨ੍ਹਾਂ ਨੇ ਸਤਿ ਦਾ ਅਨੁਭਵ ਆਪਣੇ ਅੰਦਰੋਂ ਕੀਤਾ। ਉਨ੍ਹਾਂ ਨੇ ਮਜ਼ਹਬ ਦੀਆਂ ਕੀਮਤਾਂ ਕਦਰਾਂ ਦੀ ਕੇਵਲ ਚਰਚਾ ਹੀ ਨਹੀਂ ਕੀਤੀ, ਉਨ੍ਹਾਂ ਨੇ ਇਸ ਸਭ ਕੁਝ ਦਾ ਪ੍ਰਤੱਖ ਅਨੁਭਵ ਕੀਤਾ। ਉਨ੍ਹਾਂ ਦਾ ਪ੍ਰਤੱਖ ਅਨੁਭਵ ਹੀ ਉਨ੍ਹਾਂ ਦੀ ਸਿਖਿਆ ਦਾ ਆਧਾਰ ਹੈ। ਬ੍ਰਹਮਗਿਆਨੀਆਂ, ਰਿਸ਼ੀਆਂ-ਮੁਨੀਆਂ ਅਤੇ ਵਿਦਵਾਨਾਂ ਵਿਚ ਬਹੁਤ ਅੰਤਰ ਹੈ। ਵਿਦਵਾਨ ਸਤਿ ਨੂੰ ਬੁੱਧੀ ਰਾਹੀਂ ਜਾਨਣ ਦੀ ਕੋਸ਼ਿਸ਼ ਕਰਦਾ ਹੈ, ਜਦੋਂ ਕਿ ਬ੍ਰਹਮਗਿਆਨੀ ਸ਼ੁੱਧ ਹਿਰਦੇ ਰਾਹੀਂ ਉਸ ਦਾ ਅਨੁਭਵ ਕਰਦਾ ਹੈ। ਰਿਸ਼ੀਆਂ-ਮੁਨੀਆਂ ਦਾ ਪ੍ਰਤੱਖ ਗਿਆਨ ਇੰਦਰੀਆਂ ਦਾ ਪ੍ਰਤੱਖ ਗਿਆਨ ਨਹੀਂ ਹੈ ਜਾਂ ਮਾਨਸਿਕ ਸ਼ਕਤੀਆਂ ਰਾਹੀਂ ਨਹੀਂ ਹੈ। ਜਿਹੜੀਆਂ ਵੀ ਸੂਚਨਾਂ ਬੁੱਧੀ ਰਾਹੀਂ ਮਿਲਦੀਆਂ ਹਨ ਉਹ ਬਿਲਕੁਲ ਇਸ ਤਰ੍ਹਾਂ ਹੈ ਜਿਵੇਂ ਸਾਗਰ ਦੀ ਸੱਤਾ ਤੋਂ ਲਹਿਰਾਂ ਉਠਦੀਆਂ ਹਨ। ਦੂਸਰੇ ਪਾਸੇ ਪ੍ਰਤੱਖ ਅਨੁਭਵ ਕ੍ਰਿਪਾ ਸਾਗਰ ਦੀ ਡੂੰਘਿਆਈ ਤੋਂ ਆਉਂਦਾ ਹੈ, ਆਤਮਾ ਤੋਂ ਉਤਪੰਨ ਹੁੰਦਾ ਹੈ। ਸਤਿ ਕਦੀ ਵੀ ਉਪਰ ਦੀ ਸਤਾ ਤੇ ਨਹੀਂ, ਸਤਿ ਸਦਾ ਹੀ ਚੇਤਨਾ ਦੀ ਗਹਿਰਾਈ ਵਿਚ ਹੁੰਦਾ ਹੈ। ਸਤਿ ਨੂੰ ਪ੍ਰਤੱਖ ਦੇਖਿਆ ਨਹੀਂ ਜਾ ਸਕਦਾ, ਸਤਿ ਨੂੰ ਅੰਦਰ ਅਨੁਭਵ ਕੀਤਾ ਜਾ ਸਕਦਾ ਹੈ, ਸਤਿ ਅੰਦਰ ਦੇ ਅਨੰਦ ਦਾ ਸਰੋਤ ਹੈ। ਜਾਗ੍ਰਤ ਹਿਰਦਾ ਸਹਿਜੇ ਹੀ ਉਹ ਅਨੁਭਵ ਕਰ ਲੈਂਦਾ ਹੈ ਜਿਹੜਾ ਬੁੱਧੀ ਨਹੀਂ ਪਕੜ ਸਕਦੀ। ਇਕ ਵਾਰੀ ਜਦੋਂ ਪ੍ਰਤੱਖ ਪ੍ਰਾਪਤੀ ਹੋ ਜਾਂਦੀ ਹੈ, ਸਿੱਧੀ ਹੋ ਜਾਂਦੀ ਹੈ ਗਿਆਨ ਦੇ ਬੂਹੇ ਖੁਲ੍ਹ ਜਾਂਦੇ ਹਨ ਸਦਾ ਲਈ ਖੁਲ੍ਹ ਜਾਂਦੇ ਹਨ ਅਤੇ ਫੇਰ ਉਹ ਧਰਮ ਦਾ ਆਧਾਰ ਬਣ ਜਾਂਦੇ ਹਨ, ਫਿਲੌਸਫੀ ਦੇ ਵਾਦ-ਵਿਵਾਦ ਕਰਨਾ, ਵਿਦਵਤਾ ਭਰਿਆ ਅਭਿਮਾਨ ਦਿਖਾਉਣਾ, ਸੰਗਠਨ ਹੋਣ ਲਈ ਪ੍ਰੇਰਨਾ ਦੇਣੀ ਇਨ੍ਹਾਂ ਗੱਲਾਂ ਨਾਲ ਅੰਦਰ ਦੇ ਸਥਾਈ ਧਾਰਮਿਕ ਗੁਣ ਪ੍ਰਫੁਲਤ ਨਹੀਂ ਹੋ ਸਕਦੇ।**

**ਅੱਜ ਮਨੁੱਖ ਦਾ ਮਨ ਦੋ ਕਾਰਣਾਂ ਕਰਕੇ ਸਤਿਆ ਪਿਆ ਹੈ। ਇਕ ਪਾਸੇ ਮਨੁੱਖ ਨਾਲ ਸੰਸਾਰਕ ਮਾਇਆ ਨਾਲ ਗ੍ਰਸੀਆਂ ਸਮਾਜਿਕ ਤੇ ਸਦਾਚਾਰਕ ਕੀਮਤਾਂ ਹਨ। ਦੂਸਰੇ ਪਾਸੇ ਮਨੁੱਖ ਭੈ ਤੇ ਅਸੁਰਖਿਅਤਾ ਦਾ ਸ਼ਿਕਾਰ ਹੈ। ਪਦਾਰਥਕ ਮਾਇਆ ਦੀ ਮਨੋਵਿਰਤੀ ਕਰਕੇ ਅੱਜ ਦੇ ਮਨੁੱਖ ਦੀਆਂ ਇਛਾਵਾਂ ਦੀ ਸੀਮਾਂ ਹੀ ਕੋਈ ਨਹੀਂ ਰਹੀ ਜਿਨ੍ਹਾਂ ਕਰਕੇ ਮਨੁੱਖ ਉਚੇਰੀਆਂ ਕੀਮਤਾਂ ਤੋਂ ਪਰ੍ਹੇ ਹਟ ਗਿਆ ਹੈ। ਮਨੁੱਖ ਨੂੰ ਮਜ਼ਹਬ ਦੀ ਕੱਟੜਤਾ ਨੇ ਘੇਰ ਲਿਆ ਹੈ ਪਰ ਇਸ ਤਰ੍ਹਾਂ ਕਰਨ ਨਾਲ ਮਨੁੱਖ ਦੀਆਂ ਬੋਧਿਕ ਲੋੜਾਂ ਦੀ ਤ੍ਰਿਪਤੀ ਨਹੀਂ ਹੋਈ। ਮਜ਼ਹਬ ਦੀ ਸੱਚੀ ਵਿਸ਼ੇਸ਼ਤਾ ਨੂੰ ਨਾ ਜਾਣਦਿਆਂ ਹੋਇਆਂ, ਮਨੁੱਖ ਮਜ਼ਹਬ ਦੀਆਂ ਨਿਰਮਾਣਸ਼ੀਲ ਕੀਮਤਾਂ ਤੇ ਲਾਭਕਾਰੀ ਕੀਮਤਾਂ ਨੂੰ ਵੀ ਛੱਡ ਦਿੰਦਾ ਹੈ, ਨਕਾਰ ਦਿੰਦਾ ਹੈ, ਆਪਣੀ ਵਿਰਾਸਤ ਛੱਡ ਦਿੰਦਾ ਹੈ। ਅੰਤ ਵਿਚ ਮਨੁੱਖ ਨਾਸਤਿਕ ਬਣ ਜਾਂਦਾ ਹੈ, ਵਿਸ਼ਵਾਸ਼ ਗੁਆ ਬੈਠਦਾ ਹੈ। ਉਸਨੂੰ ਕੱਟੜਪਣੇ ਨਾਲ, ਰਸਮੋ ਰਿਵਾਜਾਂ ਨਾਲ ਬਿਲਕੁਲ ਵੀ ਸੰਤੁਸ਼ਟੀ ਨਹੀਂ ਮਿਲਦੀ, ਪਰ ਜਦੋਂ ਉਹ ਇਨ੍ਹਾਂ ਚੀਜ਼ਾਂ ਦਾ ਤਿਆਗ ਨਿਰਾਸ ਹੋ ਕੇ ਕਰਦਾ ਹੈ ਫੇਰ ਉਹ ਹੋਰ ਵੀ ਅਸੰਤੁਸ਼ਟ ਹੋ ਜਾਂਦਾ ਹੈ।** ਇਹ ਦੁਬਿਧਾ, ਦੋਚਿਤਾਪਨ ਉਨ੍ਹਾਂ ਸਿਖਿਅਕਾਂ ਦੀ ਦੇਣ ਹੈ ਉਨ੍ਹਾਂ ਪ੍ਰਚਾਰਿਕਾ ਦੀ ਦੇਣ ਹੈ ਜਿਨ੍ਹਾਂ ਨੂੰ ਆਪ ਨੂੰ ਨਹੀਂ ਪਤਾ ਧਰਮ ਕੀ ਹੈ।

ਸਾਨੂੰ ਪ੍ਰਸ਼ਨ ਪੁੱਛਣ ਤੋਂ ਡਰਨਾ ਨਹੀਂ ਚਾਹੀਦਾ ਸਾਨੂੰ ਪ੍ਰਸ਼ਨਾਂ ਦੇ ਉਤਰ ਲੱਭ ਲੈਣੇ ਚਾਹੀਦੇ ਹਨ। ਸਾਨੂੰ ਭਰਮ, ਵਹਿਮ ਛੱਡਣ ਤੋਂ ਵੀ ਡਰਨਾ ਨਹੀਂ ਚਾਹੀਦਾ, ਸਾਨੂੰ ਸਤਿ ਅਪਨਾਉਣਾ ਚਾਹੀਦਾ ਹੈ। ਸਾਨੂੰ ਇਹ ਪੁਛਣਾ ਚਾਹੀਦਾ ਹੈ ਕਿ ਉਹ ਧਰਮ ਦਾ ਕੀ ਲਾਭ ਹੈ ਜਿਹੜਾ ਸਾਨੂੰ ਘਰ ਬਾਹਰ ਛੱਡ ਕੇ, ਆਪਣੀਆਂ ਜ਼ਿੰਮੇਵਾਰੀਆਂ ਛੱਡ ਕੇ ਜੰਗਲਾਂ ਵਿਚ ਜਾਣ ਵਾਸਤੇ ਸਲਾਹ ਦੇਵੇ। ਉਸ ਧਰਮ ਦਾ ਕੀ ਲਾਭ ਜਿਸ ਵਿਚ ਆਪਣੇ ਆਪ ਨੂੰ ਆਪਣੀਆਂ ਗਲਤੀਆਂ ਨੂੰ ਸੋਧਣ ਦੀ ਕੋਈ ਗੁੰਜਾਇਸ਼ ਹੀ ਨਾ ਹੋਵੇ, ਸ਼ਾਂਤਮਈ ਸਾਫ ਸੁਥਰਾ ਜੀਵਣ ਜੀਣ ਦੀ ਕੋਈ ਗੁੰਜਾਇਸ਼ ਨਾ ਹੋਵੇ। ਉਸ ਧਰਮ ਤੋਂ ਕੀ ਲਾਭ ਜਿਹੜਾ ਛੂਈ ਮੂਈ ਪੌਦੇ ਦੀ ਤਰ੍ਹਾਂ ਹੱਥ ਲਾਉਣ ਤੇ ਮੁਰਝਾ ਜਾਵੇ।

ਮਜ਼ਹਬ ਨੂੰ ਸਭ ਤੋਂ ਪਹਿਲਾਂ ਤਾਂ ਸਭ ਨੂੰ ਪਿਆਰ ਕਰਨਾ ਚਾਹੀਦਾ ਹੈ। ਸਭ ਤੋਂ ਪਹਿਲਾਂ ਉਦੇਸ਼ ਮਜ਼ਹਬ ਦਾ ਹੋਣਾ ਚਾਹੀਦਾ ਹੈ ਕਿ ਸਭ ਨੂੰ ਕਲਾਵੇ ਵਿਚ ਲੈਣਾ। ਇਹ ਗੱਲ ਸਭ ਤੋਂ ਜ਼ਰੂਰੀ ਹੈ ਕਿ ਮਜ਼ਹਬ ਕਿਸੇ ਨਾਲ ਵੀ ਕੋਈ

ਨਫਰਤ, ਨਾ ਕੋਈ ਈਰਖਾ ਰੱਖੇ। ਮਜ਼ਹਬ ਨੂੰ ਅਨੇਕਤਾਂ ਤੋਂ ਏਕਤਾ ਲਿਆਉਣੀ ਚਾਹੀਦੀ ਹੈ, ਮਜ਼ਹਬ ਨੂੰ ਘਾਲਣਾ ਘਾਲਣੀ ਚਾਹੀਦੀ ਹੈ ਤਾਂ ਜੋ ਸਾਰੀ ਅਸਮਾਨਤਾ ਹਰ ਵਿਗਾੜ ਨੂੰ ਖਤਮ ਕਰੇ। ਸਾਡਾ ਅੱਜ ਦਾ ਸਮਾਜ ਖੇਰੂੰ-ਖੇਰੂੰ ਹੋਇਆ ਪਿਆ ਹੈ, ਬੇਅੰਤ ਮਜ਼ਹਬ ਟੁੱਟਦੇ ਜਾ ਰਹੇ ਹਨ। ਸਾਨੂੰ ਲੋੜ ਹੈ ਧਾਰਨਾਵਾਂ ਦੀ, ਅਨੁਸ਼ਾਸਨ ਦੀ ਤਾਂ ਜੋ ਅਸੀਂ ਆਪਸੀ ਵਿਤਕਰਿਆਂ ਤੋਂ ਉਪਰ ਉਠ ਸਕੀਏ, ਵੱਖ-ਵੱਖ ਵਿਚਾਰਾਂ ਤੋਂ, ਭਿੰਨ-ਭਿੰਨ ਵਿਰੋਧਤਾਵਾਂ ਤੋਂ, ਗੁੰਝਲਾਂ ਤੋਂ।

ਜੋ ਹੋ ਚੁੱਕਾ ਹੈ ਉਸ ਤੇ ਚਿੰਤਾ ਕਰਨਾ, ਸੋਚਣਾ ਉਸਦਾ ਕੋਈ ਲਾਭ ਨਹੀਂ, ਸਾਨੂੰ ਤਾਂ ਆਪਣੇ ਬੀਤੇ ਜੀਵਨ ਤੋਂ ਸਿੱਖਣਾ ਚਾਹੀਦਾ ਹੈ। ਇਹ ਠੀਕ ਹੈ ਕਿ ਜੀਵਨ ਦਾ ਸਫਰ ਬਿਨਾਂ ਬੀਤੇ ਸਮੇਂ ਤੋਂ ਸੋਚੇ ਪੂਰਾ ਨਹੀਂ ਹੋ ਸਕਦਾ, ਤੁਸੀਂ ਆਪਣੇ ਆਪ ਨੂੰ ਪਿਛੋਕੜ ਤੋਂ ਪੂਰੀ ਤਰ੍ਹਾਂ ਨਾਲ ਨਹੀਂ ਤੋੜ ਸਕਦੇ। ਬੀਤੇ ਜੀਵਨ ਦੀਆਂ ਸਫਲਤਾਵਾਂ, ਬੀਤੇ ਦਿਨਾਂ ਦੀਆਂ ਅਸਫਲਤਾਵਾਂ ਸਾਨੂੰ ਠੀਕ ਰਾਹ ਤੇ ਚੱਲਣ ਲਈ ਮਾਰਗ ਦਰਸ਼ਨ ਕਰ ਸਕਦੀਆਂ ਹਨ ਜੇ ਬੀਤੇ ਸਮੇਂ ਨੂੰ ਚੰਗੀ ਤਰ੍ਹਾਂ ਅੰਦਰ ਵਸਾਇਆ ਹੋਵੇ ਤਾਂ ਪਿਛਲਾ ਚੰਗੀ ਤਰ੍ਹਾਂ ਅੰਦਰ ਵਸਾਇਆ ਹੋਵੇ ਤਾਂ ਪਿਛਲਾ ਅਨੁਭਵ ਸਾਡਾ ਵਰਤਮਾਨ ਨਿਰਮਾਣਸ਼ੀਲ ਬਣਾ ਸਕਦਾ ਹੈ, ਸਿਰਜਨਾਤਮਕ ਬਣਾ ਸਕਦਾ ਹੈ। ਬੀਤੇ ਸਮੇਂ ਦੇ ਅਨੁਸਾਰ ਹੀ ਤੁਸੀਂ ਭਵਿੱਖ ਦੇ ਫੁੱਲਾਂ ਨੂੰ ਦੇਖਦੇ ਹੋ, ਉਨ੍ਹਾਂ ਦੀ ਚੋਣ ਕਰਦੇ ਹੋ। ਭਵਿੱਖ ਨੂੰ ਚਾਨਣਾ ਬਨਾਉਣ ਲਈ, ਭੂਤ ਕਾਲ, ਵਰਤਮਾਨ ਵਿਚ ਜਨਮ ਲੈਂਦਾ ਹੈ। ਸਾਨੂੰ ਪਿਛੋਕੜ ਨੂੰ ਚੇਤੇ ਰੱਖਣ ਦੀ ਕਲਾ ਸਿੱਖਣੀ ਚਾਹੀਦੀ ਹੈ, ਆਉਣੀ ਚਾਹੀਦੀ ਹੈ, ਨਾਲ ਹੀ ਸੁਨਿਹਰੀ ਭਵਿੱਖ ਦਾ ਨਿਰਮਾਣ ਵੀ ਕਰਨਾ ਚਾਹੀਦਾ ਹੈ, ਇਹ ਨਾਲ-ਨਾਲ ਹੀ ਚੱਲਣੀ ਚਾਹੀਦੀ ਹੈ। ਕੇਵਲ ਪਿਛੋਕੜ ਨੂੰ ਯਾਦ ਰੱਖਣਾ ਉਸਦੀ ਚਿੰਤਾ ਕਰਨੀ, ਉਸ ਲਈ ਉਤੇਜਿਤ ਹੋਣਾ, ਦੁਖੀ ਹੋਣਾ, ਉਸ ਤੇ ਫਖਰ ਮਹਿਸੂਸ ਕਰਨਾ ਇਹ ਸਭ ਕੁਝ ਤਾਂ ਪਿਛੋਕੜ ਨੂੰ ਭੁੱਲਣ ਨਾਲੋਂ ਵੀ ਮਾੜਾ ਹੈ। ਸਾਨੂੰ ਪਿਛੋਕੜ ਅਤੇ ਵਰਤਮਾਨ ਵਿਚ ਸੰਤੁਲਨ ਲਿਆਉਣਾ ਚਾਹੀਦਾ ਹੈ ਤਾਂ ਜੋ ਭਵਿੱਖ ਆਸ਼ਾਜਨਕ ਹੋ ਸਕੇ।

ਜਦੋਂ ਤੱਕ ਅਸੀਂ ਬਨਾਵਟੀ ਤੇ ਕੱਟੜ ਕੀਮਤਾਂ ਤੇ ਖੜ੍ਹੇ ਹਾਂ ਉਨ੍ਹਾਂ ਨਾਲ ਬੰਨ੍ਹੇ ਹੋਏ ਹਾਂ ਉਦੋਂ ਤੱਕ ਅਸੀਂ ਆਪਣਾ ਵਰਤਮਾਨ ਨਹੀਂ ਸੋਧ ਸਕਦੇ, ਵਰਤਮਾਨ ਨੂੰ ਨਹੀਂ ਆਕਾਰ ਸਕਦੇ, ਨਾ ਹੀ ਉਦੋਂ ਤੱਕ ਅਸੀਂ ਆਪਣੇ ਭਵਿੱਖ ਦਾ ਮਾਰਗ ਦਰਸ਼ਨ ਕਰ ਸਕਦੇ ਹਾਂ। ਅੰਧ ਵਿਸ਼ਵਾਸ਼, ਵਹਿਮ, ਰਸਮੋ ਰਿਵਾਜ, ਕੱਟੜਪਨ ਜਿਹੜਾ ਸਮਾਜ ਹੈ ਉਸਦੀ ਨੀਂਹ ਕਿਸੇ ਵੀ ਗ੍ਰੰਥ ਵਿਚ ਨਹੀਂ ਹੈ। ਇਨ੍ਹਾਂ ਚੀਜ਼ਾਂ ਦੀ ਥਾਂ ਅੰਤਰ ਧਰਮ ਵਿਚ ਕਿਤੇ ਨਹੀਂ ਹੈ। ਕਪਟੀ ਅੰਧ ਵਿਸ਼ਵਾਸ਼ ਅਤੇ ਕੱਟੜਪਨ ਇਨ੍ਹਾਂ ਦੇ ਬੀਜ ਸੁਆਰਥ ਵਿਚ ਪਲਦੇ ਵਧਦੇ ਫੁਲਦੇ ਹਨ ਜਿਹੜੇ ਸਵੈ ਕੇਂਦਰਤ ਹੋਣ ਦਾ ਢੰਡੋਰਾ ਦਿੰਦੇ ਹਨ ਤੇ ਦੂਸਰਿਆਂ ਦੇ ਅਗਿਆਨ ਦਾ ਫਾਇਦਾ ਉਠਾਉਂਦੇ ਹਨ।

ਸਾਰੇ ਅਧਿਆਪਕ, ਸਾਰੇ ਪ੍ਰਚਾਰਕਾਂ ਤੋਂ ਇਹ ਆਸ ਨਹੀਂ ਰੱਖੀ ਜਾ ਸਕਦੀ ਕਿ ਉਨ੍ਹਾਂ ਨੂੰ ਪ੍ਰਤੱਖ ਅਨੁਭਵ ਹੈ ਉਨ੍ਹਾਂ ਨੇ ਸਤਿ ਨੂੰ ਜਾਣ ਲਿਆ ਹੈ। ਜੇ ਮਜ਼ਹਬ ਦੇ ਪੈਰੋਕਾਰਾਂ ਨੇ ਸਮਾਜ ਦੇ ਨੇਤਾ ਨੇ ਸਤਿ ਨੂੰ ਜਾਣ ਲਿਆ ਹੁੰਦਾ ਤਾਂ ਸਮਾਜ, ਮਾਨਵਤਾ ਹੁਣ ਤੱਕ ਜਾਗ੍ਰਤ ਹੋ ਚੁੱਕੀ ਹੁੰਦੀ। ਹਰ ਮਨੁੱਖ ਕਿਸੇ ਨਾ ਕਿਸੇ ਤੇ ਵਿਸ਼ਵਾਸ਼ ਰੱਖਦਾ ਹੈ, ਕਿਸੇ ਨਾ ਕਿਸੇ ਮਜ਼ਹਬ ਨੂੰ ਮੰਨਦਾ ਹੈ, ਹਰ ਕਿਸੇ ਦਾ ਕੋਈ ਗੁਰੂ ਹੈ ਕੋਈ ਪ੍ਰਚਾਰਕ ਹੈ ਜਾਂ ਕੋਈ ਮਾਰਗ ਦਰਸ਼ਕ ਹੈ ਇਹ ਸਭ ਕੁਝ ਹੁੰਦੇ ਹੋਏ ਵੀ ਜਨਤਾ ਅਗਿਆਨੀ ਹੈ, ਸਮਾਜ ਵਿਚ ਅਸਮਾਨਤਾ ਹੈ, ਅਨਿਆ ਹੈ।

ਜਿਵੇਂ-ਜਿਵੇਂ ਸਮਾਂ ਬੀਤਦਾ ਗਿਆ ਹੈ, ਧਰਮ ਦੀਆਂ ਕੀਮਤਾਂ ਬਦਲ ਗਈਆਂ ਹਨ ਪਰ ਮਜ਼ਹਬ ਦੇ ਨਿਗਰਾਨ ਜਿਹੜੇ ਸੰਕੀਰਣ ਦਾਇਰੇ ਵਿਚ ਰਹੇ ਉਨ੍ਹਾਂ ਨੇ ਸਮਾਜ ਦੇ ਗੁਣਾਂ ਨੂੰ ਬਦਲਣ ਨਹੀਂ ਦਿਤਾ। ਅਹੰਕਾਰ ਕਰਕੇ, ਤੰਗ ਦਿਲੀ ਕਰਕੇ, ਸੁਆਰਥੀ ਹੋਣ ਕਰਕੇ ਇਹ ਲੋਕ ਸਚਾਈ ਦੀ ਵਿਸ਼ਾਲਤਾ ਨੂੰ ਪਕੜ ਹੀ ਨਹੀਂ ਸਕਦੇ। ਇਨ੍ਹਾਂ ਦੇ ਅੰਦਰ ਮਾਨਵਤਾ ਦੀ ਭਾਵਨਾ ਵਾਲਾ ਮਜ਼ਹਬ ਹੈ ਹੀ ਨਹੀਂ। ਵਿਸ਼ਵ ਸਤਿ ਨੂੰ ਦਰਸਾਣ ਦੀ ਥਾਂ ਉਸ ਦਾ ਪ੍ਰਚਾਰ ਕਰਨ ਦੀ ਥਾਂ ਇਹ ਲੋਕ ਤਾਂ ਆਪਣਾ ਹੀ ਮਤ ਅੱਗੇ ਕਰਦੇ ਹਨ। ਆਪਣੇ ਆਪ ਤੋਂ ਡਰਦੇ ਹੋਏ ਇਹ ਆਪਣੇ ਚੇਲਿਆਂ ਨੂੰ ਵੀ ਸਤਿ ਦਾ ਅਨੁਭਵ ਕਰਨ ਤੋਂ ਰੋਕਦੇ ਹਨ, ਉਤਸ਼ਾਹਹੀਣ ਕਰਦੇ ਹਨ। ਨਵੀਆਂ ਕੀਮਤਾਂ ਕਦਰਾਂ ਤੋਂ ਵੀ ਰੋਕਦੇ ਹਨ ਜੋ ਕਿ ਭਾਈਚਾਰੇ ਵਿਚ ਚਲ ਰਹੀਆਂ ਹੁੰਦੀਆਂ ਹਨ। ਮਜ਼ਹਬ ਦੇ ਪੈਰੋਕਾਰ ਗ੍ਰੰਥਾਂ ਨੂੰ ਆਪਣੇ ਅਨੁਸਾਰ ਹੀ ਪੜ੍ਹਾਉਂਦੇ ਹਨ, ਆਪਣੀ ਭਾਸ਼ਾ ਵਿਚ ਹੀ ਪੜ੍ਹਾਉਂਦੇ ਹਨ, ਆਪਣੇ ਦ੍ਰਿਸ਼ਟੀਕੋਣ ਤੋਂ ਹੀ ਦਸਦੇ ਹਨ। ਇਹ ਲੋਕ ਮਾਨਵਤਾ ਦਾ ਸ਼ੋਸ਼ਣ ਕਰਦੇ ਹਨ, ਉਨ੍ਹਾਂ ਦੀ ਅਗਿਆਨਤਾ ਦਾ ਲਾਭ ਉਠਾਉਂਦੇ ਹਨ। ਸ਼ਰਧਾਲੂ ਇਸ ਗੱਲ ਨੂੰ ਪ੍ਰਮਾਤਮਾ ਦਾ ਹੀ ਹੁਕਮ ਕਹਿ ਕੇ ਮੰਨਦੇ ਹਨ। ਇਹ ਬੜੇ ਹੀ ਦੁਖ ਦੀ ਗੱਲ ਹੈ ਕਿ ਉਨ੍ਹਾਂ ਦੇ ਪ੍ਰਵਚਨ ਕਹਾਣੀਆਂ ਹੁੰਦੀਆਂ ਹਨ, ਉਹ ਕਹਾਣੀਆਂ ਜਿਹੜੇ ਉਨ੍ਹਾਂ ਦੇ ਸੰਗਦਿਲੀ ਦੀ ਦ੍ਰਿਸ਼ਟੀ ਦਸਦੀਆਂ ਹਨ। ਉਨ੍ਹਾਂ ਦੇ ਪ੍ਰਵਚਨਾਂ ਦੇ ਪਿੱਛੇ ਉਨ੍ਹਾਂ ਦੇ ਸੁਆਰਥ ਦੇ ਨਾਲ-ਨਾਲ ਕੁਝ ਹੋਰ ਵੀ ਹੁੰਦਾ ਹੈ।

ਇਹ ਠੀਕ ਹੈ ਸਾਡੇ ਪੁਰਾਤਨ ਗੁਰੂ ਬਹੁਤ ਮਹਾਨ ਸੀ, ਉਨ੍ਹਾਂ ਦਾ ਗਿਆਨ ਬਹੁਤ ਹੀ ਡੂੰਘਾ ਸੀ ਉਨ੍ਹਾਂ ਦੇ ਨੈਤਿਕ ਬਹੁਤ ਉੱਚੇ ਸੀ, ਉਨ੍ਹਾਂ ਦੀ ਆਤਮਕ ਸੂਝ ਉਨ੍ਹਾਂ ਦੀਆਂ ਸੀਮਾਵਾਂ, ਸਮਾਂ ਤੇ ਸਥਾਨ ਤੋਂ ਬਹੁਤ ਉਚਾ ਸੀ। ਭਾਵੇਂ ਅਸੀਂ ਇਸ ਖਜ਼ਾਨੇ ਦਾ ਮੁੱਲ ਨਹੀਂ ਪਾ ਸਕੇ, ਨਾ ਹੀ ਅਸੀਂ ਇਸ ਨਾਲ ਆਪਣਾ ਜੀਵਨ ਬੇਹਤਰ ਬਣਾ ਸਕੇ, ਨਾ ਹੀ ਵਧੇਰੇ

ਚਾਨਣਮਈ ਬਣਾ ਸਕੇ। ਅੱਜ ਵੀ ਭੋਲੇ ਲੋਕਾਂ ਨੂੰ ਦੱਸਿਆ ਜਾਂਦਾ ਹੈ ਉਨ੍ਹਾਂ ਦੇ ਪ੍ਰਚਾਰਕਾਂ ਦੇ ਉਪਦੇਸ਼ ਅਲਾਹੀ ਹਨ। ਉਨ੍ਹਾਂ ਤੇ ਇਸ ਗੱਲ ਦਾ ਜ਼ੋਰ ਪਾਇਆ ਜਾਂਦਾ ਹੈ ਕਿ ਪ੍ਰੋਹਤ ਵਰਗ ਪ੍ਰਮਾਤਮਾ ਦੇ ਹੀ ਦੂਤ ਹਨ, ਉਨ੍ਹਾਂ ਦੀਆਂ ਇਛਾਵਾਂ ਪ੍ਰਮਾਤਮਾ ਦੀਆਂ ਹੀ ਇਛਾਵਾਂ ਹਨ, ਉਨ੍ਹਾਂ ਨੂੰ ਮਨੁੱਖਤਾ ਦੇ ਮਜ਼ਹਬ ਤੇ ਨੈਤਿਕ ਦੀ ਪਰਿਭਾਸ਼ਾ ਦੇਣ ਦਾ ਤੇ ਮਿਆਰ ਦੇਣ ਦਾ ਹੱਕ ਹੈ। ਇਹੋ ਜਿਹੇ ਗਲਤ ਵਿਚਾਰ ਮਜ਼ਹਬ ਦੇ ਸੰਸਾਰ ਦੀ ਤਬਾਹੀ ਦਾ ਕਾਰਣ ਬਣ ਗਏ ਹਨ।

ਧਰਮ ਮਾਨਵਤਾ ਨੂੰ ਉਪਰ ਚੁੱਕਣ ਲਈ ਇਕ ਬਹੁਤ ਵੱਡੀ ਤਾਕਤ ਰਿਹਾ ਹੈ। ਅੱਜ ਵੀ ਧਰਮ ਸਾਡਾ ਸਹਾਈ ਉਸੇ ਤਰ੍ਹਾਂ ਹੋ ਸਕਦਾ ਹੈ ਜਿਵੇਂ ਪਿਛਲੇ ਸਮਿਆਂ ਵਿਚ ਸੀ, ਇਹ ਉਦੋਂ ਹੀ ਹੋ ਸਕਦਾ ਹੈ ਜੇ ਸਤਿ ਜੀਵੀਏ. ਕੇਵਲ ਸਤਿ ਵਿਚ ਵਿਸ਼ਵਾਸ਼ ਹੀ ਨਾ ਰੱਖੀਏ। ਧਰਮ ਤੋਂ ਮੂੰਹ ਮੋੜ ਕੇ ਸਤਿ ਤੋਂ ਦੂਰ ਹੋ ਕੇ ਇਹ ਕੋਈ ਜੀਵਨ ਜੀਉਣ ਦਾ ਰਾਹ ਨਹੀਂ, ਇਸ ਤਰ੍ਹਾਂ ਕਰਨ ਨਾਲ ਤਾਂ ਕੇਵਲ ਸੰਤਾਪ ਹੀ ਮਿਲਦਾ ਹੈ। ਜਿਹੜਾ ਧਰਮ ਦੀ ਪਰਵਾਹ ਨਹੀਂ ਕਰਦਾ ਨੈਤਿਕ ਕੀਮਤਾਂ ਕਦਰਾਂ ਦੀ ਅਵਹੇਲਣਾ ਕਰਦਾ ਹੈ, ਉਹ ਅਸ਼ਾਂਤ ਹੀ ਰਹਿੰਦਾ ਹੈ। ਇਹੋ ਜਿਹੇ ਮਨੁੱਖ ਦਾ ਮਨ ਸ਼ਾਂਤ ਰਹਿ ਹੀ ਨਹੀਂ ਸਕਦਾ। ਧਰਮ ਦੇ ਅਭਿਆਸ, ਅਵਹੇਲਣਾ ਛੱਡਣੀ ਅਵਸ਼ਕ ਹੈ। ਸਚਾਈ ਤੇ ਚੱਲਣਾ ਮਨ, ਵਿਚਾਰ, ਸੋਚ ਬੋਲਣ ਤੇ ਕਰਮ ਕਰਨ ਵਿਚ ਸਚਾਈ ਦੀ ਲੋੜ ਹੈ। ਧਰਮ ਗੁੱਝਾ ਕਿਸ ਤਰ੍ਹਾਂ ਹੋ ਸਕਦਾ ਹੈ। ਜਿਸ ਦਾ ਸਰੋਤ ਹੀ ਪ੍ਰਗਟੀਕਰਨ ਹੈ, ਅਗਮ ਗਿਆਨ ਹੈ। ਆਪਣੇ ਕੋਲ ਕੁਝ ਨਾ ਰੱਖ ਕੇ ਸਾਰੇ ਰਿਸ਼ੀ ਮੁਨੀ ਬ੍ਰਹਮਗਿਆਨੀਆਂ ਨੇ ਆਪਣਾ ਗਿਆਨ ਮਾਨਵਤਾ ਨਾਲ ਸਾਂਝਾ ਕੀਤਾ ਹੈ। ਚਾਹੇ ਭਗਵਤ ਗੀਤਾ ਹੈ, ਬਾਈਬਲ ਹੈ, ਕੁਰਾਨ ਹੈ, ਹੋਰ ਕੋਈ ਗ੍ਰੰਥ ਹੈ ਗਿਆਨ ਸੂਰਜ ਦੀ ਤਰ੍ਹਾਂ ਚਮਕਦਾ ਹੈ।

ਕਪਟ, ਧੋਖਾ, ਗੁਪਤ ਦਾ ਜਨਮ ਦਾਤਾ ਹੈ। ਗੁਪਤ ਉਹ ਹੈ ਜਿਹੜਾ ਸਾਰਿਆਂ ਲਈ ਇਕ ਨਾ ਹੋਵੇ, ਸਾਰਿਆਂ ਦੇ ਅੱਗੇ ਨਾ ਰੱਖਿਆ ਜਾ ਸਕੇ। ਵਡੇਰੇ ਦਸਦੇ ਹਨ ਕੇਵਲ ਤਿੰਨ ਜਗ੍ਹਾ ਤੇ ਗੁਪਤ ਗੱਲ ਹੈ। ਗੁੱਝਾਪਨ ਮਿਲਦਾ ਹੈ ਦੁਸ਼ਮਣ ਦੇ ਜੀਵਨ ਵਿਚ, ਪਾਦਰੀਆਂ ਦੇ ਪ੍ਰਚਵਨਕਾਰਾਂ ਦੇ ਸੰਪਦਾਇਕਵਾਦ ਵਿਚ ਅਤੇ ਸੁਆਰਥੀ ਹੋਣ ਤੇ। ਸਤਿ ਤਾਂ ਸਵੈ ਸੁੰਦਰ ਚਮਕੀਲਾ ਹੈ, ਸਤਿ ਨੂੰ ਤਾਂ ਗੁਪਤ ਦੀ ਵਾੜ ਦੀ ਲੋੜ ਹੀ ਨਹੀਂ। ਧਰਮ ਦੇ ਨਿਯਮ ਤਾਂ ਅਨੰਤ ਹਨ, ਉਹ ਤਾਂ ਸੱਚ ਦੀ ਸ਼ਕਤੀ ਨਾਲ ਪ੍ਰਕਾਸ਼ਮਾਨ ਹੁੰਦੇ ਹਨ, ਚਮਕਦੇ ਹਨ। ਉਨ੍ਹਾਂ ਨੂੰ ਗੁਪਤ ਰੱਖਣ ਦੀ ਲੋੜ ਹੀ ਨਹੀਂ ਤੇ ਇਹ ਵੀ ਲੋੜ ਨਹੀਂ ਕਿ ਧਰਮ ਦੇ ਸਿਧਾਂਤਾਂ ਨੂੰ ਕੇਵਲ ਥੋੜ੍ਹੇ ਜਿਹੇ ਲੋਕਾਂ ਨੂੰ ਹੀ ਦੱਸਿਆ ਜਾਵੇ। ਸੱਚ ਸਾਰਿਆਂ ਦਾ ਸਾਂਝਾ ਹੈ ਇਸੇ ਤਰ੍ਹਾਂ ਧਰਮ ਹੈ। ਹਾਂ ਕੁਛ ਕੁ ਆਤਮਕ ਅਨੁਸ਼ਾਸਨ ਇਹੋ ਜਿਹੇ ਹੋ ਸਕਦੇ ਹਨ ਜਿਹੜੇ ਕੇਵਲ ਥੋੜ੍ਹੇ ਜਿਹੇ ਲੋਕਾਂ ਨੂੰ ਹੀ ਦਸੇ ਜਾ ਸਕਦੇ ਹਨ, ਕੇਵਲ ਉਨ੍ਹਾਂ ਨੂੰ ਹੀ ਜਿਹੜੇ ਇਸਦਾ ਅਭਿਆਸ ਕਰ ਸਕਦੇ ਹੋਣ ਪਰ ਉਹ ਕਿਸੇ ਖਾਸ ਸੰਪਰਦਾ ਲਈ ਨਹੀਂ ਹਨ। ਇਹ ਸਾਰੇ ਸਿਧਾਂਤ ਸਾਰੇ ਨਿਸ਼ਠਾਵਾਨਾਂ ਲਈ ਹਨ, ਧਰਮ ਦੇ ਅਨੁਆਈਆਂ ਲਈ ਹਨ ਤੇ ਉਨ੍ਹਾਂ ਲਈ ਮਹੱਤਵਪੂਰਨ ਹਨ ਜਿਹੜੇ ਉਨ੍ਹਾਂ ਨੂੰ ਸਮਝ ਸਕਦੇ ਹਨ, ਅੰਦਰ ਉਤਾਰ ਸਕਦੇ ਹਨ।

ਕੱਟੜਤਾ ਵਿਚ ਧਰਮ ਦਾ ਵਾਸਾ ਨਹੀਂ ਹੈ, ਧਰਮ ਦਾ ਵਾਸਾ ਹੈ ਉਨ੍ਹਾਂ ਲੋਕਾਂ ਅੰਦਰ ਉਨ੍ਹਾਂ ਦੇ ਵਤੀਰੇ ਅੰਦਰ ਜਿਹੜੇ ਧਰਮ ਦਾ ਅਭਿਆਸ ਕਰਦੇ ਹਨ। ਜੇ ਅਸੀਂ ਪ੍ਰਮਾਤਮਾ ਵਿਚ ਵਿਸ਼ਵਾਸ਼ ਰੱਖਦੇ ਹਾਂ, ਫੇਰ ਉਹ ਵਿਸ਼ਵਾਸ਼ ਸਾਡੇ ਸੋਚ ਵਿਚਾਰ, ਕਥਨੀ ਤੇ ਕਰਨੀ ਵਿਚ ਪ੍ਰਗਟ ਹੋਣਾ ਚਾਹੀਦਾ ਹੈ। ਇਹ ਤਾਂ ਇਕ ਕਪਟ ਹੈ ਤੁਸੀਂ ਕਹਿੰਦੇ ਬੋਲਦੇ ਬੜੇ ਉਚੇ ਆਦਰਸ਼ਾਂ ਬਾਰੇ ਹੋ, ਜਦੋਂ ਵੀ ਗੱਲ ਕਰਦੇ ਹੋ ਉਚੇ ਆਦਰਸ਼ਾਂ ਦੀ ਕਰਦੇ ਹੋ, ਪਰ ਅਭਿਆਸ ਉਸ ਵਿਚੋਂ ਕਿਸੇ ਦਾ ਵੀ ਨਹੀਂ ਕਰਦੇ। ਤੁਹਾਡਾ ਨਿਜੀ ਜੀਵਨ ਤੁਹਾਡੇ ਆਦਰਸ਼ਾਂ ਅਨੁਕੂਲ, ਸਿਧਾਂਤਾਂ ਦੇ ਅਨੁਕੂਲ ਹੋਣਾ ਚਾਹੀਦਾ ਹੈ। ਕਿਸੇ ਵੀ ਸਿਧਾਂਤ ਨੂੰ ਬਨਾਉਣ ਦਾ ਕੋਈ ਲਾਭ ਨਹੀਂ ਜੇ ਤੁਸੀਂ ਉਸਨੂੰ ਆਪਣੇ ਜੀਵਨ ਅੰਦਰ ਉਤਾਰ ਨਹੀਂ ਸਕਦੇ, ਉਸ ਅਨੁਸਾਰ ਜੀਵਨ ਜੀ ਨਹੀਂ ਸਕਦੇ। ਜੇ ਕਿਸੇ ਵੀ ਸਿਧਾਂਤ ਦਾ ਅਭਿਆਸ ਨਹੀਂ ਕੀਤਾ ਜਾਂਦਾ ਤਾਂ ਉਹ ਬਿਲਕੁਲ ਉਸ ਤਰ੍ਹਾਂ ਹੀ ਹੈ ਜਿਵੇਂ ਬਿਨ੍ਹਾਂ ਸੁਆਸਾਂ ਤੋਂ ਸਰੀਰ ਹੋਵੇ। ਜਿਹੜੇ ਸਿਧਾਂਤ ਦਾ ਅਭਿਆਸ ਕੇਵਲ ਮੰਦਰ ਵਿਚ ਹੀ ਕੀਤਾ ਜਾ ਸਕਦਾ ਹੋਵੇ ਜਾਂ ਕਿਸੇ ਖਾਸ ਮੌਕੇ ਤੇ ਕੀਤਾ ਜਾ ਸਕਦਾ ਹੋਵੇ, ਉਸ ਸਿਧਾਂਤ ਦਾ ਮਾਨਵਤਾ ਨੂੰ ਕੋਈ ਲਾਭ ਨਹੀਂ ਹੋ ਸਕਦਾ। ਉਹ ਤਾਂ ਇਕ ਧੁੰਦ ਹੈ ਜਿਹੜੀ ਆਈ ਤੇ ਗਈ।

ਧਰਮ ਦਾ ਅਭਿਆਸ ਕਰਨ ਲਈ ਸਾਨੂੰ ਸਾਰੇ ਮਜ਼ਹਬਾਂ ਦਾ ਨਿਚੋੜ ਪਤਾ ਹੋਣਾ ਚਾਹੀਦਾ ਹੈ। ਕਥਾਕਾਰਾਂ ਦੀਆਂ ਦੱਸੀਆਂ ਕਹਾਣੀਆਂ ਹੀ ਕਾਫੀ ਨਹੀਂ। ਸੰਸਾਰ ਦੇ ਸਾਰੇ ਮਜ਼ਹਬਾਂ ਨੇ ਮਿਥਿਹਾਸ ਦੇ ਕਿਲੇ ਬਣਾਏ ਹਨ, ਕਥਾਕਾਰ, ਪ੍ਰਚਾਰਕ, ਮਿਥਿਹਾਸਕ ਕਹਾਣੀਆਂ ਆਪਣੇ ਪ੍ਰਵਚਨਾਂ ਦਾ ਹੀ ਭਾਗ ਬਣਾ ਕੇ ਸੁਣਾਉਂਦੇ ਹਨ, ਇਸ ਗੱਲ ਤੇ ਜ਼ੋਰ ਪਾਉਂਦੇ ਹਨ ਕਿ ਉਨ੍ਹਾਂ ਨੂੰ ਸੁਣ ਕੇ ਆਤਮਕ ਤਰੱਕੀ ਹੁੰਦੀ ਹੈ। ਉਨ੍ਹਾਂ ਕਹਾਣੀਆਂ ਦੇ ਨੈਤਿਕ ਨਿਚੋੜ ਨੂੰ ਵਾਸਤਵਿਕ ਭਾਵ ਨੂੰ ਆਪਣੇ ਅੰਦਰ ਵਸਾ ਲੈਣਾ ਆਤਮ ਮਾਰਗ ਦੀ ਤਰੱਕੀ ਦਾ ਸਰੋਤ ਹੋ ਸਕਦਾ ਹੈ, ਇਨ੍ਹਾਂ ਕਹਾਣੀਆਂ ਨੂੰ ਸੁਣ ਕੇ ਭਾਵੁਕ ਹੋ ਜਾਣ ਨਾਲ ਤਾਂ ਕੁਝ ਵੀ ਨਹੀਂ ਹੁੰਦਾ।

ਮਜ਼ਹਬ ਦੇ ਸਿਧਾਂਤਾਂ ਦੀ ਜੜ੍ਹ ਤਾਂ ਰੱਬੀ, ਰੂਹਾਨੀ ਪ੍ਰਗਟਾਵਾ ਹੋਣਾ ਚਾਹੀਦਾ ਹੈ। ਮਜ਼ਹਬ ਦਾ ਉਹ ਸਿਧਾਂਤ ਜਿਹੜਾ ਕੇਵਲ ਬੁੱਧੀ ਤੋਂ ਨਿਕਲਿਆ ਹੈ ਉਸ ਦਾ ਕੋਈ ਲਾਭ ਨਹੀਂ। ਉਹ ਸਿਧਾਂਤ ਜਿਹੜਾ ਸਾਡੀ ਆਤਮਾ ਨੂੰ ਉਪਰ ਨਾ ਚੁੱਕ ਸਕੇ, ਸਾਡੀ ਸੋਚ ਨੂੰ ਇਲਾਹੀ ਨਾ ਬਣਾ ਸਕੇ, ਪ੍ਰਮਾਤਮਾ ਨਾਲ ਨਾ ਜੋੜ ਸਕੇ, ਮਾਨਵਤਾ ਦੀ ਭਲਾਈ ਲਈ ਕੰਮ ਨਾ ਕਰਾ ਸਕੇ, ਉਸ ਸਿਧਾਂਤ ਤੇ ਕਿੰਤੂ ਪਰੰਤੂ ਕੀਤਾ

ਜਾ ਸਕਦਾ ਹੈ, ਉਸ ਦਾ ਵਿਸ਼ਲੇਸ਼ਨ ਕੀਤਾ ਜਾ ਸਕਦਾ ਹੈ, ਉਸਨੂੰ ਸੁਧਾਰਨ ਦੀ ਲੋੜ ਹੈ। ਸੱਚੇ ਧਰਮ ਦਾ ਅਭਿਆਸ ਕਰਨ ਲਈ ਤੁਹਾਨੂੰ ਆਪਣੀ ਹਉਮੈ ਨੂੰ ਤਜਣ ਦੀ ਲੋੜ ਹੈ, ਹਉਮੈ ਤਜ ਕੇ ਸਤਿ ਨੂੰ ਅਪਨਾਉਣ ਦੀ ਲੋੜ ਹੈ। ਸਾਨੂੰ ਸੋਚ ਦਾ ਰੂਪ ਪਰਿਵਰਤਨ ਕਰਕੇ ਮਨ ਤੇ ਹਿਰਦੇ ਨੂੰ ਸ਼ੁੱਧ ਕਰਨਾ ਚਾਹੀਦਾ ਹੈ। ਧਰਮ ਦਾ ਉਦੇਸ਼ ਹੈ ਕਿ ਹਉਮੈ ਨੂੰ ਹਟਾ ਕੇ ਹਉਮੈ ਨਾਲ ਜੁੜੀਆਂ ਕੰਧਾਂ ਨੂੰ ਹਟਾ ਕੇ ਪ੍ਰਮਾਤਮਾ ਨਾਲ ਜੁੜਨਾ, ਧਰਮ ਤੇ ਚੱਲਣ ਵਾਲਾ ਸਤਿ ਪ੍ਰਾਪਤੀ ਲਈ ਘਾਲਣਾ ਘਾਲਦਾ ਹੈ, ਸਭ ਕੁਝ ਸ਼ੁਭ ਦੇਖਣ ਦੀ ਕੋਸ਼ਿਸ਼ ਕਰਦਾ ਹੈ, ਸਭ ਕਾਸੇ ਵਿਚ ਸੁੰਦਰਤਾ ਦੇਖਦਾ ਹੈ। ਇਸੇ ਪ੍ਰਾਪਤੀ ਨੂੰ ਆਤਮ ਸਿੱਧੀ ਕਹਿੰਦੇ ਹਨ, ਗਿਆਨ ਕਹਿੰਦੇ ਹਨ ਇਲਾਹੀ ਅਨੁਭਵ ਕਹਿੰਦੇ ਹਨ।

ਅੱਜ ਸੰਸਾਰ ਦੇ ਸਾਰੇ ਮਜ਼ਹਬਾਂ ਦਾ ਚਮਕਦਾ ਸਤਿ, ਵਹਿਮਾਂ ਭਰਮਾਂ, ਅੰਧ ਵਿਸ਼ਵਾਸ਼ ਤੇ ਕੱਟੜਪਨ ਦੇ ਥੱਲੇ ਲੁਕ ਗਿਆ ਹੈ। ਅੱਜ ਦਾ ਮਨੁੱਖ ਅਸੁਰਖਿਅਤ ਹੈ, ਭੈ ਭੀਤ ਹੈ, ਬੇਪ੍ਰਤੀਤਾ ਹੈ। ਰਿਸ਼ੀਆਂ ਮੁਨੀਆਂ ਦਾ ਧਰਮ ਇਨ੍ਹਾਂ ਮਨੋਵਿਗਿਆਨਕ, ਅਧਿਆਤਮਕ ਸਮੱਸਿਆਵਾਂ ਦਾ ਸਮਾਧਾਨ ਕਰ ਸਕਦਾ ਹੈ। ਬ੍ਰਹਮਗਿਆਨੀਆਂ ਦਾ ਧਰਮ ਬਹੁਤ ਹੀ ਸਫਲ ਹੈ ਪਰ ਅਨੁਭਵਵਾਦੀ ਹੈ, ਉਹ ਲੋਕ ਜਿਹੜੇ ਅਭਿਆਸ ਨਹੀਂ ਕਰਦੇ, ਜਿਨ੍ਹਾਂ ਦਾ ਕੋਈ ਅਨੁਭਵ ਨਹੀਂ ਉਨ੍ਹਾਂ ਨੂੰ ਇਹ ਰਹੱਸ ਲਗਦਾ ਹੈ। ਵਾਸਤਵ ਵਿਚ ਧਰਮ ਅੰਦਰ ਨਾ ਕੋਈ ਰਹੱਸ ਹੈ, ਨਾ ਕੁਝ ਗੁਪਤ ਹੈ, ਰਹੱਸ ਤਾਂ ਸਾਡੇ ਮਨ ਦੇ ਵਿਸ਼ਲੇਸ਼ਨ ਵਿਚ ਹੈ, ਜਿਹੜਾ ਗੁੰਝਲਦਾਰ ਅਭਿਆਸਾਂ ਵਿਚ ਉਲਝਿਆ ਪਿਆ ਹੈ ਅਤੇ ਸਰਲਤਾ ਦੀ ਡੂੰਘਾਈ ਨਹੀਂ ਸਮਝਦਾ। ਬ੍ਰਹਮਗਿਆਨੀਆਂ ਦਾ ਧਰਮ ਤੁਹਾਨੂੰ ਜੀਵਨ ਦਾ ਉਤਮ ਦ੍ਰਿਸ਼ ਦਿੰਦਾ ਹੈ ਜਿਹੜਾ ਕਿ ਸਰੀਰਕ ਜਾਂ ਸੰਸਾਰਕ ਵਸਤੂਆਂ ਦਾ ਹੀ ਨਹੀਂ ਹੁੰਦਾ। ਇਸ ਧਰਮ ਅਨੁਸਾਰ ਤੁਹਾਨੂੰ ਸੰਸਾਰਕ ਮੋਹ, ਲੋਭ ਲਾਲਚ ਤੋਂ ਉਪਰ ਉਠ ਕੇ ਆਪਣੇ ਜਤਨ ਸਤਿ ਪ੍ਰਾਪਤੀ ਲਈ ਲਗਾਉਣੇ ਚਾਹੀਦੇ ਹਨ। ਸਾਨੂੰ ਪੂਰਨ ਸਤਿ, ਸੰਪੂਰਨਤਾ ਦੀ ਪ੍ਰਾਪਤੀ ਕਰਨੀ ਚਾਹੀਦੀ ਹੈ।

ਸਤਿ ਤਾਂ ਸਾਡੇ ਦੇਖੇ ਜਾਣ ਵਾਲੇ, ਸਾਡੇ ਜਾਣੇ ਹੋਏ ਪੱਖਾਂ ਤੋਂ ਕਿਤੇ ਵੱਧ ਹੈ। ਸਤਿ ਹਰ ਥਾਂ ਹੈ, ਹਰ ਸਮੇਂ ਹੈ। ਸਤਿ ਦੀ ਹੋਂਦ ਤੁਸੀਂ ਆਪਣੀ ਹੋਂਦ ਦੀ ਡੂੰਘਾਈ ਵਿਚ ਅਨੁਭਵ ਕਰ ਸਕਦੇ ਹੋ। ਤੁਸੀਂ ਵੱਖ-ਵੱਖ ਪਰਤਾਂ ਨੂੰ ਪਾਰ ਕਰਕੇ ਸਤਿ ਨਾਲ ਇਕ ਹੋ ਸਕਦੇ ਹੋ, ਜੇ ਤੁਸੀਂ ਲਗਾਤਾਰ ਵਿਧੀਪੂਰਵਕ ਅਭਿਆਸ ਕਰੋ, ਸਤਿ ਵਿਚ ਵਿਸ਼ਵਾਸ਼, ਨਾ ਵਿਸ਼ਵਾਸ਼ ਹੋਣ ਨਾਲੋਂ ਕਿਤੇ ਚੰਗਾ ਹੈ, ਵਾਸਤਵ ਵਿਚ ਸਤਿ ਦਾ ਅਭਿਆਸ ਵਿਸ਼ਵਾਸ਼ ਦਾ ਰੂਪ ਪਰਿਵਰਤਨ ਕਰਕੇ ਉਸਨੂੰ ਸਿਰਜਨਾਤਮਕ ਤੇ ਅਨੰਦਮਈ ਅਨੁਭਵ ਬਣਾ ਸਕਦਾ ਹੈ। ਜਿਹੜੇ ਰਿਸ਼ੀ ਮੁਨੀ ਬ੍ਰਹਮਗਿਆਨੀਆਂ ਨੇ ਸਤਿ ਦਾ ਅਨੁਭਵ ਕੀਤਾ, ਸਤਿ ਨਾਲ ਇਕ ਹੋਏ ਉਨ੍ਹਾਂ ਨੇ ਇਹ ਜਾਣਿਆ ਕਿ ਸਾਰੀ ਮਾਨਵਤਾ ਇਕ ਹੀ ਹੈ ਇਕ ਹੀ ਪਰਿਵਾਰ ਹੈ। ਉਪਨਿਸ਼ਦਾਂ ਅਨੁਸਾਰ ਸਾਰੇ ਇਕ ਪਰਿਵਾਰ ਹੈ। ਅਧਿਆਤਮਵਾਦ ਦੇ ਨਾਲ-ਨਾਲ ਮਾਨਵਵਾਦ ਇਹ ਹੀ ਹੈ ਉਪਨਿਸ਼ਦਾਂ ਦਾ ਸਾਰ ਹੈ। ਇਹੋ ਜਿਹੇ ਉਚੇ ਆਦਰਸ਼ ਸ਼ਾਇਦ ਹੀ ਸੰਸਾਰ ਦੇ ਕਿਸੇ ਹੋਰ ਮਜ਼ਹਬ ਵਿਚ ਮਿਲਦੇ ਹੋਣ। ਆਉਣ ਵਾਲੇ ਸਮੇਂ ਵਿਚ ਜੇ ਕਦੀ ਮਾਨਵਤਾ ਵਿਸ਼ਵ ਮਜ਼ਹਬ ਦੀ ਸਥਾਪਨਾ ਕਰਨੀ ਚਾਹੁੰਣਗੇ ਤਾਂ ਉਹ ਕੇਵਲ ਉਪਨਿਸ਼ਦਾਂ ਦੇ ਡੂੰਘੇ ਆਦਰਸ਼ਾਂ ਅਨੁਸਾਰ ਹੀ ਹੋ ਸਕਦਾ ਹੈ। ਮੈਂ ਉਸ ਦਿਨ ਦੀ ਉਡੀਕ ਕਰਾਂਗਾ ਜਦੋਂ ਮਾਨਵਤਾ ਵਿਸਤ੍ਰਿਤ ਹੋ ਕੇ ਧਰਮ ਦੇ ਉਚੇ ਸੁੱਚੇ ਸਿਧਾਂਤਾਂ ਦਾ ਸਮਰਥਨ ਕਰੇਗੀ।

ਉਪਨਿਸ਼ਦਾਂ ਅਨੁਸਾਰ ਸਤਿ ਕੇਵਲ ਇਕ ਹੀ ਹੈ ਉਹ ਹੈ ਬ੍ਰਹਮਾ। ਸਤਿ ਸਰਬ ਵਿਆਪਕ ਹੈ, ਸਰਬ ਗਿਆਨ ਹੈ, ਅਧਿਆਤਮਕ ਦ੍ਰਿਸ਼ਟੀਕੋਣ ਤੋਂ ਇਹ ਕਹਿਣਾ ਅਦ੍ਵੈਤ 'ਸਭ ਬ੍ਰਹਮ ਹੈ' ਇਹ ਕੋਈ ਫਿਲੌਸਫੀ ਦਾ ਸਿਧਾਂਤ ਨਹੀਂ ਇਹ ਤਾਂ ਅਨੁਭਵ ਹੈ। ਨੈਤਿਕ ਦ੍ਰਿਸ਼ਟੀਕੋਣ ਤੋਂ ਵੀ ਇਹ ਸਿਧਾਂਤ ਤੁਹਾਨੂੰ ਵਿਸ਼ਵ ਭਾਈਚਾਰੇ ਦੀ ਮਨੋਵਿਰਤੀ ਪ੍ਰਦਾਨ ਕਰਦਾ ਹੈ। ਇਹ ਬਿਆਨ ਤੁਹਾਡੇ ਮਨ ਅੰਦਰ ਸਾਰੇ ਸੰਸਾਰ ਲਈ ਪ੍ਰਵਾਰਿਕ ਭਾਵਨਾਵਾਂ ਜਾਗ੍ਰਤ ਕਰਦਾ ਹੈ। ਜਦੋਂ ਤੁਸੀਂ ਸਾਰੀ ਮਾਨਵਤਾ ਨੂੰ ਇਕ ਪਰਿਵਾਰ ਮੰਨ ਲੈਂਦੇ ਹੋ ਫੇਰ ਤੁਹਾਡੇ ਆਪਸੀ ਮਤ ਭੇਦ ਖਤਮ ਹੋ ਜਾਂਦੇ ਹਨ।

ਸੁਤੰਤਰਤਾ ਪ੍ਰਾਪਤ ਕਰਨ ਲਈ, ਸ਼ਾਂਤੀ ਪ੍ਰਾਪਤ ਕਰਨ ਲਈ ਸਮਾਜ ਵਿਚ ਇਕਸਾਰਤਾ ਲਿਆਉਣ ਲਈ ਸਾਨੂੰ ਉਨ੍ਹਾਂ ਸਿਧਾਂਤਾਂ ਦਾ ਹੀ ਆਦਰ ਕਰਨਾ ਚਾਹੀਦਾ ਹੈ ਜਿਹੜੇ ਸਾਡੇ ਪ੍ਰਤੱਖ ਅਨੁਭਵ ਤੋਂ ਹੋਣ। ਸਾਨੂੰ ਉਨ੍ਹਾਂ ਸਿਧਾਂਤਾਂ ਨੂੰ ਤਿਆਗ ਦੇਣਾ ਚਾਹੀਦਾ ਹੈ ਜਿਹੜੇ ਸਾਨੂੰ ਗਿਆਨ ਦੇ ਮਾਰਗ ਤੋਂ ਦੂਰ ਕਰਦੇ ਹਨ। ਭਾਵੇਂ ਕੋਈ ਸਿਧਾਂਤ ਕਿੰਨਾ ਹੀ ਚੰਗਾ, ਮਿੱਠਾ ਸੋਹਣਾ ਕਿਉਂ ਨਾ ਹੋਵੇ ਪਰ ਸਾਡੇ ਲਈ ਉਹ ਨਖਿੱਧ ਹੈ ਜੇ ਉਹ ਸਾਨੂੰ ਸਿਰਜਨਾਤਮਕ ਹੋਣ ਲਈ ਲਾਭਕਾਰੀ ਨਹੀਂ ਹੈ ਜੇ ਉਹ ਸਾਨੂੰ ਦੂਸਰਿਆਂ ਦੇ ਸਹਾਇਕ ਹੋਣ ਲਈ ਨਹੀਂ ਸਹਾਈ ਹੁੰਦਾ।

ਜਦੋਂ ਤੱਕ ਅਸੀਂ ਸਮੁੱਚਾ ਸੰਪੂਰਣ ਜੀਵਨ ਨਹੀਂ ਜੀਉਂਦੇ ਸਾਨੂੰ ਸ਼ਾਂਤੀ ਪ੍ਰਾਪਤ ਨਹੀਂ ਹੋ ਸਕਦੀ। ਸਮੁੱਚੀ ਜੀਵਨ ਸ਼ੈਲੀ ਤੁਹਾਨੂੰ ਕਦੀ ਵੀ ਓਪਰੀਆਂ ਕਦਰਾਂ ਕੀਮਤਾਂ ਨਾਲ ਮੋਹ ਨਹੀਂ ਪੈਣ ਦੇਵੇਗੀ। ਚਾਹੇ ਉਹ ਕਿਸੇ ਮਜ਼ਹਬ ਦੀਆਂ ਹੋਣ ਜਾਂ ਕੋਈ ਹੋ। ਇਸ ਗੱਲ ਨਾਲ ਕੀ ਫਰਕ ਪੈਂਦਾ ਹੈ ਕਿ ਤੁਸੀਂ ਚਿੱਟੇ ਕਪੜੇ ਪਾ ਕੇ ਪੂਜਾ ਪਾਠ ਕਰਦੇ ਹੋ ਕਿ ਲਾਲ ਕਪੜੇ ਪਾ ਕੇ ਕਰਦੇ ਹੋ। ਸੱਚੇ ਨਾਸਤਕ ਤਾਂ ਉਹ ਹਨ ਜਿਹੜੇ ਦੂਸਰਿਆਂ ਨੂੰ ਨਖੇਦਦੇ ਹਨ ਪਰ ਆਪ ਪ੍ਰਮਾਤਮਾ ਵਿਚ ਵਿਸ਼ਵਾਸ਼ ਰਖਦੇ ਹਨ। ਧਰਮ ਉਹ ਹੈ ਜਿਸ ਦਾ ਅਭਿਆਸ ਕਰਨ ਨਾਲ ਵਿਅਕਤੀ ਦੇ ਜੀਵਨ, ਭਾਈਚਾਰੇ ਦਾ ਜੀਵਨ ਬਦਲ ਜਾਏ, ਜੀਵਨ ਅੰਦਰ ਗੁਣਾਤਮਕ ਬਦਲਾਅ ਆ ਜਾਵੇ। ਇਹੋ ਜਿਹਾ ਧਰਮ ਤੁਹਾਡੇ ਅਨੰਤ ਦਾ ਸਾਥੀ ਹੈ ਕਿਉਂਕਿ ਇਹ ਹਰ ਸਮੇਂ ਤੁਹਾਡੇ ਲਈ ਖੜ੍ਹਾ ਹੈ ਜਦੋਂ ਲੋੜ

ਹੋਵੇ ਇਹ ਹੈ। ਇਹੋ ਜਿਹੇ ਧਰਮ ਨਾਲ ਤੁਸੀਂ ਧਰਮ ਸ਼ੁਭ ਪ੍ਰਾਪਤ ਕਰ ਲੈਂਦੇ ਹੋ, ਮਾਨਵਤਾ ਦੀ ਇਹ ਡੀਊਟੀ ਹੈ ਕਿ ਉਹ ਇਹੋ ਜਿਹੇ ਧਰਮ ਦਾ ਅਭਿਆਸ ਕਰਨ ਤੇ ਨਾਲ ਹੀ ਸਮਰਥਨ ਦੇਣ। ਸਾਨੂੰ ਚਾਹੀਦਾ ਹੈ ਕਿ ਅਸੀਂ ਛੋਟੀਆਂ-ਛੋਟੀਆਂ ਸੰਪਰਦਾਵਾਂ ਵਿਚ ਨਾ ਵੰਡੇ ਜਾਈਏ, ਨਾ ਹੀ ਆਪਸ ਵਿਚ ਕੁੜਤਣ ਦੀ ਭਾਵਨਾ ਲਿਆਈਏ।

ਕੋਈ ਵੀ ਇਹ ਗੱਲ ਪੁੱਛ ਸਕਦਾ ਹੈ ਕਿ ਧਰਮ ਦੇ ਕੀ ਲੱਛਣ ਹਨ? ਇਸ ਦਾ ਉਤਰ ਹੈ, ਜਿਥੇ ਕੋਈ ਤੰਗ ਦਿਲੀ ਨਹੀਂ, ਅੰਧ ਵਿਸ਼ਵਾਸ਼ ਨਹੀਂ, ਕੋਈ ਕੱਟੜਪਨ ਨਹੀਂ ਉਹ ਹੀ ਸੱਚਾ ਧਰਮ ਹੈ ਜਿਸ ਦਾ ਸ੍ਰੋਤ ਪ੍ਰਤੱਖ ਅਨੁਭਵ ਹੈ ਪਰ ਉਹ ਪ੍ਰਤੱਖ ਗਿਆਨ ਦਾ ਆਧਾਰ ਤਰਕ ਹੈ, ਦਲੀਲ ਹੈ। ਆਤਮ ਮਾਰਗ ਜਿਹੜਾ ਸਵਰਗ ਦਾ ਵਾਅਦਾ ਨਹੀਂ ਕਰਦਾ ਪਰ ਇਥੇ ਹੀ ਧਰਤੀ ਉਤੇ ਸਵਰਗ ਬਣਾਉਂਦਾ ਹੈ, ਸਵਰਗ ਦਾ ਵਾਤਾਵਰਣ ਬਣਾਉਂਦਾ ਹੈ, ਜਗਿਆਸੂ ਨੂੰ ਪ੍ਰੇਰਦਾ ਹੈ ਕਿ ਉਹ ਸਦਾ ਸੁੱਚਾ ਜੀਵਨ ਜੀ ਕੇ ਇਥੇ ਹੀ ਸਵਰਗ ਦਾ ਵਾਤਾਰਵਣ ਬਣਾਵੇ, ਉਹ ਹੀ ਸੱਚਾ ਧਰਮ ਹੈ। ਇਹੋ ਜਿਹੇ ਧਰਮ ਤੇ ਚੱਲਣ ਲਈ ਕਦੀ ਵੀ ਡਰਨਾ ਨਹੀਂ ਚਾਹੀਦਾ, ਇਹੋ ਜਿਹੇ ਗੁਣਾਂ ਨੂੰ ਅੰਦਰ ਵਸਾਉਣ ਲਈ ਕਦੀ ਵੀ ਡਰਨਾ ਨਹੀਂ ਚਾਹੀਦਾ, ਇਹ ਗੁਣ ਵਿਸ਼ਵ ਧਰਮ ਦੇ ਗੁਣ ਹਨ, ਇਨ੍ਹਾਂ ਨੂੰ ਹਰ ਮਜ਼ਹਬ ਦਾ ਆਧਾਰ ਬਣਨਾ ਚਾਹੀਦਾ ਹੈ।

ਸਤਿ ਉਨ੍ਹਾਂ ਹਿਰਦਿਆਂ ਵਿਚ ਵਸਦਾ ਹੈ ਜਿਥੇ ਨਿਰਸੁਆਰਥ ਪਿਆਰ ਹੁੰਦਾ ਹੈ। ਸੱਚਾ ਅਨੰਦ ਪਿਆਰ ਦੇ ਕੇਂਦਰ ਤੋਂ ਹੀ ਆਉਂਦਾ ਹੈ। ਜੀਵਨ ਦਾ ਮਨੋਰਥ ਹੈ ਕਿ ਇਸ ਪਿਆਰ ਦਾ ਵੇਗ ਚੱਲਣ ਦੇਣਾ ਚਾਹੀਦਾ ਹੈ ਜਦੋਂ ਸੱਚਾ ਪਿਆਰ ਹਿਰਦੇ ਤੋਂ ਨਿਕਲਦਾ ਹੈ ਉਦੋਂ ਤੁਸੀਂ ਦੂਸਰਿਆਂ ਨੂੰ ਦੇਣਾ ਸਿਖਦੇ ਹੋ, ਦੂਸਰਿਆਂ ਨਾਲ ਸਾਂਝ ਪਾਉਂਦੇ ਹੋ, ਵੰਡਦੇ ਹੋ, ਕਿਸੇ ਤੋਂ ਕਿਸੇ ਚੀਜ਼ ਦੀ ਕੋਈ ਆਸ ਨਹੀਂ ਰੱਖਦੇ। ਪ੍ਰੇਮੀ ਤੇ ਪ੍ਰੇਮਿਕਾ ਦੋਨੋਂ ਹੀ ਪਿਆਰ ਦੀ ਸ਼ਕਤੀ ਨਾਲ ਬਦਲ ਜਾਂਦੇ ਹਨ ਉਨ੍ਹਾਂ ਦਾ ਰੂਪ ਪਰਿਵਰਤਨ ਹੋ ਜਾਂਦਾ ਹੈ। ਵਾਸਤਵ ਵਿਚ ਦੇਖਿਆ ਜਾਵੇ ਤਾਂ ਨਿਰਸੁਆਰਥ ਪਿਆਰ ਤੇ ਧਰਮ ਇਕੋ ਹੀ ਗੱਲ ਹੈ ਕਿਉਂਕਿ ਪ੍ਰੇਮ ਆਤਮਾ ਦਾ ਮੂਲ ਗੁਣ ਹੈ।

ਅਸੀਂ ਉਦੋਂ ਧਰਮ ਨੂੰ ਮੰਨਣ ਵਾਲੇ ਬਣ ਜਾਂਦੇ ਹਾਂ ਜਦੋਂ ਸਾਡਾ ਸਭ ਕੁਝ ਭਾਵ ਅਸੀਂ ਜੋ ਕੁਝ ਵੀ ਕਰਦੇ ਹਾਂ ਉਹ ਪਿਆਰ ਤੇ ਸਤਿ ਦੀ ਸ਼ਕਤੀ ਤੋਂ ਆਉਂਦਾ ਹੈ। ਆਮ ਤੌਰ ਤੇ ਲੋਕਾਂ ਨੂੰ ਧਰਮ ਦਾ ਪਤਾ ਹੀ ਨਹੀਂ ਉਹ ਤਾਂ ਮਜ਼ਹਬ ਦੇ ਫਰੇਬ ਵਿਚ ਫਸੇ ਪਏ ਹਨ। ਇਸੇ ਕਰਕੇ ਉਨ੍ਹਾਂ ਨੂੰ ਇਹ ਕਹਿਣਾ ਉਹ ਆਪਣੇ ਵਿਚਾਰਾਂ ਨੂੰ ਦੇਖਣ ਘੋਖਣ ਉਨ੍ਹਾਂ ਦਾ ਅਲੋਚਨਾਤਮਕ ਵਿਸ਼ਲੇਸ਼ਨ ਕਰਨ, ਕੱਟੜਪਣੇ ਨੂੰ ਦੇਖਣ ਮਜ਼ਹਬ ਦੀਆਂ ਪਰੰਪਰਾਵਾਂ ਨੂੰ ਦੇਖਣ, ਬੁੱਧੀ ਦੇ ਪੱਧਰ ਤੇ ਉਨ੍ਹਾਂ ਦਾ ਵਿਸ਼ਲੇਸ਼ਨ ਕਰਨ। ਸਾਡੇ ਸਮਾਜ ਦੇ ਬੁੱਧੀ ਜੀਵਨ ਅਜੋਕੇ ਮਜ਼ਹਬ ਦੇ ਮਾਹੌਲ ਤੋਂ ਖੁਸ਼ ਨਹੀਂ ਹਨ ਪਰ ਜਿਸ ਤਰ੍ਹਾਂ ਵੀ ਉਹ ਮਜ਼ਹਬ ਦੀਆਂ ਵੱਖ-ਵੱਖ ਕ੍ਰਿਆਵਾਂ ਵਿਚ ਰੁਝੇ ਰਹਿੰਦੇ ਹਨ ਭਾਗ ਲੈਂਦੇ ਹਨ ਕਿਉਂਕਿ ਉਨ੍ਹਾਂ ਨੂੰ ਹੋਰ ਕੋਈ ਵਿਕਲਪ ਲੱਭਿਆ ਨਹੀਂ। ਕਿਸੇ ਵੀ ਮਜ਼ਹਬ ਦੇ ਤੱਤ ਵਿਚ ਕੋਈ ਗਲਤੀ ਨਹੀਂ ਸਾਰੀਆਂ ਸਮੱਸਿਆਵਾਂ ਤਾਂ ਪ੍ਰਚਾਰਕਾਂ ਨੇ ਖੜ੍ਹੀਆਂ ਕੀਤੀਆਂ ਹਨ, ਜਿਹੜੇ ਮਜ਼ਹਬ ਦੇ ਪੈਰੋਕਾਰ ਬਣਦੇ ਹਨ। ਸਿਧਾਂਤਾਂ ਵਿਚ ਅਤੇ ਅਭਿਆਸ ਵਿਚ ਐਨਾ ਅੰਤਰ ਕਿਉਂ ਹੈ? ਇਹ ਗੱਲ ਬਹੁਤ ਹੀ ਗੰਭੀਰ ਵਿਚਾਰਗੋਚਰੇ ਹੈ। ਦੇਖਿਆ ਜਾਵੇ ਤਾਂ ਸਾਡੀ ਅੱਜ ਦੀ ਸਿਖਿਆ ਪ੍ਰਣਾਲੀ ਹੀ ਇਸ ਗੱਲ ਦੀ ਜ਼ਿੰਮੇਵਾਰ ਹੈ।

ਅੱਜ ਹਰ ਮਨੁੱਖ ਉਹ ਜੀਵਨ ਸ਼ੈਲੀ ਚੁਣਦਾ ਹੈ ਜਿਹੜੀ ਉਸਨੂੰ ਚੰਗੀ ਲਗਦੀ ਹੈ। ਉਹ ਆਪਣੇ ਅਨੋਖੇ ਮਾਰਗ ਤੇ ਚੱਲਣਾ ਚਾਹੁੰਦਾ ਹੈ। ਉਹ ਪੁਰਾਤਨ ਗਿਆਨ ਨੂੰ ਨਹੀਂ ਮੰਨਦਾ, ਉਸ ਨਖੇਦੀ ਨੂੰ ਨਾ ਮੰਨਣ ਨੂੰ ਉਹ ਸੋਚਣ ਦੀ ਸੁਤੰਤਰਤਾ ਦਸਦਾ ਹੈ, ਵਿਵਹਾਰ ਦੀ ਸੁਤੰਤਰਤਾ ਦੱਸਦਾ ਹੈ। ਮਨੁੱਖ ਨੂੰ ਪ੍ਰਯੋਗ ਕਰਨਾ ਬਹੁਤ ਚੰਗਾ ਲਗਦਾ ਹੈ, ਚਾਹੇ ਉਹ ਕੀਮਤਾਂ ਕਦਰਾਂ ਵਾਲਾ ਹੋਵੇ, ਵਿਵਹਾਰ ਵਾਲਾ ਹੋਵੇ ਜੀਵਨ ਸ਼ੈਲੀ ਨਾਲ ਪਰ ਇਨ੍ਹਾਂ ਪ੍ਰਯੋਗਾਂ ਦੀ ਕੋਈ ਫਿਲੌਸਫੀ ਨਹੀਂ ਹੁੰਦੀ, ਕੋਈ ਨੀਂਹ ਨਹੀਂ ਹੁੰਦੀ। ਇਸ ਕਰਕੇ ਹੁੰਦਾ ਕੀ ਹੈ ਕਿ ਇਹ ਕੇਵਲ ਵਿਪਰੀਤ ਦਿਸ਼ਾ ਵਿਚ ਚੱਲ ਪੈਂਦੇ ਹਨ ਤੇ ਦਵੰਦ ਨਿਰਣੇ ਤੇ ਪਹੁੰਚ ਜਾਂਦੇ ਹਨ। ਮਨੁੱਖ ਨੂੰ ਇਹ ਜਾਣ ਲੈਣਾ ਚਾਹੀਦਾ ਹੈ ਕਿ ਉਸ ਦਾ ਜੀਵਨ ਸੁਆਰਥੀ ਨਹੀਂ ਹੋਣਾ ਚਾਹੀਦਾ ਕ੍ਰਿਆ ਰਹਿਤ ਨਹੀਂ ਹੋਣਾ ਚਾਹੀਦਾ। ਚਾਹੇ ਜਿਹੜੀ ਵੀ ਜੀਵਨ ਸ਼ੈਲੀ ਹੈ ਉਹ ਚੁਣੇ ਉਹ ਮਾਨਵਵਾਦ ਦੇ ਵਿਪਰੀਤ ਨਹੀਂ ਹੋਣੀ ਚਾਹੀਦੀ। ਤਕਰੀਬਨ ਤਕਰੀਬਨ ਸਾਰੀ ਮਾਨਵਤਾ ਹੀ ਕੋਈ ਨਾ ਕੋਈ ਮਜ਼ਹਬ ਨੂੰ ਤਾਂ ਮੰਨ ਕੇ ਚੱਲ ਹੀ ਰਹੀ ਹੈ, ਫੇਰ ਵੀ ਤੁਹਾਡਾ ਸੰਸਾਰ ਨੂੰ ਦੇਖਣ ਦਾ ਤਰੀਕਾ ਬਹੁਤ ਸੰਕੀਰਣ ਵਿਸ਼ਵਾਸ਼ ਰਸਮੋ ਰਿਵਾਜ ਤੇ ਕੱਟੜਪਣਾ ਹੈ। ਅਗਿਆਨ ਕਾਰਣ ਮਨੁੱਖ ਨੂੰ ਆਪਣਾ ਨਿਸ਼ਚਾ, ਆਪਣਾ ਵਿਸ਼ਵਾਸ਼ ਸਭ ਤੋਂ ਉਚਾ ਲਗਦਾ ਹੈ ਇਸੇ ਕਰਕੇ ਉਹ ਮਾਨਵਤਾ ਦੀ ਭਲਾਈ ਬਾਰੇ ਨਹੀਂ ਸੋਚ ਸਕਦੇ। ਇਹ ਠੀਕ ਹੈ ਕਿ ਲੋਕਾਂ ਨੇ ਮਜ਼ਹਬ ਨੂੰ ਬਾਹਰੀ ਵਸਤੂਆਂ ਤੇ ਵਿਜੈ ਪਾਉਣ ਦੀ ਵਿਆਖਿਆ ਦਿਤੀ ਹੈ, ਵਸਤੂਆਂ ਦੀ ਪ੍ਰਾਪਤੀ। ਕੋਈ ਮਜ਼ਹਬ ਕਿੰਨਾ ਵੱਡਾ ਹੈ, ਕਿੰਨੀ ਮਹਾਨਤਾ ਹੈ ਉਸ ਦੀ, ਇਹ ਇਸ ਗੱਲ ਤੋਂ ਪਤਾ ਲਗਦਾ ਹੈ ਕਿ ਉਸ ਦੇ ਮੰਦਰ, ਗੁਰਦਵਾਰੇ, ਮਸਜਿਦਾਂ, ਚਰਚਾ ਕੋਲ ਕਿੰਨਾ ਪੈਸਾ ਹੈ, ਕਿੰਨਾ ਸੋਨਾ ਚਾਂਦੀ ਕੀ ਮਾਲ ਮਤਾ ਹੈ। ਮਨੁੱਖ ਉਹ ਸਾਰੀਆਂ ਚੀਜ਼ਾਂ ਇਕੱਠੀਆਂ ਕਰਨ ਵਿਚ ਲੱਗਾ ਰਹਿੰਦਾ ਹੈ ਜਿਹੜੀਆਂ ਉਸ ਨੂੰ ਸਰੀਰਕ ਆਰਾਮ ਦਿੰਦੀਆਂ ਹਨ, ਐਸ਼ ਆਰਾਮ ਦਾ ਜੀਵਨ ਬਤੀਤ ਕਰਨ ਲਈ ਸਹਾਈ ਹੁੰਦੀਆਂ ਹਨ। ਅੱਜ ਦੇ ਸੰਸਾਰ ਵਿਚ ਇਛਾਵਾਂ ਦੀ ਤ੍ਰਿਪਤੀ ਦੀ ਕੋਈ ਸੀਮਾ ਨਹੀਂ ਰਹੀ।

ਸਾਡੇ ਸਮਾਜ ਦੇ ਇਕ ਭਾਗ ਨੇ ਇਲਾਹੀ ਧਰਮ ਦੀ ਮਹੱਤਤਾ ਨੂੰ ਇਕ ਪਾਸੇ ਕਰ ਦਿਤਾ ਹੈ, ਓਹਲੇ ਕਰ ਦਿਤਾ ਹੈ, ਇਸੇ ਕਾਰਣ ਉਹ ਆਪਣੇ ਅੰਧ ਵਿਸ਼ਵਾਸ਼ ਤੇ ਕੱਟੜਪਣੇ ਨੂੰ ਭੁਗਤ ਰਹੇ ਹਨ। ਲੱਗਭੱਗ ਹਰ ਇਕ ਮਨੁੱਖ ਮਜ਼ਹਬ ਪੱਖੋਂ ਬੀਮਾਰ ਹੈ, ਜਿਹੜੇ ਆਪਣੇ ਆਪ ਨੂੰ ਚਕਿਤਸਕ ਕਹਿੰਦੇ ਹਨ ਉਨ੍ਹਾਂ ਦਾ ਹਲ ਤਾਂ ਹੋਰ ਵੀ ਮਾੜਾ ਹੈ। ਸਮਾਜ ਦਾ ਦੂਸਰਾ ਵਰਗ ਤਕਨੀਕੀ ਉਪਲੱਭਦੀਆਂ ਤੇ ਵਸਤੂਪਰਕ ਵਿਚ ਲੱਗੇ ਹੋਏ ਹਨ, ਇਹ ਵਰਗ ਨਾਲ ਹੀ ਕੁਦਰਤ ਨੂੰ ਚਲਾਉਣ ਦੀ ਵੀ ਕੋਸ਼ਿਸ਼ ਕਰ ਰਿਹਾ ਹੈ। ਉਹ ਸੋਚਦੇ ਹਨ ਕਿ ਕੁਦਰਤ ਪ੍ਰਕਿਰਤੀ ਉਨ੍ਹਾਂ ਦੇ ਹੁਕਮ ਵਿਚ ਚੱਲੇਗੀ ਦੋਨੋਂ ਹੀ ਮੰਡਲੀਆਂ ਅਨੰਤ ਕਾਨੂੰਨ ਨੂੰ ਭੁੱਲ ਗਈਆਂ ਹਨ, ਪ੍ਰਾਕ੍ਰਿਤੀ ਦੇ ਅਨੰਤ ਸਤਿ ਦੇ ਨਿਯਮ ਨੂੰ ਭੁੱਲ ਗਈਆਂ ਹਨ। ਦੋਨੋਂ ਹੀ ਭਾਵ ਜਿਹੜੇ ਮਜ਼ਹਬ ਵਿਚ ਵਿਸ਼ਵਾਸ਼ ਰੱਖਦੇ ਹਨ ਉਹ ਵੀ ਜਿਹੜੇ ਨਹੀਂ ਰਖਦੇ ਉਹ ਵੀ ਦੋਨਾਂ ਨੇ ਆਪਣੇ ਆਪ ਨੂੰ ਧਰਮ ਤੋਂ ਦੂਰ ਕਰ ਲਿਆ ਹੈ, ਦੋਨਾਂ ਵਿਚੋਂ ਕਿਸੇ ਨੇ ਵੀ ਜੀਵਨ ਮਨੋਰਥ ਨੂੰ ਜਾਨਣ ਦਾ ਯਤਨ ਨਹੀਂ ਕੀਤਾ। ਦੋਨਾਂ ਵਿਚੋਂ ਕਿਸੇ ਕੋਲ ਵੀ ਸਮਾਂ ਨਹੀਂ ਕਿ ਉਹ ਸੋਚ ਵਿਚਾਰ ਕੇ ਨਿਰਣਾ ਲੈਣ ਕਿਹੜੇ ਮਾਰਗ ਦੀ ਉਹ ਚੋਣ ਕਰਨ, ਕਿਸ ਪਾਸੇ ਜਾਣ, ਕਿਸ ਚੀਜ਼ ਦੀ ਖੋਜ ਕਰਨ ਤੇ ਅੰਤ ਵਿਚ ਕਿਸ ਤਰ੍ਹਾਂ ਅੰਤਰ ਸ਼ਾਂਤੀ ਪ੍ਰਾਪਤ ਕਰਨ।

ਬ੍ਰਹਮਗਿਆਨੀਆਂ ਅਨੁਸਾਰ ਕੇਵਲ ਗਿਆਨ ਹੀ ਕਾਫੀ ਨਹੀਂ। ਕੇਵਲ ਧਰਮ ਨੂੰ ਹੀ ਜਾਣ ਲੈਣ ਨਾਲ ਹੀ ਤੁਸੀਂ ਸਰਬੱਤ ਦਾ ਭਲਾ ਨਹੀਂ ਕਰ ਸਕਦੇ। ਬਹੁਤ ਵਾਰੀ ਵੱਡੇ-ਵੱਡੇ ਚਿੰਤਕ, ਆਦਰਸ਼ਵਾਦੀ ਦੂਸਰਿਆਂ ਨੂੰ ਪ੍ਰਾਪਤੀ ਦੇ ਪਾਸੇ ਨਹੀਂ ਲਗਾ ਸਕਦੇ। ਇਹੋ ਜਿਹੇ ਦਾਰਸ਼ਨਿਕ ਚਿੰਤਨ ਵਿਚ ਲੱਗੇ ਰਹਿੰਦੇ ਹਨ, ਏਨਾਂ ਹੀ ਨਹੀਂ ਉਹ ਸੋਚਦੇ ਹਨ ਕੇਵਲ ਚਿੰਤਨ ਹੀ ਸਭ ਤੋਂ ਉਤਮ ਧਰਮ ਹੈ। ਉਹ ਆਪਣੇ ਆਪ ਨੂੰ ਸਮਾਜ ਤੋਂ ਵੱਖ ਰਖਦੇ ਹਨ ਉਨ੍ਹਾਂ ਨੂੰ ਆਪਣੇ ਸਾਥੀਆਂ ਦੀ ਲੋੜਾਂ ਤੇ ਜ਼ਰੂਰਤਾਵਾਂ ਦਾ ਪਤਾ ਹੀ ਨਹੀਂ, ਉਹ ਸਮਾਜ ਦੀ ਆਧੁਨਿਕ ਹਾਲਤ ਨੂੰ ਵੀ ਨਹੀਂ ਸਮਝਦੇ। ਸੋ ਉਨ੍ਹਾਂ ਦੀ ਭਾਵੇਂ ਕਿੰਨੀ ਵੀ ਦਾਰਸ਼ਨਿਕ, ਕਿੰਨੀ ਵੀ ਸਿਧਾਂਤਮਕ ਕਿਉਂ ਨਾ ਹੋਵੇ ਪਰ ਪ੍ਰੈਕਟੀਕਲੀ ਲਾਭਕਾਰੀ ਨਹੀਂ ਹੁੰਦੀ। ਇਕ ਚਿੰਤਕ ਨੂੰ ਸਦਾ ਹੀ ਵਿਸ਼ਵ ਮਨੋਵਿਰਤੀ ਰੱਖਣੀ ਚਾਹੀਦੀ ਹੈ, ਉਸਨੂੰ ਸਦਾ ਹੀ ਸਾਰਿਆਂ ਦੇ ਭਲੇ ਬਾਰੇ ਸੋਚਣਾ ਚਾਹੀਦਾ ਹੈ, ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਉਸਦੇ ਸਿਧਾਂਤ ਲਾਗੂ ਹੋ ਸਕਣ। ਇਨ੍ਹਾਂ ਗੱਲਾਂ ਦੇ ਹੋਣ ਦੇ ਬਾਅਦ ਹੀ ਉਹ ਧਰਮ ਦੇ ਮੋਤੀ ਆਪਣੇ ਸਾਥੀਆਂ ਨੂੰ ਦੇ ਸਕੇਗਾ।

ਸਦੀਆਂ ਤੋਂ ਸਾਡੀ ਸੋਚ ਪੂਰਵ ਜੀਵਨ ਵਿਸ਼ਵਾਸ਼ਾਂ ਅਨੁਸਾਰ ਵਧਦੀ ਘਟਦੀ, ਉਪਰ ਥੱਲੇ ਹੁੰਦੀ ਰਹੀ ਹੈ, ਜਿਸ ਕਾਰਣ ਸਾਡੀ ਸੁਤੰਤਰ ਸੋਚ ਬਣ ਹੀ ਨਹੀਂ ਸਕੀ, ਕੱਟੜਵਾਦ ਕਰਕੇ ਮਨੁੱਖ ਕਮਜ਼ੋਰ ਪੈ ਗਏ। ਆਪਣੀ ਕਮਜ਼ੋਰੀ ਕਰਕੇ ਉਨ੍ਹਾਂ ਦੇ ਅੰਧ ਵਿਸ਼ਵਾਸ਼, ਵਹਿਮ, ਕਪਟੀਪਨ ਨੂੰ ਸਵੀਕਾਰਦੇ ਰਹੇ ਤੇ ਧਰਮ ਨੂੰ ਪਿੱਛੇ ਕਰਦੇ ਰਹੇ। ਸਮਾਂ ਨਿਕਲਦਾ ਗਿਆ ਇਹ ਧਰਮ ਨੂੰ ਭੁੱਲ ਗਏ ਤੇ ਧਰਮ ਦੀ ਥਾਂ ਓਪਰੇ, ਬਨਾਵਟੀ ਰਸਮੋ-ਰਿਵਾਜ ਤੇ ਆਦਰਸ਼ ਬਣਾ ਲਏ। ਇਹ ਸਭ ਕੁਝ ਅੱਜ ਵਧੇਰੇ ਦੇਖਣ ਵਿਚ ਆ ਰਿਹਾ ਹੈ, ਇਸ ਤੋਂ ਪਹਿਲੇ ਐਨਾ ਨਹੀਂ ਸੀ। ਅਸੀਂ ਧਰਮ ਦੇ ਕੁਝ ਤਤਵੀ ਗੁਣ ਹੇਠਾਂ ਦੇ ਰਹੇ ਹਾਂ -

1. ਧਰਮ ਦੇ ਅਭਿਆਸ ਤੋਂ ਭਾਵ ਹੈ ਕਿ ਤੁਸੀਂ ਹਰ ਸਮੇਂ ਪ੍ਰਮਾਤਮਾ ਪ੍ਰਤਿ ਸੁਚੇਤ ਰਹੋ ਚਾਹੇ ਕੁਝ ਵੀ ਕਰ ਰਹੇ ਹੋਵੋ ਪ੍ਰਮਾਤਮਾ ਨੂੰ ਯਾਦ ਰੱਖੋ। ਪ੍ਰਮਾਤਮਾ ਨੂੰ ਮੰਨ ਲੈਣ ਤੋਂ ਭਾਵ ਹੈ ਕਿ ਤੁਹਾਡੀ ਸਾਰੀ ਕ੍ਰਿਆ ਸੱਚ ਤੇ ਵਿਵੇਕ ਦੇ ਆਧਾਰ ਤੇ ਚਲੇਗੀ। ਅੰਤ ਵਿਚ ਤੁਸੀਂ ਸੁਆਰਥੀ ਹੋਣ ਤੋਂ, ਕਮਜ਼ੋਰੀਆਂ ਤੋਂ, ਅਗਿਆਨ ਤੋਂ, ਇਛਾਵਾਂ ਤੋਂ, ਗੁੱਸੇ ਤੋਂ ਮੁਕਤ ਹੋ ਜਾਓਗੇ, ਧਰਮ ਦਾ ਨਿਚੋੜ ਹੈ ਨੈਤਿਕਤਾ ਦਾ ਅਭਿਆਸ। ਜਿੰਨਾਂ ਵਧ ਅਸੀਂ ਆਪਣੇ ਆਪ ਨੂੰ ਸ਼ੁਧ ਕਰਾਂਗੇ ਓਨੇ ਹੀ ਅਸੀਂ ਧਰਮ ਦੇ ਨੇੜੇ ਹੁੰਦੇ ਜਾਵਾਂਗੇ।

2. ਨਵੇਂ ਧਰਮ ਨੂੰ ਸਿਖਾਉਣ ਦੀ ਕੋਈ ਲੋੜ ਨਹੀਂ। ਲੋੜ ਹੈ ਆਪਣੇ ਜੀਵਨ ਨੂੰ ਸ਼ੁੱਧ ਕਰਨ ਦੀ ਲੋੜ ਹੈ, ਜੀਵਨ ਨੂੰ ਸਤਿ ਵਲ ਲੈਣ ਜਾਣ ਦੀ। ਸ਼ੁਧੀਕਰਣ ਦਾ ਤਰੀਕਾ ਆਪਣੀਆਂ ਅੰਦਰ ਦੀਆਂ ਪ੍ਰਵਿਰਤੀਆਂ ਅਨੁਸਾਰ ਹੋਣਾ ਚਾਹੀਦਾ ਹੈ, ਅੰਦਰ ਦੀਆਂ ਰੁਚੀਆਂ ਅਨੁਸਾਰ ਅੰਦਰ ਦੇ ਝੁਕਾਓ ਅਨੁਸਾਰ ਹੋਣਾ ਚਾਹੀਦਾ ਹੈ। ਧਰਮ ਤੋਂ ਭਾਵ ਹੈ ਆਪਣੇ ਵਿਚਾਰ ਸ਼ੁੱਧ ਕਰਨੇ ਕਥਨੀ ਤੇ ਕਰਨੀ ਭਾਵ ਸੋਚਣੀ, ਕਥਨੀ ਤੇ ਕਰਨੀ ਨੂੰ ਸ਼ੁੱਧ ਕਰਨਾ, ਸੰਤੋਖ, ਨੈਤਿਕਤਾ ਇਹ ਧਰਮ ਦੇ ਕੁਝ ਚਿੰਨ੍ਹ ਹਨ।

3. ਧਰਮ ਦਾ ਅਭਿਆਸ ਜੀਵਨ ਦੇ ਹਰ ਪੱਖ, ਹਰ ਪਹਿਲੂ ਵਿਚ ਕਰਨਾ ਚਾਹੀਦਾ ਹੈ। ਸਭ ਤੋਂ ਚੰਗਾ ਹੈ ਆਤਮਾ ਤਕ ਪਹੁੰਚਣਾ। ਅੰਤ ਵਿਚ ਆਤਮਾ ਦਾ ਪ੍ਰਮਾਤਮਾ ਨਾਲ ਮੇਲ, ਬ੍ਰਹਮ ਨਾਲ ਮੇਲ। ਅੰਤਮ ਸਤਿ ਤੱਕ ਪਹੁੰਚਣ ਤੋਂ ਪਹਿਲਾਂ ਤੁਹਾਨੂੰ ਆਤਮ ਮਾਰਗ ਦੀ ਸਚੇਤਨਾ ਤੇ ਪਹੁੰਚਣ ਤੋਂ ਪਹਿਲਾਂ ਤੁਹਾਨੂੰ ਬਹੁਤ ਸਾਰੀਆਂ ਅਵਸਥਾ ਤੋਂ ਲੰਘਣਾ ਪੈਂਦਾ ਹੈ। ਸਭ ਤੋਂ ਪਹਿਲਾਂ ਜਗਿਆਸੂ ਗਿਆਨ ਪ੍ਰਾਪਤ ਕਰਦਾ ਹੈ, ਲਗਾਤਾਰ ਅਭਿਆਸ ਕਰਦਾ ਹੈ, ਚਿੰਤਨ ਕਰਦਾ ਹੈ, ਗਿਆਨ ਅੰਦਰ ਉਤਰਦਾ ਹੈ ਫੇਰ ਤੁਹਾਡੀ ਹੋਂਦ ਦਾ ਹਿੱਸਾ ਬਣ ਜਾਂਦਾ ਹੈ, ਗਿਆਨ ਪ੍ਰਾਪਤੀ ਨਾਲ ਜਿਹੜੀ ਸ਼ਕਤੀ ਮਿਲਦੀ ਹੈ ਉਸ ਨਾਲ ਅੰਧ ਵਿਸ਼ਵਾਸ਼ ਤੇ ਕੱਟੜਤਾ ਜਾਂਦੀ ਰਹਿੰਦੀ ਹੈ, ਤੁਹਾਡਾ ਵਿਸ਼ਵਾਸ਼ ਸ਼ੁੱਧ ਹੋ ਜਾਂਦਾ ਹੈ ਤੁਸੀਂ ਸਦਾ ਲਈ ਪ੍ਰਮਾਤਮਾ ਅੱਗੇ ਆਪਣੇ ਆਪ ਨੂੰ ਸਮਰਪਣ ਕਰ ਦਿੰਦੇ ਹੋ।

4. ਧਰਮ ਸਮਾਜ ਤੇ ਵਿਅਕਤੀ ਦੀ ਰੱਖਿਆ ਕਰਦਾ ਹੈ ਜਦੋਂ ਵੀ ਪਦਾਰਥਵਾਦ ਮਾਨਵਤਾ ਨੂੰ ਹੜਪਣਾ ਚਾਹੁੰਦਾ ਹੈ, ਮਨੁੱਖ ਦੀ ਭੁੱਖ ਪਿਆਸ, ਰੁਪਏ ਪੈਸੇ ਲਈ ਤ੍ਰਿਪਤ ਨਹੀਂ

ਹੁੰਦੀ, ਧਰਮ ਹੀ ਸਹਾਇਕ ਹੁੰਦਾ ਹੈ। ਇਸੇ ਕਰਕੇ ਨੈਤਿਕ ਨਿਯਮ ਤੇ ਰਾਜਨੀਤੀ ਦਾ ਧਰਮ ਹੀ ਆਧਾਰ ਹੋਣਾ ਚਾਹੀਦਾ ਹੈ, ਤਾਂ ਹੀ ਮਾਨਵਤਾ ਦਾ ਵਿਕਾਸ ਲਾਭਕਾਰੀ ਹੋ ਸਕਦਾ ਹੈ।

5. ਅੱਜ ਦੀ ਰਾਜਨੀਤੀ ਧਰਮ ਤੋਂ ਨਿਖੜ ਚੁੱਕੀ ਹੈ ਇਹੋ ਕਾਰਣ ਹੈ ਸਮਾਜ ਵਿਚ ਐਨੀ ਖਲਬਲੀ ਮਚੀ ਹੋਈ ਹੈ। ਸਾਨੂੰ ਆਪਣੇ ਆਪ ਨੂੰ ਉਪਰ ਚੁਕਣਾ ਚਾਹੀਦਾ ਹੈ, ਸਾਨੂੰ ਚਾਹੀਦਾ ਹੈ ਕਿ ਅਸੀਂ ਮਨੁੱਖੀ ਕਦਰਾਂ ਕੀਮਤਾਂ ਨੂੰ ਓਹਲੇ ਨਾ ਕਰੀਏ ਇਹ ਤਾਂ ਹੀ ਹੋ ਸਕਦਾ ਹੈ ਜੇ ਅਸੀਂ ਧਰਮ ਨੂੰ ਆਪਣੇ ਰੋਜ਼ ਦੇ ਜੀਵਨ ਦਾ ਭਾਗ ਬਣਾ ਕੇ ਰੱਖੀਏ।

6. ਧਰਮ ਮਨੁੱਖਾਂ ਨੂੰ ਪਦਾਰਥੀ ਸੰਸਾਰ ਵਿਚ ਗੁਆਚਣ ਤੋਂ ਬਚਾਉਂਦਾ ਹੈ। ਧਰਮ ਜਗਿਆਸੂਆਂ ਨੂੰ ਆਤਮ ਮਾਰਗ ਦੀ ਮਹੱਤਤਾ ਦਸਦਾ ਹੈ, ਮਨੁੱਖ ਨੂੰ ਸੰਸਾਰ ਦਾ ਚਲਾਏਮਾਨ ਹੋਣ ਲਈ ਅਗਵਾਹ ਕਰਦਾ ਹੈ, ਸੰਸਾਰ ਕੇਵਲ ਇੰਦ੍ਰੀਆਂ ਦਾ ਭੋਗ ਹੀ ਦੇ ਸਕਦਾ ਹੈ। ਧਰਮ ਦੀ ਜਦੋਂ ਵੀ ਹੇਠੀ ਹੁੰਦੀ ਹੈ, ਸੁਆਰਥ, ਅਹੰਕਾਰ, ਹਿੰਸਾ, ਪੱਖਪਾਤ, ਪ੍ਰਤੀਕੂਲਤਾ ਇਨ੍ਹਾਂ ਦਾ ਪ੍ਰਭਾਵ ਵਧ ਜਾਂਦਾ ਹੈ ਸਾਨੂੰ ਚਾਹੀਦਾ ਹੈ ਅਸੀਂ ਇਨ੍ਹਾਂ ਅਵਗੁਣਾਂ ਨੂੰ ਇਨ੍ਹਾਂ ਰਾਕਸ਼ਸ਼ੀ ਤਾਕਤਾਂ ਨੂੰ ਆਪਣੇ ਮਨ ਦੀ ਸ਼ਾਂਤੀ ਨਾ ਲੁੱਟਣ ਦੇਈਏ ਤੇ ਆਪਣਾ ਵਿਕਾਸ ਨਾ ਰੋਕੀਏ।

7. ਧਰਮ ਤੋਂ ਭਾਵ ਹੈ ਪਿਆਰ ਪ੍ਰਗਟ ਕਰਨਾ, ਸਤਿ ਪ੍ਰਗਟ ਕਰਨਾ ਤੇ ਜੀਵਨ ਸ਼ਾਂਤ ਬਣਾਉਣਾ, ਇਨ੍ਹਾਂ ਚੀਜ਼ਾਂ ਦੇ ਪ੍ਰਗਟਾਵੇ ਨਾ ਕੇਵਲ ਮਨੁੱਖੀ ਜੀਵਨ ਦੀ ਪੂਰਨਤਾ ਲਈ ਲਾਭਕਾਰੀ ਹੁੰਦੇ ਹਨ, ਇਹ ਤਾਂ ਪੂਰੀ ਮਾਨਵਤਾ ਲਈ ਹੀ ਪੂਰਨਤਾਮਈ ਹੁੰਦੇ ਹਨ। ਪ੍ਰਭੂ ਚਿੰਤਨ ਜੀਵਨ ਲਈ ਠੀਕ ਹੈ, ਪਰ ਦਾਰਸ਼ਨਿਕ ਬਣ ਕੇ ਜੀਵਨ ਦੀਆਂ ਜ਼ਿੰਮੇਵਾਰੀਆਂ ਡਿਊਟੀਆਂ ਤੋਂ ਦੂਰ ਹੋ ਜਾਣਾ, ਇਧਰ ਉਧਰ ਭਟਕਣਾ ਆਪਣੇ ਜੀਵਨ ਨੂੰ ਸੰਗਠਨ ਨਾ ਕਰਨਾ ਇਸ ਗੱਲ ਨੂੰ ਅਣਡਿੱਠ ਨਹੀਂ ਕੀਤਾ ਜਾ ਸਕਦਾ। ਇਹੋ ਜਿਹੇ ਖੋਜੀ ਦੂਸਰਿਆਂ ਦੇ ਭਲੇ ਲਈ ਕੁਝ ਵੀ ਯੋਗਦਾਨ ਨਹੀਂ ਦਿੰਦੇ। ਧਰਮ ਦਾ ਅਭਿਆਸ ਆਪਣੇ ਨਿਜੀ ਜੀਵਨ ਤੋਂ ਸ਼ੁਰੂ ਹੁੰਦਾ ਹੈ ਪਰ ਇਸ ਦਾ ਅੰਤ ਮਾਨਵਤਾ ਦੇ ਸਮੂਹਿਕ ਜੀਵਨ ਨਾਲ ਹੁੰਦਾ ਹੈ। ਇਕ ਜਗਿਆਸੂ ਆਪਣੇ ਆਪ ਨੂੰ ਸੰਸਾਰਕ ਧੰਦਿਆਂ ਤੋਂ ਲਾਂਭੇ ਕਰ ਲੈਂਦਾ ਹੈ, ਜਦੋਂ ਜਗਿਆਸੂ ਇਸ ਤਰ੍ਹਾਂ ਕਰਦਾ ਹੈ ਉਹ ਪਲਾਇਨ ਨਹੀਂ ਕਰ ਰਿਹਾ, ਉਹ ਤਾਂ ਇਸ ਲਈ ਕਰ ਰਿਹਾ ਹੈ ਕਿ ਤਾਂ ਜੋ ਉਹ ਆਪਣਾ ਸਮਾਂ ਉਚੀਆਂ ਤੇ ਵੱਡੀਆਂ ਪ੍ਰਾਪਤੀਆਂ ਲਈ ਵਰਤ ਸਕੇ ਜਦੋਂ ਉਹ ਇਕ ਵਾਰੀ ਇਥੇ ਪਹੁੰਚ ਜਾਂਦਾ ਹੈ ਉਹ ਮੁੜ ਕੇ ਸੰਸਾਰ ਵਿਚ ਚਲਾ ਜਾਂਦਾ ਹੈ ਫੇਰ ਉਹ ਆਪਣੀਆਂ ਪ੍ਰਾਪਤੀਆਂ ਸੰਸਾਰ ਨਾਲ ਸਾਂਝੀਆਂ ਕਰਦਾ ਹੈ, ਮਾਨਵਤਾ ਨਾਲ ਸਾਂਝੀਆਂ ਕਰਦਾ ਹੈ।

8. ਸੁਰਖਿਆ ਦਾ ਸੰਵੇਦ ਸੁਰਖਿਆ ਦਾ ਬੋਧ, ਸ਼ਾਂਤੀ ਦੀ ਜੜ੍ਹ ਹੈ, ਸ਼ਾਂਤੀ ਦਾ ਮੂਲ ਹੈ। ਮਨੁੱਖ ਇਹ ਸੁਰਖਿਆ ਸੰਸਾਰਕ ਵਸਤੂਆਂ ਲਈ ਲੋਚਦੇ, ਦੂਸਰਿਆਂ ਨਾਲ ਮੁਕਾਬਲਾ ਕਰਕੇ ਪ੍ਰਾਪਤ ਨਹੀਂ ਕਰ ਸਕਦੇ, ਨਾ ਹੀ ਵਧੇਰੇ ਵਿਗਿਆਨ ਜਾਂ ਤਕਨੀਕੀ ਖੇਤਰ ਵਿਚ ਵਧੇਰੀ ਸਫਲਤਾ ਪ੍ਰਾਪਤ ਕਰਨ ਨਾਲ ਪ੍ਰਾਪਤ ਕਰ ਸਕਦਾ ਹੈ। ਵਾਸਤਵਿਕ ਸੁਰੱਖਿਆ ਤੇ ਮਾਨਸਿਕ ਸ਼ਾਂਤੀ ਲਈ ਸਾਨੂੰ ਆਪਣੇ ਆਪ ਨੂੰ ਜਿੱਤਣਾ ਹੋਵੇਗਾ ਆਪਣੇ ਆਪ ਤੇ ਵਿਜੈ ਪ੍ਰਾਪਤ ਕਰਨੀ ਹੋਵੇਗੀ, ਬਾਹਰੀ ਚੀਜ਼ਾਂ ਤੇ ਨਹੀਂ ਬਾਹਰੀ ਵਸਤੂਆਂ ਤੇ ਨਹੀਂ।

9. ਧਰਮ ਦੀ ਸੇਚਤਨਾ ਇਸ ਪ੍ਰਾਪਤੀ ਤੋਂ ਆਉਂਦੀ ਹੈ ਕਿ ਇਹ ਜੀਵਨ ਧਾਰਾ ਇਹ ਨਹੀਂ ਹੈ ਜੋ ਅਸੀਂ ਜਾਣਦੇ ਹਾਂ, ਦੇਖ ਰਹੇ ਹਾਂ, ਜੀਵਨ ਧਾਰਾ ਦਾ ਸਰੋਤ ਇਲਾਹੀ ਹੈ, ਪ੍ਰਮਾਤਮਾ ਹੈ ਜੋ ਕਿ ਮਨੁੱਖੀ ਜੀਵਨ ਤੋਂ ਉੱਚਾ ਹੈ, ਉਤਮ ਹੈ। ਇਸ ਸਤਿ ਨੂੰ ਜਾਣ ਲੈਣ ਤੋਂ ਬਾਅਦ ਧਰਮ ਦਾ ਸੱਚਾ ਖੋਜੀ ਆਪ ਛੱਡ ਦਿੰਦਾ ਹੈ, ਅਹੰਕਾਰ ਛੱਡ ਦਿੰਦਾ ਹੈ, ਸਾਰਿਆਂ ਵਿਚ ਇਕੋ ਜੋਤ ਦਾ ਅਨੁਭਵ ਕਰਨ ਲਗ ਪੈਂਦਾ ਹੈ। ਇਹੋ ਜਿਹਾ ਜਗਿਆਸੂ ਕਿਸੇ ਵੀ ਸੰਪਰਦਾਇਕ ਵਿਸ਼ਵਾਸ਼ ਨੂੰ ਸਤਿ ਤੋਂ ਉਪਰ ਨਹੀਂ ਮੰਨਦੇ।

10. ਅੱਜ ਲੋੜ ਹੈ ਅਨੁਸਾਸ਼ਨ ਦੇ ਮਾਰਗ ਦੀ ਤਾਂ ਜੋ ਸ਼ਾਂਤੀ ਤੇ ਅਨੰਦ ਨੂੰ ਸਥਿਰ ਰੱਖਿਆ ਜਾਵੇ, ਨਹੀਂ ਤਾਂ ਸ਼ਾਂਤੀ ਤੇ ਖੁਸ਼ੀ ਬਿਮਾਰੀ ਨਾਲ ਬੁਢੇਪੇ ਨਾਲ ਮੌਤ ਦਾ ਡਰ ਇਨ੍ਹਾਂ ਬਿਪਤਾ ਵਿਚ ਫਸਿਆ ਰਹਿੰਦਾ ਹੈ। ਜੇ ਕੋਈ ਮਾਰਗ ਹੈ ਜਿਹੜਾ ਸਾਨੂੰ ਬਿਮਾਰੀ ਬੁਢੇਪੇ, ਮਰਨ ਤੇ ਸਹਾਈ ਹੁੰਦਾ ਹੈ ਤਾਂ ਉਹ ਹੈ ਧਰਮ ਮਾਨਵਤਾ ਦਾ ਧਰਮ। ਕੇਵਲ ਇਹੋ ਜਿਹਾ ਧਰਮ ਹੀ ਸਾਨੂੰ ਸੰਸਾਰ ਵਿਚ ਰਹਿਣ ਲਈ ਸਹਾਈ ਹੋ ਸਕਦਾ ਹੈ।

11. ਇਕ ਸਮਾਂ ਸੀ ਜਦੋਂ ਇਹ ਭਾਵਨਾ ਇਹ ਮੇਰਾ ਹੈ, ਇਹ ਤੇਰਾ ਹੈ ਇਹ ਸੀ ਪਰ ਇਹ ਛੋਟੇ ਦਿਮਾਗ ਦੇ ਲੋਕਾਂ ਦਾ ਕੰਮ ਸੀ, ਛੋਟੀ ਮਨੋਵਿਰਤੀ ਵਾਲਿਆਂ ਦਾ ਕੰਮ ਸੀ। ਉਚੇ ਆਚਾਰ ਤੇ ਵਿਸ਼ਾਲ ਮਨ ਦੇ ਲੋਕ ਇਹ ਸਾਰਾ ਸੰਸਾਰ ਹੀ ਪਰਿਵਾਰ ਹੈ, ਇਹੋ ਜਿਹੀ ਮਾਨਵਤਾ ਦੀ ਮਨੋਵਿਰਤੀ, ਸਮਤਾਵਾਦ ਦੀ ਮਨੋਵਿਰਤੀ ਇਹ ਧਰਮ ਦਾ ਨੈਤਿਕ ਪੱਖ ਹੈ ਜਦੋਂ ਕਿ ਇਕੋ ਸਤਿ ਦਾ ਪ੍ਰਤੱਖ ਅਨੁਭਵ ਅਧਿਆਤਵਾਦ ਦੀ ਜੜ੍ਹ ਹੈ ਸਥਾਈ ਧਰਮ ਦੀ ਨੀਂਹ ਹੈ। ਜਦੋਂ ਵੀ ਮਨੁੱਖਤਾ ਕੋਈ ਨਵੇਂ ਮਜ਼ਹਬ ਦੀ ਸ਼ੁਰੂਆਤ ਕਰਦੀ ਹੈ ਜਾਂ ਕਰਨਾ ਚਾਹੇਗੀ ਉਸਨੂੰ ਵੇਦਾਂ ਦੇ ਸਤਿ ਦੇ ਮੋਤੀ ਚੁਗਣੇ ਹੀ ਪੈਣਗੇ। ਉਪਨਿਸ਼ਦ ਕੋਲ ਜਾਣਾ ਹੀ ਪਵੇਗਾ, ਇਹ ਸਤਿ ਲੈ ਕੇ ਚੱਲਣਾ ਪਵੇਗਾ, ਸਾਰਾ ਸੰਸਾਰ ਇਕ ਪਰਿਵਾਰ ਹੈ, ਜੋ ਕਿਹਾ ਗਿਆ ਹੈ 'ਵਾਸੁਦੇਵ ਕੁਟੰਬ'।

12. ਧਰਮ ਆਪਣੇ ਆਪ ਵਿਚ ਸ਼ੁੱਧ ਹੈ। ਧਰਮ ਦਾ ਸ਼ੁੱਧਤਾ ਨੂੰ ਤੁਸੀਂ ਸੰਪਰਦਾਵਾਦ ਨਾਲ ਨਹੀਂ ਮਿਲਾ ਸਕਦੇ। ਇਕ ਸੰਪਰਦਾਇਕ ਕੇਵਲ ਇਕ ਛੋਟੇ ਜਿਹੀ ਮੰਡਲੀ ਜਮਾਤ ਲਈ ਹੁੰਦਾ ਹੈ। ਜਦੋਂ ਸਾਰਿਆਂ ਲਈ ਇਕ ਹੈ ਧਰਮ ਸਾਰਿਆਂ ਨੂੰ ਕਲਾਵੇ ਵਿਚ ਲੈਂਦਾ ਹੈ, ਕੋਈ ਬਾਹਰੀ ਨਹੀਂ।

***ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸ਼ਾਫੀ,***
***ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ॥***

(******)

# ਕਾਲਸੀ ਦਾ ਰਿਖੀ
## ੧

***ਭਾਈ ਵੀਰ ਸਿੰਘ***

ਰਾਜਾ ਮੇਦਨੀ ਪ੍ਰਕਾਸ਼ ਨਾਹਨ ਦਾ ਰਾਜਾ ਆਪਣੇ ਆਰਾਮ ਕਮਰੇ ਵਿਚ ਬੈਠਾ ਸੀ ਕਿ ਵਜ਼ੀਰ ਹਰਜੀ ਆ ਗਿਆ ਤੇ ਦੋਹਾਂ ਦੀ ਗੱਲਬਾਤ ਐਉਂ ਛਿੜੀ –

ਰਾਜਾ – ਕੋਈ ਨਵੀਂ ਖਬਰ? ਹਰਜੀ।

ਵਜ਼ੀਰ – ਮਹਾਰਾਜ! ਖਬਰ ਭਲੀਆਂ ਨਹੀਂ, ਫਤਹਸ਼ਾਹ ਦੀ ਧੀ ਦਾ ਸਾਕ ਭੀਮ ਚੰਦ ਦੇ ਲੜਕੇ ਨਾਲ ਹੋ ਗਿਆ ਹੈ।

ਰਾਜਾ – ਹੋ ਗਿਆ? ਦਿਸਦਾ ਹੀ ਸੀ, (ਅਸਮਾਨਾਂ ਵਲ ਤੱਕ ਤੇ ਠੰਢਾ ਸਾਹ ਲੈ ਕੇ) ਅੱਗੇ ਤਾਂ ਪੁੱਤਰ ਦੀ ਅਣਹੋਂਦ ਬਾਵਲਿਆਂ ਕਰਦੀ ਸੀ ਤੇ ਹੁਣ ਰਾਜ ਕਾਜ ਦਾ ਭੀ ਸੰਸਾ ਪੈ ਗਿਆ ਹੈ।

ਹਰਜੀ – ਮੈਂ ਬੀ ਡਾਢਾ ਫਿਕਰ ਖਾਧਾ ਹੈ ਕਿ ਅੱਗੇ ਹੀ ਫਤਹਿ ਸ਼ਾਹ ਜੀਉਣ ਨਹੀਂ ਸੀ ਦਿੰਦਾ ਤੇ ਹੁਣ ਤਾਂ ਉਹ ਹੋਰ ਭਾਰੂ ਹੋ ਗਿਆ।

ਰਾਜਾ – ਫੇਰ ਕੋਈ ਤਦਬੀਰ?

ਵਜ਼ੀਰ – ਇਨਸਾਨੀ ਤਦਬੀਰ ਤਾਂ ਅਜੇ ਕੋਈ ਨਹੀਂ ਸੁੱਝੀ, ਕੋਈ ਰੱਬੀ ਮਦਦ ਮਿਲੇ ਤਾਂ ਵੱਖਰੀ ਗੱਲ ਹੈ।

ਰਾਜਾ – ਰੱਬੀ ਮਦਦ ਦੇਵੀ ਦੇਵਤੇ ਦੀ ਤਾਂ ਕੁਛ ਸਰਦੀ ਨਹੀਂ, ਪੁੱਤਰ ਨਮਿੱਤ ਸਾਰਿਆਂ ਦੀ ਪੂਜਾ ਪ੍ਰਤਿਸ਼ਠਾ, ਪਾਠ ਪੂਜਾ, ਜੱਗ ਕਰਕੇ ਵੇਖ ਚੁੱਕੇ ਹਾਂ ਕੋਈ ਨਹੀਂ ਪੁੱਕਰਦਾ। ਤੇ ਜਾਂ ਜਿਵੇਂ ਕੋਈ ਆਖਦੇ ਹਨ ਦੇਵਤਾ ਹੈ ਹੀ ਨਹੀਂ, ਭਰਮ ਹੀ ਹੈ। ਬਾਕੀ ਰਹੀ ਪੀਰ ਫਕੀਰ ਕਿਸੇ ਦੀ ਮਦਦ, ਸਢੌਰੇ ਬੁੱਧੂਸ਼ਾਹ ਸੁਣੀਦਾ ਹੈ, ਸੋ ਮੁਸਲਮਾਨ ਹੈ, ਤੇ ਦੂਣ ਵਿਚ ਰਾਮ ਰਾਇ ਸੁਣੀਦਾ ਹੈ ਜਿਸ ਦੀਆਂ ਕਰਾਮਾਤਾਂ ਅੱਗੇ ਔਰੰਗਜ਼ੇਬ ਬੀ ਝੁਕਿਆ ਹੈ, ਸੋ ਉਹ ਸਾਡੇ ਵੈਰੀ ਫਤਹਸ਼ਾਹ ਦਾ ਮਿੱਤਰ ਤੇ ਪੂਜਯ ਹੈ। ਸੋ ਅਸਾਂ ਲਈ ਸਭ ਰਸਤੇ ਬੰਦ ਹਨ, ਹੁਣ ਤਾਂ ਇਕੋ ਸੁੱਝਦੀ ਹੈ ਕਿ ਹੋਰ ਫੌਜ ਭਰਤੀ ਕਰੀਏ ਤੇ ਜੰਗ ਲਈ ਤਿਆਰ ਰਹੀਏ, ਜਦ ਸਮਾਂ ਆ ਬਣੇ ਮੈਦਾਨ ਵਿਚ ਸਨਮੁੱਖ ਜੂਝਦੇ ਲੜ ਮਰੀਏ, ਲੋਕ ਤਾਂ ਜਾਣਾ ਹੈ ਪਰਲੋਕ ਵਿਚ ਤਾਂ ਸਵਰਗ ਮਿਲੇ।

ਵਜ਼ੀਰ – ਜੰਗ ਲਈ ਤਿਆਰ ਰਹਿਣਾ ਸਦਾ ਸੁਖਦਾਈ ਹੈ, ਸਗੋਂ ਐਸੇ ਸਮੇਂ ਤਾਂ ਹਰ ਛਿਨ ਸਨੱਧਬੱਧ ਰਹਿਣ ਦੀ ਰਾਜਨੀਤੀ ਹੈ। ਮੈਦਾਨ ਵਿਚ ਸਨਮੁੱਖ ਜੂਝ ਕੇ ਮਰਨਾ ਬੀ ਬੀਰਾਂ ਦਾ ਧਰਮ ਹੈ, ਪਰ ਉਦਾਸੀ ਤੇ ਨਿਰਾਸਤਾ ਨਹੀਂ ਚਾਹੀਏ, ਕੁਛ ਹੋਰ ਬੀ ਕਰੀਏ।

ਰਾਜਾ – ਕੀਹ ਕੁਛ?

ਵਜ਼ੀਰ – ਸਾਡੇ ਰਾਜ ਦੀ ਸਰਹੱਦ ਵਿਚ ਜਮਨਾਂ ਕਿਨਾਰੇ ਇਕ ਬੜਾ ਬ੍ਰਿਧ ਬ੍ਰਾਹਮਣ ਤਪ ਕਰ ਰਿਹਾ ਹੈ, ਕਿਉਂ ਨਾ ਉਸਦੀ ਸਹਾਇਤਾ ਲਈਏ। ਮੇਰੀ ਜਾਂਚੇ ਉਹ ਜੋਗੀ ਹੈ ਅਰ ਸਿੱਧੀਆਂ ਦਾ ਮਾਲਕ ਹੈ, ਨਿਰਜਨ ਬਨ ਵਿਚ ਰਹਿੰਦਾ ਹੈ, ਦਿਨ ਰਾਤ ਤਪ ਵਿਚ ਲੀਨ ਹੈ, ਕਿਸੇ ਨਾਲ ਸਬੰਧ ਨਹੀਂ। ਇਕ ਚੇਲਾ ਸੇਵਾ ਕਰਦਾ ਹੈ। ਦੂਧਾਧਾਰੀ ਹੈ। ਦੋ ਚਾਰ ਗਾਈਆਂ ਹਨ ਜੋ ਬਨ ਵਿਚ ਚਰ ਲੈਂਦੀਆਂ ਹਨ ਤੇ ਮਹਾਤਮਾ ਨੂੰ ਦੁੱਧ ਦੇ ਛੱਡਦੀਆਂ ਹਨ, ਉਸ ਦੀ ਅਸੀਸ ਜ਼ਰੂਰ ਕੋਈ ਸਹਾਇਤਾ ਕਰੇਗੀ, ਇਧਰ ਆਪਣੀ ਸੈਨਾ ਹੋਰ ਵਧਾਉਣੀ ਚਾਹੀਏ। ਮਾਤਾ ਜੀ ਨੂੰ ਆਪ ਮਨਾਓ ਕਿ ਹੁਣ ਸਮਾਂ ਆ ਗਿਆ ਹੈ ਕਿ ਉਹ ਵੱਡੇ ਪੁਰਾਤਨ ਖਜ਼ਾਨੇ ਦੀਆਂ ਕੁੰਜੀਆਂ ਆਪ ਨੂੰ ਦੇ ਦੇਣ, ਜੋ ਔਕੜਾਂ ਵਾਸਤੇ, ਪਿਛਲੇ ਰਾਜੇ ਸੰਭਾਲ ਕੇ ਜਮਾਂ ਕਰ ਗਏ ਹਨ। ਇਸ ਤੋਂ ਉਪਰ ਔਕੜ ਦਾ ਸਮਾਂ ਹੋਰ ਕਿਹੜਾ ਹੈ।

ਰਾਜਾ – ਹੈ ਠੀਕ, ਪਰ ਤ੍ਰੀਮਤਾਂ ਤੇ ਫੇਰ ਬਿਰਧ, ਘੱਟ ਹੀ ਆਖੇ ਲਗਦੀਆਂ ਹਨ। ਅੱਛਾ ਵੇਖੀਏ ਜਤਨ ਹੀ ਕਰਨਾ ਹੈ, ਕਰਦੇ ਹਾਂ, ਮਾਂ ਹੈ, ਮੰਨ ਜਾਵੇਗੀ। ਹਾਂ ਹਾਂ ਮੰਤ੍ਰੀ। ਫੇਰ ਬ੍ਰਾਹਮਣ ਵਲ ਕਦੋਂ?

ਮੰਤ੍ਰੀ – ਤੁਸੀਂ ਅੱਜ ਮਾਤਾ ਜੀ ਨਾਲ ਗੱਲਬਾਤ ਕਰੋ, ਮੈਂ ਬਖਸ਼ੀ ਜੀ ਨਾਲ ਫੌਜ ਵਧਾਉਣ ਤੇ ਸਾਮਾਨ ਜੰਗ ਵਧੇਰੇ ਕਰਨ ਦੀ ਤਜਵੀਜ਼ ਕਰਦਾ ਹਾਂ। ਉਧਰ ਕੱਲ ਤੜਕੇ ਟੁਰ ਪਈਏ। ਸ਼ਿਕਾਰ ਦੇ ਬਹਾਨੇ ਚੱਲਾਂਗੇ ਤੇ ਫੇਰ ਸ਼ਿਕਾਰ ਵਿਚ ਹੀ ਉਸਨੂੰ ਮਿਲਨੇ ਦੀ ਅਵਕਾਸ਼ ਕੱਢ ਲਵਾਂਗੇ। ਦੱਸ ਕੇ ਜਾਣਾ ਠੀਕ ਨਹੀਂ।

ਰਾਜਾ – ਕਿੱਥੇ ਕੁ?

ਮੰਤ੍ਰੀ – ਕੋਈ 25 ਯਾਂ 26 ਕੋਹ, ਪਰ ਸਾਡੇ ਸ਼ਹਿਰ ਤੋਂ ਪੂਰਬ ਉੱਤਰ ਵਲ ਜਮਨਾ ਕਿਨਾਰੇ ਕਾਲਸੀ ਪਿੰਡ ਹੈ, ਉਹ ਕੁਛ ਪੱਧਰ ਜੇਹੀ ਹੈ ਥੋੜ੍ਹੀ, ਓਥੇ ਬਨ ਵਿਚ ਇਕ ਕੁਟੀ ਹੈ ਤੇ ਗਿਰਦੇ ਛਾਪਿਆਂ ਦਾ ਬੜਾ ਤਕੜਾ ਵਾੜਾ ਹੈ, ਵਿਚ ਬੜਾ ਖੁਲ੍ਹਾ ਵਿਹੜਾ ਹੈ।

ਰਾਜਾ ਠੀਕ! ਬਹੁਤ ਦੂਰ ਨਹੀਂ।

ਇਸ ਪ੍ਰਕਾਰ ਗੱਲਾਂਬਾਤਾਂ ਕਰਕੇ ਰਾਜਾ ਤੋਂ ਵਜ਼ੀਰ ਜੀ ਵਿਦਾ ਹੋਏ ਤੇ ਬਖਸ਼ੀ ਖਾਨੇ ਜਾ ਕੇ ਆਪਣੀ ਰਿਆਸਤ ਦੀ ਰੱਖਿਆ ਦੇ ਵਧੇਰੇ ਸਾਮਾਨ ਦੀ ਡੌਲ ਡੌਲਦੇ ਰਹੇ। ਉਧਰ

ਰਾਜਾ ਜੀ ਨੇ ਆਪਣੀ ਮਾਤਾ ਨਾਲ ਜਤਨ ਲਾ ਕੇ ਪੁਰਾਣੇ ਭੰਡਾਰੇ ਵਿਚੋਂ ਚੋਖੀ ਮਾਇਆ ਰਿਆਸਤ ਦੀ ਰੱਖਿਆ ਦੀ ਨਵੀਂ ਤਜਵੀਜ਼ ਪਰ ਖਰਚ ਲਈ ਕੱਢ ਲੈਣ ਦੀ ਗੱਲ ਮਨਾ ਲਈ।

ਅਗਲੇ ਦਿਨ ਰਾਜਾ ਮੇਦਨੀ ਪ੍ਰਕਾਸ਼ ਸ਼ਿਕਾਰ ਚੜ੍ਹਿਆ, ਨਾਲੇ ਵਜ਼ੀਰ ਤੇ ਕੁਛ ਸਿਪਾਹੀ ਚੜ੍ਹੇ, ਰਸਤੇ ਵਿਚ ਬਖਸ਼ੀ ਨਾਲ ਨਵੀਆਂ ਤਜ਼ਵੀਜ਼ਾਂ ਤੇ ਬਹਿਸ ਤੇ ਵਿਚਾਰ ਹੁੰਦੀ ਗਈ। ਵਜ਼ੀਰ ਨੇ ਡੇਰਾ ਉਸ ਟਿਕਾਣੇ ਤੋਂ ਕੋਹ ਕੁ ਦੀ ਵਿੱਥ ਉਤੇ ਉਰ੍ਹੇ ਲਵਾਯਾ। ਲੌਢਾ ਪਹਿਰ ਹੋਯਾ ਤਾਂ ਰਾਜਾ ਤੇ ਵਜ਼ੀਰ ਘੋੜੇ ਤੇ ਚੜ੍ਹ ਸੈਰ ਨੂੰ ਨਿਕਲੇ ਤੇ ਸਨੇ ਸਨੇ ਬ੍ਰਾਹਮਣ ਦੀ ਕੁਟੀ ਪਾਸ ਜਾ ਨਿਕਲੇ। ਰਾਜਾ ਉਰ੍ਹੇ ਠਹਿਰ ਗਿਆ ਤੇ ਵਜ਼ੀਰ ਘੋੜਾ ਬ੍ਰਿਛ ਨਾਲ ਬੰਨ੍ਹ ਕੇ ਅੰਦਰ ਗਿਆ, ਬ੍ਰਾਹਮਣ ਜੀ ਉਸ ਵੇਲੇ ਵਾੜੇ ਦੇ ਵਿਹੜੇ ਵਿਚ ਇਕ ਪੱਥਰ ਦੀ ਸਿਲਾ ਤੇ ਘਾਸ ਦੀ ਸਫ ਵਿਛਾਈ ਬੈਠੇ ਸਨ। ਉਮਰਾ ਕੋਈ ਸੌ ਬਰਸ ਤੋਂ ਉਪਰ ਦੀ ਸੀ, ਸਰੀਰ ਬੱਸ ਹੱਡੀਆਂ ਜਾਪਦਾ ਸੀ, ਮਾਸ ਤਾਂ ਵਿਚੋਂ ਗੁੰਮ ਹੀ ਲੱਭਦਾ ਸੀ, ਪਰ ਚਿਹਰੇ ਪਰ ਆਭਾ ਚੰਗੀ ਸੀ। ਪਿੱਠ ਵਿਚ ਸਿੱਧਾਪਨ ਨਹੀਂ ਸੀ, ਕੁੱਬ ਜਿਹਾ ਪੈ ਰਿਹਾ ਸੀ ਤੇ ਨਿਰਬਲਤਾਈ ਦੇ ਪੂਰੇ ਡੇਰੇ ਜੰਮੇ ਹੋਏ ਦਿਸਦੇ ਸਨ।

ਵਜ਼ੀਰ ਨੇ ਅੱਗੇ ਵਧ ਕੇ ਪ੍ਰਣਾਮ ਕੀਤੀ, ਬ੍ਰਾਹਮਣ ਨੇ ਪਛਾਣਿਆਂ, ਅਸ਼ੀਰਵਾਦ ਦਿਤੀ ਤੇ ਕਿਹਾ, ਆਓ ਬੈਠੋ। ਵਜ਼ੀਰ ਨੇ ਬਿਨੈ ਕੀਤੀ ਕਿ ਬਾਹਰ ਰਾਜਾ ਜੀ ਹਨ, ਆਗਿਆ ਹੋਵੇ ਤਾਂ ਆ ਜਾਣ? ਇਹ ਸੁਣ ਕੇ ਬ੍ਰਾਹਮਣ ਕੰਬਦਾ ਕੰਬਦਾ ਉਠਣ ਲੱਗਾ ਤੇ ਬੋਲਿਆ, ਸ੍ਰੀ ਕ੍ਰਿਸ਼ਨ ਜੀ ਦਾ ਵਾਕ ਹੈ, ਮਨੁੱਖਾਂ ਵਿਚ ਮੈਂ ਰਾਜਾ ਹਾਂ, ਅਹੋ ਭਾਗ! ਰਾਜੇ ਹੀ ਹੋ ਕੇ ਆਓ, ਆਓ ਸਹੀ। ਪਰ ਵਜ਼ੀਰ ਨੇ ਬਾਂਹ ਫੜ ਕੇ ਬਹਾਲ ਦਿਤਾ ਤੇ ਕਿਹਾ, ਆਪ ਬਿਰਾਜੀਏ, ਰਾਜਾ ਜੀ ਆਪ ਆ ਜਾਣਗੇ। ਉਹ ਆਪ ਦੇ ਦੁਆਰੇ ਰਾਜਾ ਹੋ ਕੇ ਨਹੀਂ ਆਏ, ਅਸ਼ੀਰਵਾਦ ਵਾਸਤੇ ਆਏ ਹਨ, ਆਪ ਧਰਮ ਮੂਰਤੀ ਹੋ ਬੜੇ ਹੋ।

ਇਹ ਕਹਿ ਕੇ ਬਾਹਰ ਗਿਆ ਤੇ ਰਾਜਾ ਨੂੰ ਨਾਲ ਲੈ ਕੇ ਅੰਦਰ ਆ ਗਿਆ। ਦੋਹਾਂ ਨੇ ਦੂਰੋਂ ਹੀ ਸੀਸ ਨਿਵਾਇਆ ਤੇ ਬੁੱਢੇ, ਪਰ ਅੰਦਰਲੇ ਸਾਹਸ ਵਾਲੇ ਬ੍ਰਾਹਮਣ ਨੇ ਕਿਹਾ, ਅਹੋ ਭਾਗ! ਧੰਨਯ ਭਾਗਯ! ਰਾਜਾ ਹੀ ਹੋ ਕੇ ਆਓ, ਜੀ ਆਇਆਂ ਨੂੰ!

ਥੋੜ੍ਹਾ ਚਿਰ ਆਪੋ ਵਿਚ ਆਦਰ ਸਤਿਕਾਰ ਕੁਸ਼ਲ ਅਨੰਦ ਪੁੱਛ ਕੇ ਮਤਲਬ ਦੀ ਗੱਲਬਾਤ ਛਿੜ ਪਈ। ਬ੍ਰਾਹਮਣ ਨੇ ਸਾਰੀ ਗੱਲ ਸੁਣ ਕੇ ਕਿਹਾ, ਹੇ ਰਾਜਨ! ਮੈਂ ਇਸ ਰਾਜ ਵਿਚ ਬੈਠ ਕੇ ਤਪ ਕੀਤਾ ਹੈ, ਤੇਰੀ ਰਾਜ ਹਾਨੀ ਮੈਂ ਨਹੀਂ ਵੇਖ ਸਕਦਾ। ਭਗਵਾਨ ਕ੍ਰਿਪਾ ਕਰੇ ਤੇ ਰਾਜ ਅਟੱਲ ਹੋਵੇ। ਪਰ ਸੰਸਾਰ ਵਿਚ ਫਤਹਸ਼ਾਹ ਤੇ ਭੀਮ ਚੰਦ ਦੋ ਰਲੇ ਹੋਏ ਤੇਰੇ ਤੇ ਭਾਰੂ ਹਨ ਤੇ ਸਿੱਧੀ ਮੰਡਲ ਵਿਚ ਰਾਮਰਾਏ ਜੋਗੀ ਹੈ, ਸਿੱਧੀਆਂ ਵਿਭੂਤੀਆਂ ਤੇ ਉਸ ਦਾ ਪੂਰਨ ਵਸੀਕਾਰ ਹੈ। ਮੈਂ ਗਰੀਬ ਤਾਂ 'ਦਰਸ਼ਨ' ਦੀ ਆਸ ਵਿਚ ਬੁੱਢਾ ਹੋ ਗਿਆ ਹਾਂ, ਵਿਭੂਤੀਆਂ ਤੋਂ ਮੇਰੇ ਗੁਰੂ ਨੇ ਮੈਨੂੰ ਹੋੜਿਆ ਸੀ ਤੇ ਮੈਂ ਆਪ ਬੀ ਇਸ ਪਾਸੇ ਰੁਚੀ ਨਾ ਕੀਤੀ। ਸਾਰਾ ਬਲ ਇਸੇ ਗੱਲ ਵਲ ਲਗਾ ਕਿ ਪ੍ਰਤੱਖ, ਭਾਵੇਂ ਅੰਤਰ ਆਤਮੇ, ਦਰਸ਼ਨ ਪਾਵਾਂ, ਚਾਹੇ ਦਰਸ਼ਨ ਦੇਖਾਂ, ਚਾਹੇ ਦਰਸ਼ਨ ਸਮਾਵਾਂ। ਪਰ ਮੇਰੀ ਆਸ ਨਹੀਂ ਪੁੱਗੀ। (ਇਹ ਕਹਿ ਨੈਣ ਭਰ ਆਏ)

ਵਜ਼ੀਰ - ਖਿਮਾਂ ਕਰਨੀ, ਅਸਾਂ ਆਪ ਦੇ ਕੇਵਲ ਬ੍ਰਹਮ-ਦਰਸ਼ਨ ਨਮਿਤ ਲਗ ਰਹੇ ਸਮੇਂ ਵਿਚ ਵਿਘਨ ਪਾਯਾ ਹੈ। ਅਸੀਂ ਲੋੜਵੰਦ ਲੋਕ ਹਾਂ, ਬਿਰਧਾਵੰਤ ਆਪਣੇ ਲਈ ਕਾਹਲਾ ਹੁੰਦਾ ਹੈ।

ਬ੍ਰਾਹਮਣ - ਕਿਵੇਂ ਆਖੋ! ਰਾਜਾ ਪ੍ਰਜਾ ਦਾ ਰਖਵਾਲਾ ਹੈ, ਰਾਜ ਵਿਚ ਵਸਦਿਆਂ ਰਾਜ ਦੀ ਰੱਖਿਆ ਸਭ ਦਾ ਧਰਮ ਹੈ। ਮੈਂ ਇਸ ਰਾਜ ਵਿਚ ਸੁਖ ਪਾਇਆ ਹੈ, ਆਪ ਦਾ ਆਉਣਾ ਵਿਘਨਕਾਰੀ ਨਹੀਂ ਹੈ। ਭਗਵਾਨ ਸਹਾਇਤਾ ਕਰੇ, ਮੇਰੀ ਅਸ਼ੀਰਵਾਦ ਹੈ, ਪਰ ਹਾਂ..........।

ਇਹ ਕਹਿ ਕੇ ਬੁੱਢੇ ਦਾ ਚਿਹਰਾ ਦਮਕ ਆਇਆ, ਢਿਲਕਦੇ ਮਾਸ ਦੀਆਂ ਝੁਰੀਆਂ ਵਿਚ ਇਕ ਚਾਨਣ ਜਿਹਾ ਫੇਰਾ ਪਾ ਗਿਆ, ਸਿਰ ਹਿਲਾਵੇ ਤੇ ਅੱਖ ਮੀਟ ਮੀਟ ਜਾਵੇ, ਜਿਨ੍ਹਾਂ ਅੱਖਾਂ ਵਿਚ ਕਿ ਹੁਣ ਇਕ ਦਮਕ ਆ ਗਈ ਸੀ। ਫੇਰ ਨੈਣ ਭਰ ਆਏ ਤੇ ਫੇਰ ਕੁਛ ਚਿਰ ਚੁੱਪ ਰਹਿ ਕੇ ਬੋਲਿਆ, "ਰਾਜਨ! ਇਹ ਕਲੂਕਾਲ ਹੈ ਤੇ ਕਲੂ ਦੇ ਬੀ ਤ੍ਰੈ ਪੈਰ ਖਿੱਸੇ ਹਨ, ਇਸ ਵੇਲੇ ਇਕ ਭਾਰੀ ਅਵਤਾਰ ਦਾ ਆਗਮ ਹੈ, ਹਾਂ ਉਹ ਆਇਆ ਹੈ ਤੇ ਵਿਚਰ ਰਿਹਾ ਹੈ, ਪਰ ਮੈਨੂੰ ਪਤਾ ਨਹੀਂ, ਜੇ ਕਦਾਪਿ ਤੂੰ ਉਸਦੇ ਦਰਸ਼ਨ ਕਰੇਂ ਤਾਂ ਨਿਸ਼ਚੇ ਕਲਿਆਨ ਹੋਵੇ।"

ਰਾਜਾ - ਬਿਨ ਪਤੇ ਕੀਕੂੰ ਪਾਈਏ?

ਬ੍ਰਾਹਮਣ - ਹੇ ਰਾਜਨ! ਮੈਨੂੰ ਉਂਞ ਥਹੁ ਕੋਈ ਨਹੀਂ, ਮੈਂ ਪਹਿਲੀ ਉਮਰੇ ਮੂਰਤੀ ਦਾ ਧਿਆਨ ਧਰਦਾ ਰਿਹਾ। ਫੇਰ ਮੈਨੂੰ ਰਾਹ ਪਾਉਣ ਵਾਲਾ ਮਿਲਿਆ, ਮੈਂ ਉਸ ਦੇ ਧਿਆਨ ਮਗਨ ਰਿਹਾ, ਉਸ ਨੇ ਮੈਨੂੰ ਫੇਰ ਚਤੁਰਭੁਜ ਮੂਰਤੀ ਦੇ ਧਿਆਨ ਵਿਚ ਲਾਇਆ। ਮੇਰੀ ਆਰਬਲਾ ਤਾਂ ਇਸੇ ਤਰ੍ਹਾਂ ਗੁਜਰੀ। ਸਿੱਕ ਇਹ ਰਹੀ ਕਿ ਜੋ ਮੂਰਤੀ ਮੈਂ ਆਪਣੇ ਖਿਆਲ ਵਿਖੇ ਬੰਨ੍ਹਦਾ ਹਾਂ ਉਹ ਕਦੇ ਜੀਉਂਦੀ ਹੋ ਕੇ ਮਿਲੇ, ਚਾਹੇ ਮਨੁੱਖਾਂ ਵਾਂਙ, ਚਾਹੇ ਕਿਸੇ ਆਤਮ ਤਰੀਕੇ ਵਿਚ, ਪਰ ਆਸ ਨਾ ਪੁੱਗੀ। ਹੁਣ ਕੁਛ ਦਿਨ ਹੋਏ ਤਾਂ ਮੈਂ ਬੈਠੇ-ਬੈਠੇ ਇਕ ਸੁਪਨ ਡਿੱਠਾ, ਇਕ ਕੋਈ ਦਿਵਯ ਮੂਰਤੀ ਹਨ, ਉਨ੍ਹਾਂ ਮੈਨੂੰ ਆਖਿਆ ਕਿ ਕਿਉਂ ਮੂਰਤਾਂ ਬੰਨ੍ਹ-ਬੰਨ੍ਹ ਕੇ ਖਪਨਾ ਹੈਂ। ਮਨੁੱਖ ਰੂਪ ਵਿਚ ਜਗਤ ਪਰ ਆਏ ਹੋਏ ਹਨ ਤੇ ਜਗਤ ਦੇ ਰਖਿਅਕ ਹੋ ਰਹੇ ਹਨ। ਜੁੱਧ ਜੰਗ ਰਚਾਉਣ ਦੇ ਆਹਰਾਂ ਵਿਚ ਹਨ, ਜੋਧੇ ਤੇ ਰਜੋਗੁਣੀ ਦਿਸਦੇ ਹਨ, ਪਰ ਹੈਨ ਧੁਰੋ, ਆਪ,

ਅਵਤਾਰ ਤੇ ਜਗਤ ਰਖਯਕ। ਹੇ ਰਾਜਨ! ਜੇ ਮੈਂ ਵੇਖਾਂ ਤਾਂ ਪਛਾਣ ਲਵਾਂ, ਉਨ੍ਹਾਂ ਦੀ ਨਵ-ਉਮਰਾ ਹੈ, ਦਿਬਯ ਮੂਰਤੀ ਹੈ, ਪ੍ਰਕਾਸ਼ ਹੈ, ਰਸ ਹੈ ਪਰ ਸ਼ਸਤਰਧਾਰੀ ਹਨ ਤੇ ਠਾਠ ਰਾਜਸੀ ਹੈ।

ਰਾਜਾ - ਨਾਮ?

ਬ੍ਰਾਹਮਣ - ਇਹ ਪਤਾ ਨਹੀਂ, ਮੈਨੂੰ ਉਸ ਦਿਨ ਤੋਂ ਇਹੀ ਝਾਉਲਾ ਪੈਂਦਾ ਹੈ ਤੇ ਰੋਜ ਪੈਂਦਾ ਹੈ। ਮੈਂ ਤਾਂ ਇਕ ਦਿਨ ਬੀ ਇੱਥੇ ਪਾਣੀ ਨਾ ਪੀਂਦਾ, ਢੂੰਡਣ ਤੁਰ ਪੈਂਦਾ, ਪਰ ਮੇਰੀਆਂ ਜੰਘਾਂ ਵਿਚ ਤਾਕਤ ਨਹੀਂ, ਬਾਲਕਾ ਮੋਢੇ ਲਾ ਖੜਦਾ ਹੈ ਜਾਂ ਬਹੁਤੀ ਵੇਰੀ ਚਾ ਖੜਦਾ ਹੈ ਤਾਂ ਇਥੇ ਨਦੀ ਤਾਈ ਜਾ ਕੇ ਇਸ਼ਨਾਨ ਕਰਦਾ ਹਾਂ। ਜੇ ਮੇਰੇ ਵਿਚ ਤਾਕਤ ਹੁੰਦੀ ਤਾਂ ਮੈਂ ਕਦੇ ਚਉ ਕਰ ਕੇ ਨਾ ਬੈਠਦਾ? ਮੇਰੀ ਆਸ ਪੂਰੀ ਹੋਈ ਹੈ ਤਾਂ ਮੇਰੇ ਵਿਚ ਆਸੰਙ ਨਹੀਂ ਰਹੀ। ਹੁਣ ਮੇਰੇ ਪਾਸ ਕੇਵਲ ਮਨ ਦੀ ਅਰਾਧਨਾ ਹੈ ਜੋ ਕਿਵੇਂ ਨੈਣ ਬੰਦ ਹੋਣ ਤੋਂ ਪਹਿਲਾਂ ਦਰਸ਼ਨ ਪਾ ਲਵਾਂ ਤੇ ਉਹ ਕੁਛ ਅਨੁਭਵ ਕਰ ਲਵਾਂ ਜਿਸਨੂੰ ਪਰਮਾਨੰਦ, ਪਰਮ ਰਸ ਆਖਦੇ ਹਨ, ਤੇ ਜੋ ਕੇਵਲ ਮਿਲਾਪ ਨਾਲ, ਦਰਸ਼ਨ ਨਾਲ ਹੀ ਪ੍ਰਾਪਤ ਹੁੰਦਾ ਹੈ। ਰਾਜਾ! ਤੇਰੇ ਪਾਸ ਬਲ ਹੈ, ਪਦਾਰਥ ਹੈ, ਤੂੰ ਖੋਜ ਕਰ। ਜੇ ਲੱਭ ਲਵੇਂ ਤਾਂ ਤੇਰਾ ਵੀ ਕਾਰਜ ਸਵਰੇ ਤੇ ਦੇਖੋ (ਠਹਿਰ ਕੇ) ਅਹੋ ਭਾਗ! ਮੇਰੇ ਬੀ ਭਾਗ ਜਾਗ ਪੈਣ। ਕੀ ਜਾਣੀਏਂ ਭਗਵੰਤ ਜੀ ਨੇ ਤੁਹਾਨੂੰ ਪਰੇਰ ਕੇ ਆਂਦਾ ਹੋਵੇ ਜੋ ਮੈਂ ਪਤਾ ਦਿਆਂ ਤੇ ਤੁਸੀਂ ਟੋਲ ਕਰੋ, ਲੱਭ ਕੇ ਲੈ ਆਓ, ਜਾਂ ਇਸ ਬੁੱਢੇ ਬ੍ਰਾਹਮਣ ਨੂੰ ਪਾਲਕੀ ਪਾ ਉਸ ਦੇ ਚਰਨ ਕਮਲਾਂ ਦੇ ਵਿਚ ਚੱਲ ਸੁੱਟੋ, ਜੋ ਇਹ ਬੀ ਪਰਮ ਪਰਮਾਰਥ ਪਾ ਲਵੇ, ਮੰਗਤ ਜਨ ਜੁ ਹੋਇਆ।

ਬ੍ਰਾਹਮਣ ਦੀ ਇਹ ਪਿਆਰ ਭਰੀ ਤੇ ਸੱਧਰ ਸਿੱਕ ਵਾਲੀ ਆਸਾ ਪਰ ਉਵ 'ਨਿਰਾਸਾ ਵਾਲੀ ਆਸਾ' ਦੀ ਦਸ਼ਾ ਪਰ ਰਾਜਾ ਵਜ਼ੀਰ ਦੋਵੇਂ ਦ੍ਰਵ ਗਏ ਤੇ ਵਧੇਰੇ ਸ਼ੌਕ ਵਿਚ ਹੋ ਕੇ ਪੁੱਛਣ ਲੱਗੇ, ਕੋਈ ਅਤਾ ਪਤਾ ਦੇਵੋ?

ਬ੍ਰਾਹਮਣ - ਅੱਸੀ ਸਾਲ ਦੇ ਤਪ ਬਾਅਦ, ਧਿਆਨ ਤੇ ਤਿਆਗ ਵੈਰਾਗ ਦੇ ਜੀਵਨ ਵਿਚ ਰਹਿ ਕੇ, ਆਹ ਝਾਉਲਾ ਹੀ ਪਿਆ ਹੈ, ਹੋਰ ਕੀ ਦੱਸਾਂ? ਨਵ-ਉਮਰਾ ਹਨ, ਸੁੰਦਰ ਹਨ, ਨੈਣ ਹਰਨਾਂ ਵਾਂਙ ਹਨ, ਬਾਹਾਂ ਗੋਡਿਆਂ ਤਕ ਪਲਮਦੀਆਂ ਹਨ, ਸਰੀਰ ਲੰਮੇਰਾ ਤੇ ਪਤਲਾ ਜੇਹਾ ਹੈ, ਤੇਜ ਹੈ ਅਝੱਲ, ਸ਼ਸਤਰਧਾਰੀ ਹਨ, ਰਜੋ ਸਾਮਾਨ ਹੈ, ਹੈਨ ਪੂਰਨ, ਪੂਰਨ। ਧੁਰੋਂ ਆਏ, ਸੱਦੇ ਆਏ ਸਾਡੇ, ਘੱਲੇ ਆਏ ਜੋਤਿ ਨਿਰਬਾਨ ਦੇ, ਆਪ ਹਨ ਪੂਰਨ ਅਵਤਾਰ।

ਇਹ ਸੁਣ ਕੇ ਰਾਜੇ ਵਜ਼ੀਰ ਦੀਆਂ ਆਪੋ ਵਿਚ ਅੱਖਾਂ ਲੜੀਆਂ, ਕੋਈ ਸੈਨਤਾਂ ਹੋਈਆਂ।

ਰਾਜਾ - ਉਹ ਕਹਿਲੂਰ ਵਾਲੇ ਟਿਕਾਣੇ ਤਾਂ ਨਹੀਂ ਭੀਮੇਂ ਦੇ ਸ਼ੱਤਰੂ?

ਬ੍ਰਾਹਮਣ - ਸ਼ੱਤਰੂ, ਉਹ ਨਹੀਂ ਸ਼ਤਰੂ, ਉਹ ਸਭ ਦੇ ਪਿਆਰੇ, ਸਭ ਦੇ ਪ੍ਰੇਮੀ। ਸ਼ੱਤਰੂਆਂ ਨੂੰ ਅਵਤਾਰ ਸ਼ੱਤਰੂ ਲਗਦਾ ਹੈ। ਆਪਣੇ ਕਰਮ ਸ਼ੱਤਰੂ ਹੁੰਦੇ ਹਨ, ਆਪੇ ਕੀਤੇ ਆਪੇ ਪਾਏ। ਧੁਰੋਂ ਆਇਆ ਨਿਰਾ ਪ੍ਰੇਮ ਹੁੰਦਾ ਹੈ।

ਰਾਜਾ - ਮਹਾਰਾਜ! ਭਲਾ ਅਵਤਾਰ ਆਵੇ ਤਾਂ ਆਪ ਵਰਗੀ ਬ੍ਰਹਮ ਦੇਹੀ ਵਿਚ ਆਵੇ, ਸ਼ਸਤਰਧਾਰੀਆਂ ਵਿਚ ਬ੍ਰਹਮਜੋਤੀ ਕਿਵੇਂ?

ਬ੍ਰਾਹਮਣ (ਠੰਢਾ ਸਾਹ ਲੈ ਕੇ) - ਬਈ ਮੋਟੀ ਗੱਲ ਹੈ, ਰਾਮ ਜੀ ਖੱਤਰੀ ਸ਼ਸਤਰਧਾਰੀ, ਕ੍ਰਿਸ਼ਨ ਜੀ ਖੱਤਰੀ ਸ਼ਸਤਰਧਾਰੀ। ਖਬਰੇ ਅਵਤਾਰ ਕਿਉਂ ਏਸ ਰੂਪ ਵਿਚ ਆਉਂਦਾ ਹੈ? ਹੋਰ ਸੁਣੋ, ਸਾਡੇ ਬ੍ਰਾਹਮਣਾਂ ਪਾਸ ਤਾਂ ਕਰਮ ਕਾਂਡ ਹੈ, ਅਸੀਂ ਤਾਂ ਵੇਦ ਦੀਆਂ ਰਿਚਾਂ ਗਾਉਂਦੇ, ਯੱਗ ਹੀ ਕਰਦੇ ਕਰਾਉਂਦੇ ਰਹੇ, ਇਹ ਬ੍ਰਹਮ ਵਿਦਿਆ ਤਦੋਂ ਬੀ ਖਯਤ੍ਰੀ ਮਹਾਰਾਜਿਆਂ ਪਰ ਉਤਰਦੀ ਰਹੀ। ਰਾਮ ਤੇ ਉਤਰੀ, ਅਸਾਂ ਵੇਦ ਪਾਠੀ ਰਾਵਣ ਬਣ ਕੇ ਵੈਰ ਹੀ ਕੀਤਾ।

ਤੁਸੀਂ ਸੰਸਕ੍ਰਿਤ ਪੜ੍ਹੇ ਨਹੀਂ, ਭਾਈ! ਆਦਿ ਸਮਿਆਂ ਵਿਚ ਜੋ ਅਸਲ ਬ੍ਰਹਮ ਵਿਦਿਆ ਸੀ ਸੋ ਗੁੱਝੀ ਰਹੀ, ਅਸੀਂ ਤਾਂ ਕਰਮ ਕਾਂਡੀ ਰਹੇ। ਗੁਹਯ ਵਿਦਿਆ, ਬ੍ਰਹਮ ਵਿਦਿਆ, ਰਸ ਵਿਦਿਆ, ਵੇਖੋ ਨਾ ਬਈ, ਸਾਡੇ ਵੱਡਿਆਂ ਨੂੰ ਭਿਣਕ ਪਈ ਕਿ ਖੱਤਰੀਆਂ ਪਾਸ ਹੈ, ਇਹ ਨਾਲੇ ਰਾਜ ਕਰਦੇ ਹਨ ਨਾਲ ਜੀਵਨ ਮੁਕਤੀ ਦੀ ਮੌਜ ਮਾਣਦੇ ਹਨ। ਫੇਰ ਵੇਖੋ ਨਾ! ਸਾਡੇ ਵੱਡਿਆਂ ਨੇ ਇਨ੍ਹਾਂ ਖੱਤਰੀਆਂ ਮਹਾਰਾਜਿਆਂ ਦੇ ਦੁਆਰੇ ਜਗਿਆਸਾ ਧਾਰ ਕੇ ਇਹ ਗੁਹਯ ਵਿਦਿਆ ਸਿੱਖੀ। ਤੁਸਾਂ ਸੁਣਿਆਂ ਹੋਊ ਸੁਕਦੇਵ ਬ੍ਰਾਹਮਣ ਜੀ ਨੇ ਰਾਜਾ ਜਨਕ ਦੇ ਜੋ ਖਯਤ੍ਰੀ ਸਨ ਦੁਆਰੇ ਜਾ ਕੇ ਇਹ ਵਿਦਿਆ ਲਈ।

ਫੇਰ ਵੇਖੋ ਪੰਜ ਬ੍ਰਾਹਮਣ ਉਦਾਲਕ ਅਰੁਨੀ ਪਾਸ ਵੈਸਵਾਨਰ ਆਤਮਾ ਦੀ ਵਿਦਿਆ ਵਾਸਤੇ ਗਏ। ਉਦਾਲਕ ਆਪਣੀ ਅਸਮਰਥਾ ਤੇ ਸੰਸਾ ਦੱਸਦਾ ਹੈ, ਫੇਰ ਉਹ ਅਸ੍ਵਾਪਤੀ ਕੈਕੇਯ ਉਨ੍ਹਾਂ ਨੂੰ ਉਨ੍ਹਾਂ ਦੀ ਪਹਿਲੀ ਵਿਦਿਆ ਸਾਬਤ ਕਰ ਦਿੰਦਾ ਹੈ ਕਿ ਅਗਿਆਨਮਈ ਹੈਸੀ। ਫੇਰ ਵੇਖੋ ਕਾਂਸ਼ੀ ਦੇ ਰਾਜਾ ਅਜਾਤਸ਼ੱਤਰੂ ਨੂੰ ਗਾਰਗੇਬਲਾਕੀ ਬ੍ਰਹਮ ਦੀਆਂ ੧੨ ਵਿਆਖਿਆ ਸੁਣਾਉਂਦਾ ਹੈ, ਪਰ ਰਾਜਾ, ਜੋ ਖੱਤਰੀ ਹੈ, ਉਹ ਬ੍ਰਾਹਮਣ ਨੂੰ ਸਾਬਤ ਕਰ ਦੇਂਦਾ ਹੈ ਕਿ ਉਹ ਭੁੱਲ ਤੇ ਹੈ। ਫੇਰ ਆਪ ਬ੍ਰਹਮ ਦਾ ਦਰੁਸਤ ਨਿਰੂਪਣ ਕਰਦਾ ਹੈ ਤੇ ਉਸ ਵੇਲੇ ਆਖ ਬੀ ਦਿੰਦਾ ਹੈ ਕਿ ਦੇਖ, ਮੈਂ ਖਯਤ੍ਰੀ ਹਾਂ ਅਰ ਬ੍ਰਾਹਮਣ ਨੂੰ ਬ੍ਰਹਮ ਵਿਦਿਆ ਦੇਣ ਲੱਗਾ ਹਾਂ। ਇਥੇ ਸਪਸ਼ਟ ਦੱਸਿਆ ਹੈ ਕਿ ਬ੍ਰਹਮ (ਆਤਮਾ) ਦੀ ਵਿਦਿਆ ਰਾਜਾ ਪਾਸ ਹੈ ਜੋ ਖਯਤ੍ਰੀ ਹੈ, ਪਰ ਬ੍ਰਾਹਮਣ ਪਾਸ ਨਹੀਂ ਹੈ। ਫਿਰ ਵੇਖੋ ਰਾਜਾ ਪਰਿਵਾਹਨਿ ਜੈਵਲੀ ਨੇ, ਜੋ ਖਯਤ੍ਰੀ ਰਜੋਗੁਣੀ ਕੰਮ ਵਾਲਾ ਸੀ, ਦੋ ਬ੍ਰਾਹਮਣਾਂ ਨੂੰ ਆਕਾਸ਼ ਨਿਰੂਪਣ ਕੀਤਾ ਹੈ, ਜਿਸ ਵਿਦਿਆ ਦੀ ਉਨ੍ਹਾਂ ਨੂੰ ਖਬਰ ਨਹੀਂ ਸੀ। ਇਸ ਤੋਂ

ਪਹਿਲਾਂ ਅਤਿ ਧਨਵਾਨ ਨਾਮੇ ਖਤਰੀ ਨੇ ਉਦਰਸ਼ਾਂਡਲਯ ਬ੍ਰਾਹਮਣ ਨੂੰ ਇਹ ਵਿਦਿਆ ਦਿਤੀ ਸੀ। ਫੇਰ ਨਾਰਦ ਨੂੰ - ਜੋ ਬੜਾ ਬ੍ਰਾਹਮਣ ਤੇ ਪ੍ਰਸਿੱਧ ਰਿਖੀ ਹੈ - ਸਨਤ ਕੁਮਾਰ ਨੇ ਜੋ ਯੁੱਧ ਦਾ ਦੇਵਤਾ ਹੈ, ਬ੍ਰਹਮ ਵਿਦਿਆ ਸੁਣਾਈ।

ਬ੍ਰਾਹਮਣ ਅਰੁਣੀ ਨੂੰ ਰਾਜਾ ਪਰਿਵਾਹਨ ਜੈਵਲੀ ਨੇ ਜਦ ਸਿਖਿਆ ਦਿਤੀ ਤਾਂ ਰਾਜਾ ਬ੍ਰਾਹਮਣ ਨੂੰ ਆਖਦਾ ਹੈ, ਹੇ ਗੌਤਮ? ਜਿਸ ਤਰ੍ਹਾਂ ਤੂੰ ਮੈਨੂੰ ਆਖਿਆ ਹੈ ਕਿ ਇਹ ਵਿਦਿਆ ਅੱਜ ਤੱਕ ਬ੍ਰਾਹਮਣਾਂ ਵਿਚ ਪ੍ਰਚੁਰ ਨਹੀਂ ਹੈ, ਇਸ ਕਰਕੇ ਤ੍ਰੈ ਲੋਕਾਂ ਦਾ ਰਾਜ ਤੇ ਜੰਗ ਕਰਨ ਵਾਲੀ ਜਾਤੀ ਪਾਸ ਹੀ ਰਿਹਾ ਹੈ।

ਇਹੋ ਗੱਲ ਹੋਰ ਥਾਂ ਐਉਂ ਲਿਖੀ ਹੈ, ਇਸੇ ਤਰ੍ਹਾਂ ਨਿਸ਼ਚੇ ਹੈ ਕਿ ਅੱਜ ਦੇ ਦਿਨ ਤੱਕ ਇਹ ਵਿਦਿਆ (ਬ੍ਰਹਮ ਵਿਦਿਆ) ਕਿਸੇ ਬ੍ਰਾਹਮਣ ਦੇ ਹੱਥ ਨਹੀਂ ਸੀ ਆਈ। ਗੀਤਾ ਜੋ ਸਰਬ ਸ਼ਾਸਤਰਾਂ ਦਾ ਤੱਤ ਤੇ ਵੇਦ ਦਾ ਦਰਜਾ ਰਖਦੀ ਹੈ, ਜੰਗ ਕਰਨ ਵਾਲੇ ਕ੍ਰਿਸ਼ਨ ਦੇਵ ਨੇ ਮੈਦਾਨ ਜੰਗ ਵਿਚ ਜੰਗ ਕਰ ਰਹੇ ਅਰਜਨ ਨੂੰ ਉਪਦੇਸ਼ੀ ਸੀ ਤੇ ਮਹਾਂ ਭਾਰਤ ਦੇ ਬ੍ਰਾਹਮਣ ਲਿਖਾਰੀ ਨੇ ਆਪਣੀ ਪੁਸਤਕ ਵਿਚ ਲਿਖਿਆ ਸੀ। ਸੋ ਹੇ ਰਾਜਾ! ਇਹ ਗੱਲਾਂ ਧਰਮ ਪੁਸਤਕਾਂ ਵਿਚ ਨਿਰੂਪਣ ਹਨ, ਜਿਸ ਤੋਂ ਪਤਾ ਲਗਦਾ ਹੈ ਕਿ ਜੰਗ ਕਰਨ ਵਾਲੇ ਰਜੋਗੁਣੀ ਕਮਾਮ ਵਾਲੇ ਮਨੁੱਖ ਯਾ ਦੇਵਤਾ ਖਯਤ੍ਰੀ ਰਾਜੇ ਮਹਾਰਾਜੇ ਇਸ ਬ੍ਰਹਮ ਵਿਦਿਆ ਦੇ ਗਯਾਤਾ ਤੇ ਰਸੀਏ ਤੇ ਬ੍ਰਾਹਮਣਾਂ ਨੂੰ ਦਾਤੇ ਹੋਏ ਹਨ। ਭਾਵੇਂ ਮੂਲ ਵਿਚ ਇਹ ਅਕਾਸ਼ ਬਾਣੀ ਖਯਤ੍ਰੀ ਨੂੰ ਹੋਈ ਹੋਵੇ ਕਿ ਬ੍ਰਾਹਮਣ ਨੂੰ, ਪਰ ਧਰਮ ਪੁਸਤਕ ਦਸਦੇ ਹਨ ਕਿ ਖਯਤ੍ਰੀ ਇਸ ਵਿਦਿਆ ਦੇ ਆਗੂ ਸਨ। ਇਸ ਵਿਦਿਆ ਦਾ ਨਾਉ ਅਕਸਰ ਉਪਨਿਖਦ ਕਰਕੇ ਆਯਾ ਹੈ। ਭਾਵੇਂ ਇਸ ਪਦ ਦੇ ਕਈ ਅਰਥ ਹਨ, ਪਰ ਪੁਰਾਣੇ ਲੇਖਕ ਉਪਨਿਖਦ ਨੂੰ ਰਹੱਸਯ ਆਖਦੇ ਹਨ, ਜਿਸ ਦਾ ਅਰਥ ਹੈ, ਭੇਦ ਦੀ ਗੱਲ, ਗੁਹਯ ਗੱਲ। ਚੂੰਕਿ ਦੱਸੀ ਅਧਿਕਾਰੀ ਨੂੰ ਕੇਵਲ ਜਾਂਦੀ ਸੀ ਤੇ ਅਨਅਧਿਕਾਰੀਆਂ ਨੂੰ ਦੱਸਣਾ ਮਨ੍ਹੇ ਸੀ, ਇਹ ਗੁਹਯ ਗੱਲ ਹੀ ਰਹੀ ਜੋ ਜਾਣਨਹਾਰੇ ਆਪਣੇ ਪੁੱਤਰ ਤੇ ਪੂਰਨ ਵਿਸ਼ਵਾਸ਼ਯੋਗ ਚੇਲਿਆਂ ਨੂੰ ਦਿੰਦੇ ਲਿਖੇ ਹਨ। ਸੋ ਰਾਜਾ! ਬ੍ਰਹਮ ਦਾ ਗਿਆਨ ਤੇ ਬ੍ਰਹਮ ਦਾ ਪ੍ਰਕਾਸ਼ ਰਜੋ ਰੰਗ ਵਾਲਾ ਸਰੀਰ ਲੈ ਕੇ ਉਸ ਦਾ ਪ੍ਰਕਾਸ਼ਣਾ ਅਚਰਜ ਗੱਲ ਨਹੀਂ। ਤੂੰ ਹਿੰਦੂ ਹੈਂ, ਵੇਦ ਸ਼ਾਸਤ੍ਰ ਤੇ ਭਰੋਸਾ ਰਖਦਾ ਹੈਂ, ਸੋ ਇਹ ਭਰਮ ਨਾ ਕਰ ਕਿ ਅਵਤਾਰ ਆਇਆ ਹੈ ਤਾਂ ਸ਼ਸਤ੍ਰਧਾਰੀ ਕਿਉਂ ਹੈ? ਹੋਰ ਬੀ ਸੁਣ। ਮੈਨੂੰ ਦੱਸਿਆ ਗਿਆ ਹੈ ਕਿ ਇਹ ਅਵਤਾਰ ਪਿਛਲੇ ਸਾਰਿਆਂ ਤੋਂ ਵੱਡਾ ਹੈ, ਵਜ਼ਨਦਾਰ ਹੈ, ਭਾਰਾ ਹੈ, ਉਨ੍ਹਾਂ ਦਾ ਗੁਰੂ ਹੈ, ਸ੍ਰੇਸ਼ਟ ਹੈ।

ਬ੍ਰਾਹਮਣ ਤਪੀ ਦੇ ਮੂੰਹੋਂ 'ਗੁਰੂ' ਸਹਿਸੁਭਾ ਵੱਡੇ ਦੇ ਅਰਥ ਵਿਚ ਨਿਕਲਿਆ ਸੀ ਕਿ ਰਾਜੇ ਵਜ਼ੀਰ ਦੋਹਾਂ ਦੇ ਮਨ ਤੇ ਫੇਰ ਉਹੋ ਇਸ਼ਾਰਾ ਵੱਜ ਗਿਆ ਕਿ ਉਸ ਨੂੰ ਸਾਰੇ 'ਗੁਰੂ' ਆਖਦੇ ਹਨ ਤੇ ਇਸਨੂੰ ਉਵ ਕੱਖ ਪਤਾ ਨਹੀਂ, ਪਰ ਪਤਾ ਉਹੋ ਦਿੰਦਾ ਹੈ ਤੇ ਹੁਣ ਅੱਖਰ ਬੀ ਸੁੱਧ ਬੋਲ ਗਿਆ ਹੈ।

ਬ੍ਰਾਹਮਣ - ਸੋ ਬਈ ਜਾਓ ਢੂੰਡੋ, ਮਿਲੇ ਤਾਂ ਮੈਨੂੰ ਬੀ ਬੁੱਢੇ ਠੇਰੇ ਨੂੰ ਯਾਦ ਰੱਖਣਾ, ਦਰਸ਼ਨ ਕਰਾ ਦੇਣੇ। ਭਗਵਾਨ ਤੁਹਾਡੀ ਮਨੋਕਾਮਨਾ ਪੂਰੀ ਕਰੇ।

ਵਜ਼ੀਰ - ਰਿਖੀ ਜੀ! ਭਲਾ ਅਵਤਾਰ ਦੇ ਕੇਸ਼ ਭੀ ਹੁੰਦੇ ਹਨ?

ਬ੍ਰਾਹਮਣ - ਕੇਸ਼ ਤਾਂ ਸਾਰੇ ਰਿਖੀ ਤੇ ਅਵਤਾਰ ਰੱਖਦੇ ਸੇ, ਵੇਦ ਵਿਚ ਤਾਂ ਪ੍ਰਮੇਸ਼ਰ ਨੂੰ ਲੰਮੇ ਕੇਸਾਂ ਤੇ ਸੋਹਣੇ ਦਾਹੜੇ ਵਾਲਾ ਲਿਖਿਆ ਹੈ। ਬੁੱਧ ਜੀ ਦੇ ਸਮੇਂ ਤੱਕ ਉਨ੍ਹਾਂ ਸਮੇਤ ਸਭ ਕੇਸ਼ਾਧਾਰੀ ਸਨ, ਇਹ ਕੇਸ਼ ਨਾ ਰੱਖਣ ਦੀ ਕੁਰੀਤੀ ਮਗਰੋਂ ਤੁਰੀ ਸੀ।

ਵਜ਼ੀਰ (ਰਾਜੇ ਵਲ ਸੈਨਤ ਕਰਕੇ ਹੌਲੈ ਜਿਹੇ) ਕੇਸਾਂ ਦਾ ਪਤਾ ਬੀ ਚਲਦਾ ਹੈ।

ਬ੍ਰਾਹਮਣ - ਅਵਤਾਰ ਦੇ ਨਾਲ ਸਦਾ ਸਖਾਗਣ ਆਉਂਦੇ ਹਨ, ਉਸ ਦੇ ਨਾਲ ਜਿਹੜੇ ਆਏ ਹਨ ਉਹ ਬੀ ਕੇਸ਼ ਵਾਲੇ ਹੋਣੇ ਹਨ, ਮੈਂ ਝਾਉਲਾ ਬੀ ਡਿੱਠਾ ਹੈ।

ਰਾਜਾ - ਹੱਛਾ ਜੀ, ਜਿਧਰ ਸਾਡਾ ਅਨੁਮਾਨ ਚਲ ਰਿਹਾ ਹੈ, ਆਪ ਤਾਂ ਕੇਸ਼ਾਂ ਵਾਲਾ ਹੈ, ਪਰ ਸਾਥੀ ਸਾਰੇ ਕੇਸ਼ਾਂ ਵਾਲੇ ਨਹੀਂ।

ਬ੍ਰਾਹਮਣ - ਨਹੀਂ ਤਾਂ ਹੋ ਜਾਣਗੇ, ਝਾਉਲਾ ਇਹ ਸੀ ਕਿ ਉਹ ਸਤਿਜੁਗੀ ਕੰਮ ਕਰੇਗਾ ਤੇ ਫੇਰ ਮੈਂ ਡਿੱਠਾ ਹੈ ਕਿ ਉਹ ਇਕ ਹੈ ਪਰ ਇਕ ਰੂਪੀਆ ਨਹੀਂ, ਦਸ ਰੂਪ ਉਸਦੇ ਝਲਕਦੇ ਹਨ, ਦਸ ਰੂਪ ਉਸਦੇ ਝਲਕਦੇ ਹਨ, ਦਸੇ ਅਨੁਪਮ ਕੇਸ਼ ਸ਼ਮਸ਼੍ਰ (ਕੇਸ਼ ਦਾੜ੍ਹੇ) ਵਾਲੇ ਹਨ।

ਹੁਣ ਦੋਹਾਂ ਦਾ ਹੋਰ ਰੁੱਖ ਉਸ ਪਾਸੇ ਵਧਿਆ, ਇਹ ਦਸ ਰੂਪ ਵਾਲੀ ਗੱਲ ਨੇ ਹੋਰ ਪਤਾ ਲਾ ਦਿਤਾ।

ਰਾਜਾ - ਰਿਖੀ ਜੀ! ਅਸਾਂ ਅਨੁਮਾਨ ਧਾਰ ਲਿਆ ਹੈ, ਹੁਣ ਜਾਂਦੇ ਹਾਂ ਤੇ ਜਤਨ ਕਰਦੇ ਹਾਂ। ਜੇ ਥਹੁ ਪੈ ਗਿਆ ਤਾਂ ਆਪਣੀ ਪੀੜਾ ਬੀ ਕਹਾਂਗੇ ਤੇ ਜਤਨ ਕਰਾਂਗੇ ਕਿ ਉਹ ਇਥੇ ਆਉਣ, ਫੇਰ ਪਛਾਣ ਤੁਸਾਂ ਕਰ ਲੈਣੀ।

ਬ੍ਰਾਹਮਣ - ਉਮਰਾ ਦੇ ਧਿਆਨ ਤੇ ਹੁਣ ਦੇ ਪੈਂਦੇ ਝਾਵਲਿਆਂ ਨੇ ਮੇਰੇ ਅੰਦਰ ਐਸੀ ਕੋਈ ਸੂੰਹ ਲਾਈ ਹੈ ਕਿ ਜੇ ਦਰਸ਼ਨ ਹੋਣ ਤਾਂ ਮੈਂ ਪਛਾਣ ਲਵਾਂਗਾ। ਅਵਤਾਰ ਬੀ ਗੁੱਝਾ ਰਹਿੰਦਾ ਹੈ? ਪਰ ਹਾਂ ਜੋ ਅੱਖ ਤ੍ਰਿਸ਼ਨਾਂ ਨਾਲ ਮੈਲੀ ਹੈ ਉਸ ਨੂੰ ਪੜਦਾ ਹੈ, ਉਹ ਤਾਂ ਅਵਤਾਰਾਂ ਨਾਲ ਜੰਗ ਰਚਾਉਂਦੇ ਰਹੇ ਹਨ, ਨਹੀਂ ਤਾਂ ਰਾਵਣ ਕਿਉਂ ਭੁੱਲ ਕਰਦਾ।

ਰਾਜਾ - ਕੀ ਇਹ ਰਾਮ ਕ੍ਰਿਸ਼ਨ ਦਾ ਅਉਤਾਰ ਹਨ?

ਬ੍ਰਾਹਮਣ – ਇਹ ਮੈਨੂੰ ਝਾਉਲਾ ਨਹੀਂ ਪਿਆ, ਇਹ ਸੱਦ ਸੁਣੀਦੀ ਸੀ ਕਿ ਉਨ੍ਹਾਂ ਤੋਂ ਭਾਰੀ ਹੈ। 'ਗੁਰੂ ਅਵਤਾਰ' ਮੈਂ ਸੁਣਿਆ ਸੀ, ਮੈਂ ਲੋਕਾਂ ਤੋਂ ਨਹੀਂ ਪਰ ਮੈਂ ਆਪਣੇ ਧਿਆਨ ਵਿਚ ਸੁਣਿਆ ਸੀ।

ਰਾਜਾ – ਹੇ ਰਿਖੀ! ਕੀ ਉਹ ਅਵਤਾਰ ਰਾਮਰਾਇ ਤੋਂ ਸਿੱਧੀਆਂ ਵਿਚ ਭਾਰੂ ਹੋਵੇਗਾ? ਕੀ ਉਸ ਦੀ ਅਸੀਸ ਕਰਕੇ ਮੇਰੇ ਸ਼ੱਤਰੂ ਦਬ ਜਾਣਗੇ? ਕੀ ਉਸਦੀ ਅਸ਼ੀਰਵਾਦ ਨਾਲ ਮੇਰੇ ਪੁੱਤਰ ਹੋ ਜਾਏਗਾ?

ਬ੍ਰਾਹਮਣ – ਹੇ ਰਾਜਾ! ਅਵਤਾਰ ਜੋਗੀਆਂ ਵਾਂਗੂੰ ਸੰਯਮ ਸਿੱਧ ਕਰ ਕੇ ਜਤਨ ਨਾਲ ਧਿਆਨ ਬੰਨ੍ਹ ਕੇ ਕਰਾਮਾਤ ਨਹੀਂ ਕਰਦੇ, ਉਨ੍ਹਾਂ ਦੇ ਵਾਕ ਸੁਤੇ ਸਿੱਧ ਸਿਰੇ ਚੜ੍ਹਦਾ ਹੈ। ਉਹ ਜਨਮ ਤੋਂ ਸਿੱਧ ਹੁੰਦੇ ਹਨ ਤੇ ਉਨ੍ਹਾਂ ਦੀ ਵਾਕ ਸੱਤਾ ਸਫਲ ਹੁੰਦੀ ਹੈ, ਜੋ ਉਹ ਮੂੰਹੋਂ ਕੱਢਦੇ ਹਨ ਤੇ ਚਿਤੋਂ ਚਾਹੁੰਦੇ ਹਨ, ਹੋ ਜਾਂਦਾ ਹੈ। ਜੇ ਕਹੋ ਕਰਾਮਾਤ ਕਰੋ ਤਾਂ ਉਹ ਸਗੋਂ ਨਹੀਂ ਕਰਦੇ, ਪਰਮੇਸ਼ੁਰ ਦੀ ਇੱਛਾ ਵਿਚ ਆਪਣੀ ਇੱਛਾ ਰਖਦੇ ਹਨ, ਪਰ ਸਹਿਜ ਸੁਭਾਅ ਜੋ ਉਨ੍ਹਾਂ ਦੇ ਮੂੰਹੋਂ ਨਿਕਲੇ ਹੋ ਜਾਂਦਾ ਹੈ। ਰਾਮਰਾਇ, ਹਾਂ ਮੈਂ ਜਾਣਦਾ ਹਾਂ, ਇਕ ਵੇਰੀ ਪਾਰਲੇ ਪਿੰਡ ਆਏ, ਇਧਰ ਬੀ ਆਏ ਸੇ, ਮੈਂ ਵੇਖੇ ਸੇ, ਹਾਂ, ਉਹ ਵਿਭੂਤੀਆਂ ਦੇ ਵਸੀਕਾਰ ਵਾਲੇ ਸਿੱਧ ਜੋਗੀ ਹਨ, ਪਰ ਉਹ ਜੋ ਮੈਂ ਤੁਸਾਂ ਨੂੰ ਦੱਸੇ ਹਨ ਧੁਰੋਂ ਆਏ ਅਵਤਾਰ ਹਨ। ਉਹ ਕਰਾਮਾਤ ਨਹੀਂ ਕਰਦੇ, ਨਾ ਦਿਖਾਉਂਦੇ ਹਨ, ਪਰ ਉਨ੍ਹਾਂ ਤੋਂ ਆਪੂੰ ਜੋ ਕੁਛ ਸਹਿਜ ਸੁਭਾ ਹੁੰਦਾ ਹੈ ਕਰਾਮਾਤਾਂ ਤੋਂ ਵੱਧ ਹੁੰਦਾ ਹੈ। ਹੰਕਾਰ ਹੀ ਹੈ ਨਾ ਰਾਜਾ। ਪਰ ਉਨ੍ਹਾਂ ਵਿਚ ਨਹੀਂ ਹੁੰਦਾ, ਉਨ੍ਹਾਂ ਵਿਚ ਸ਼ੁਧ ਕਲਾ ਹੁੰਦੀ ਹੈ। ਦੂਜਿਆਂ ਹਮਾਤੜਾਂ ਤਪੀਆਂ ਵਿਚ ਹੰਕਾਰ ਤੇ ਇਕਾਗਰਤਾ ਤੋਂ ਉਪਜੀਆਂ ਰਿੱਧੀਆਂ ਸਿੱਧੀਆਂ ਹੁੰਦੀਆਂ ਹਨ। ਧਿਆਨ ਹੀ ਹੈ ਨਾ ਰਾਜਾ, ਜਿੱਥੇ ਲਾਇਆ ਲੱਗ ਗਿਆ, ਜਿੱਥੇ ਲੱਗ ਗਿਆ ਉਥੇ ਸਿੱਧੀ ਹੋ ਗਈ।

ਇਸ ਪ੍ਰਕਾਰ ਗੱਲਾਂ ਬਾਤਾਂ ਕਰਦੇ ਇਸ ਸਿਧਾਂਤ ਤੇ ਅੱਪੜੇ ਕਿ ਜੇ ਰਿਖੀ ਜੀ ਦੇ ਝਾਉਲੇ ਦਰੁਸਤ ਹਨ ਤਾਂ ਉਹ ਅਨੰਦਪੁਰ ਵਾਲੇ ਗੁਰੂ ਜੀ ਅਵਤਾਰ ਹਨ, ਅਤੇ ਪਤੇ ਸਾਰੇ ਮਿਲਦੇ ਹਨ, ਤੇ ਜੇ ਨਹੀਂ ਬੀ ਤਾਂ ਸਾਨੂੰ ਰਸਤਾ ਮਿਲ ਗਿਆ ਹੈ। ਉਹ ਸ਼ਸਤ੍ਰਧਾਰੀ ਹਨ, ਸੂਰਬੀਰ ਹਨ, ਉਨ੍ਹਾਂ ਦੇ ਬੀਰਾਂ ਦੀ ਬਹਾਦਰੀ ਦੀ ਧਾਕ ਹੈ, ਜੇ ਸਾਡੇ ਮਿੱਤਰ ਹੋ ਜਾਣ ਤਾਂ ਪਾਸਾ ਜ਼ਰੂਰੀ ਭਾਰੀ ਹੋ ਜਾਏਗਾ। ਜਿਸ ਗੱਦੀ ਦਾ ਰਾਮਰਾਇ ਹੈ ਉਸ ਗੱਦੀ ਦੇ ਖੁਦ ਇਹ ਮਾਲਕ ਹਨ। ਇਨ੍ਹਾਂ ਦੇ ਪਿੱਛੇ ਮਾਝਾ, ਮਾਲਵਾ, ਦੜਪ, ਨੱਕਾ, ਧੰਨੀ, ਪੋਠੋਹਾਰ, ਉਧਰ ਸਿੱਧ ਤੇ ਇਧਰ ਦੱਖਣ ਤੱਕ ਐਸ਼੍ਵਰਜ ਹੈ, ਉਨ੍ਹਾਂ ਨੂੰ ਆਪਣੇ ਰਾਜ ਵਿਚ ਲੈ ਆਈਏ, ਇਹ ਚਾਲ ਜ਼ਰੂਰ ਸੋਹਣੀ ਹੈ ਅੱਜ ਰਿਖੀ ਜੀ ਦੇ ਦਰਸ਼ਨ ਤੋਂ ਸੁੱਝੀ ਹੈ।

(ਇਥੋਂ ਕੱਟ ਕੇ ਭੇਜੋ ਜੀ)

ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜੀ।

ਆਤਮ ਮਾਰਗ
ਮਾਸਿਕ ਪਤ੍ਰਿਕਾ

**SUBSCRIPTION (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 240/- | 2040/- | |

**SUBSCRIPTION ਵਿਦੇਸ਼**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

**MEMBERSHIP FORM** ☐ ਨਵੀਂ ਮੈਂਬਰਸ਼ਿਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

Order from for back Issus

ਜਨਵਰੀ ☐
ਫਰਵਰੀ ☐
ਮਾਰਚ ☐
ਅਪ੍ਰੈਲ ☐
ਮਈ ☐
ਜੂਨ ☐
ਜੁਲਾਈ ☐
ਅਗਸਤ ☐
ਸਤੰਬਰ ☐
ਅਕਤੂਬਰ ☐
ਨਵੰਬਰ ☐
ਦਸੰਬਰ ☐

ਨਾਮ/Name ..........................................................................

ਪਤਾ/Address ..........................................................................

..........................................................................

..........................................................................

..................................Pin Code....................................

Phone........................ E-mail :...................................

ਮੈਂ......................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ.......................ਮਿਤੀ........................ਰਾਹੀਂ ਭੇਜ ਰਿਹਾ ਹਾਂ।

**ATAM MARG MONTHLY MAGAZINE**

ਦਸਖਤ...............................

Gurdwara Ratwara Sahib, P.o. Mullanpur Garibdas, Distt. S.A.S. Nagar (Mohali) Pin - 140901 (Pb.) India

Phone : 0160-2255002, Fax : 0160-2255009, Email : atammarg@glide.net.in, www.ratwarasahib.org

(ਪੰਨਾ 32 ਦਾ ਬਾਕੀ)

ਤੇਰੀ ਦਸ਼ਾ ਕੀਤੀ ਹੈ।

ਆਤਮ ਮਾਰਗ ਦੇ ਪਾਂਧੀਓ, ਅਸੀਂ ਵੀ ਆਪਣੇ ਪਿਆਰੇ ਮਿੱਤਰ ਪ੍ਰਮੇਸ਼ਰ ਦੀ ਭਾਲ ਵਿਚ ਨਿਕਲੇ ਹੋਏ ਹਾਂ। ਇਸ ਭਾਲ ਵਿਚ, ਇਸ ਆਤਮ ਮਾਰਗ ਤੇ ਸਾਡਾ ਮਨ ਸਾਨੂੰ ਪਤਾ ਹੀ ਲਗਣ ਨਹੀਂ ਦਿੰਦਾ ਕੀ ਕੀ ਖੇਡਾਂ ਖੇਡ ਜਾਂਦਾ ਹੈ। ਇਸ ਤੋਂ ਸੁਚੇਤ ਰਹਿਣਾ ਜ਼ਰੂਰੀ ਹੈ। ਪ੍ਰਮੇਸ਼ਰ ਨੂੰ ਮਿਲਣ ਦਾ ਮਤਲਬ ਹੈ ਕਿ ਅਹੰਕਾਰੀ ਮਨ ਦੀ ਮੌਤ। ਅਹੰਕਾਰੀ ਮਨ ਬਹੁਤ ਤਰ੍ਹਾਂ ਦੇ ਭੇਖ ਧਾਰ ਕੇ ਆਪਣੇ ਆਪ ਨੂੰ ਜਿੰਦਾ ਰੱਖਣਾ ਚਾਹੁੰਦਾ ਹੈ। ਇਹ ਸਾਰੀ ਖੇਡ ਨੂੰ ਸਿਰਫ ਬਿਬੇਕ ਬੁੱਧੀ ਨਾਲ ਹੀ ਸਮਝਿਆ ਜਾ ਸਕਦਾ ਹੈ। ਮਹਾਂਪੁਰਖਾਂ ਦੇ ਰੂਹਾਨੀ ਉਪਦੇਸ਼ ਅਤੇ ਕਾਫਲੇ ਦੀ ਸੰਭਾਲ ਲਈ ਪ੍ਰਬੰਧਕੀ ਉਦੇਸ਼ ਸਮਝਣ ਵਾਸਤੇ ਇਸ ਖਾਸ ਤਰ੍ਹਾਂ ਦੀ ਚਿੱਤ ਬਿਰਤੀ, ਮਨ ਅਤੇ ਬੁੱਧੀ ਦੀ ਲੋੜ ਹੁੰਦੀ ਹੈ। ਇਹ ਹੈ ਤਾਂ ਮਾਇਆ ਦੇ ਤਿੰਨ ਗੁਣਾਂ ਵਿਚੋਂ ਇਕ ਗੁਣ ਜਿਸਨੂੰ ਸਤੋ ਗੁਣ ਕਿਹਾ ਗਿਆ ਹੈ। ਬਿਨਾਂ ਗੁਣਾਂ ਤੋਂ ਭਗਤੀ ਵੀ ਨਹੀਂ ਹੁੰਦੀ।

ਮੇਰਾ ਨਿੱਜੀ ਅਨੁਭਵ ਹੈ ਕਿ ਤਮੋ ਗੁਣ ਅਤੇ ਰਜੋ ਗੁਣਾਂ ਵਿਚ ਰਹਿ ਕੇ ਮਹਾਂਪੁਰਖਾਂ ਦੇ ਉਪਦੇਸ਼ ਕਮਾਏ ਨਹੀਂ ਜਾ ਸਕਦੇ। ਜਿਸ ਕਾਰਜ ਲਈ ਅਸੀਂ ਮਹਾਂਪੁਰਖਾਂ ਦੀ ਸ਼ਰਨ ਵਿਚ ਆਏ ਹਾਂ ਉਥੇ –

***ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥***
***ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥***

***ਅੰਗ – ੮***

ਬਹੁਤ ਜ਼ਰੂਰੀ ਹੈ। ਮੇਰਾ ਮੰਨਣਾ ਹੈ ਕਿ ਚਿੱਕੜ ਵਿਚ ਰਹਿ ਕੇ ਚਿੱਕੜ ਨਾਲ ਮੂੰਹ ਸਾਫ ਨਹੀਂ ਕੀਤਾ ਜਾ ਸਕਦਾ। ਘੱਟੋ ਘੱਟ ਤਮੋ ਅਤੇ ਰਜੋ ਗੁਣਾਂ ਤੋਂ ਉਤੇ ਉਠ ਕਮਲ ਦੇ ਫੁੱਲ ਦੀ ਤਰ੍ਹਾਂ ਰਹਿਣਾ ਸਿੱਖੀਏ। ਇਸ ਤਰ੍ਹਾਂ ਦਾ ਜੀਵਨ ਕਿਸ ਤਰ੍ਹਾਂ ਬਣ ਸਕਦਾ ਹੈ ਇਹ ਲੜੀਵਾਰ 'ਦੀਜੈ ਬੁਧਿ ਬਿਬੇਕਾ' ਹੇਠ ਸਾਂਝੀ ਕਰਾਂਗੇ ਅਤੇ ਜ਼ਿੰਦਗੀ ਵਿਚ ਇਹ ਅਨੁਭਵ ਦਾ ਹਿੱਸਾ ਬਣ ਜਾਵੇ ਇਸ ਲਈ ਪ੍ਰਮੇਸ਼ਰ ਅਗੇ ਅਰਦਾਸ ਵਿਚ ਜੁੜੇ ਰਹਿਣ ਦੀ ਕੋਸ਼ਿਸ਼ ਕਰਾਂਗੇ।

***'ਚਲਦਾ'***

## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** – 04, 11, 18, 25 ਮਈ

**ਸੰਗਰਾਂਦ** – 14 ਮਈ, ਦਿਨ ਬੁੱਧਵਾਰ।

**ਪੂਰਨਮਾਸ਼ੀ** – 19 ਮਈ, ਦਿਨ ਸੋਮਵਾਰ।
(ਸਮਾਂ ਦੁਪਹਿਰ 1 ਵਜੇ ਤੋਂ ਸ਼ਾਮ 3.30 ਵਜੇ ਤੱਕ)

**ਅੰਮ੍ਰਿਤ ਸੰਚਾਰ** – ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 12.00 ਵਜੇ ਹੁੰਦਾ ਹੈ।

**ਨਿਰਮਲ ਡੇਰਾ ਹਿਰਦਾਪੁਰ ਖੇੜੀ** – ਮਹੀਨੇ ਦੇ ਆਖਰੀ ਸ਼ਨਿੱਚਰਵਾਰ 31 ਮਈ 2008, ਸਮਾਂ ਦਿਨ ਦੇ – 11.00 ਵਜੇ ਤੋਂ 1.00 ਵਜੇ ਤੱਕ ਦੀਵਾਨ ਸਜਦਾ ਹੈ।

## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

| | | *ਪੰਜਾਬੀ* | *ਹਿੰਦੀ* |
|---|---|---|---|
| 1. | ਸੁਰਤਿ ਸਬਦਿ ਮਾਰਗ | 50/ | 70/- |
| 2. | ਕਿਵ ਕੂੜੈ ਤੁਟੈ ਪਾਲਿ | 40/- | 35/- |
| 3. | ਬਾਤ ਅਗੰਮ ਕੀ -ਸੱਤ ਭਾਗਾਂ ਵਿਚ | 155/- | 235/- |
| 4. | ਕਿਵ ਸਚਿਆਰਾ ਹੋਈਐ -੧ | 30/- | 35/- |
| 5. | ਕਿਵ ਸਚਿਆਰਾ ਹੋਈਐ -੨ | 60/- | 65/- |
| 6. | ਕਿਵ ਸਚਿਆਰਾ ਹੋਈਐ - ੩ | 100/- | 100/- |
| 7. | ਹੋਵੈ ਅਨੰਦੁ ਘਣਾ | 25/- | 30/- |
| 8. | ਚਉਥੈ ਪਹਰਿ ਸਬਾਹ ਕੈ | 55/- | 60/- |
| 9. | ਸੁਰਤਿਆਂ ਉਪਜੈ ਚਾਉ | 40/- | 40/- |
| 10. | ਬਾਬਾਣੀਆਂ ਕਹਾਣੀਆਂ | 50/- | 50/- |
| 11. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 12. | ਅੰਮ੍ਰਿਤ ਫੁਹਾਰ | 10/- | 10/- |
| 13. | ਅਗੰਮ ਅਗੋਚਰ ਦਾ ਮਾਰਗ | 60/- | 70/- |
| 14. | ਪੁਰਾਤਨ ਟੀਕਾ - ਜਪੁਜੀ ਸਾਹਿਬ | 10/- | 15/- |
| 15. | ਅਮਰ ਜੋਤਾਂ | 15/- | 15/- |
| 1੬. | ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ | 70/- | |
| 18. | ਅਮਰ ਗਾਥਾ | 100/- | 100/- |
| 19. | ਧਰਮ ਯੁਧ ਕੇ ਚਾਇ | 50/- | |
| 20. | ਪਵਿਤਰ ਪੈਂਡਾ | 25/- | |
| 21. | ਭਗਤ ਪ੍ਰਹਿਲਾਦ | 10/- | 10/- |
| 22. | ਵੈਸਾਖੀ | 10/- | |
| 23. | ਰਾਜ ਯੋਗ | 40/- | |
| 24. | ਸਾਜਨ ਚਲੇ ਪਿਆਰਿਆ | 10/- | 10/- |
| 25. | ਅਬਿਨਾਸੀ ਜੋਤ ਭਾਗ-1 | 90/- | |
| 26. | ਅਬਿਨਾਸੀ ਜੋਤ ਭਾਗ-2 | 90/- | |
| 27. | ਰੂਹਾਨੀ ਗੁਲਦਸਤਾ -1 | 60/- | |
| 28. | ਰੂਹਾਨੀ ਗੁਲਦਸਤਾ - 2 | 60/- | |
| 29. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 30. | ਅੰਮ੍ਰਿਤ ਬਚਨ ਸਾਧ ਕੀ ਬਾਣੀ | 80/- | |
| 31. | ਗੁਰੂ ਅਮਰਦਾਸ ਪਰਸੀਐ | 50/- | |
| 32. | ਭਗਵਤ ਗੀਤਾ.............। | 100/- | |
| 33. | ਅਨੰਦਮਈ ਜੀਵਨ ਜਾਚ | 50/- | |
| 34. | ਪੱਤਰਕਾਰ ਦੇ ਪ੍ਰਸ਼ਨ? ਮਹਾਂਪੁਰਸ਼ਾਂ ਵਲੋਂ ਉਤਰ | 25/- | |
| 35. | ਅਨੁਭਵੀ ਪ੍ਰਵਚਨ | 50/- | |
| 36. | ਰਿਸ਼ੀਆਂ ਮੁਨੀਆਂ ਦਾ ਬ੍ਰਹਮਗਿਆਨ | 35/- | |
| 37. | ਅੰਦਰਲੀ ਖੋਜ | 130/- | |
| 38. | ਸਿਮਰਤ ਕਹਾਂ ਨਹੀਂ | 135/- | |
| ੩9. | ਰੂਹਾਨੀ ਪ੍ਰਵਚਨ | 35/- | |
| 40. | 'ਸੇਵਾ ਸਿਮਰਨ ਜੁਗਤੀਆਂ' | 160/- | |
| 41. | 'ਮਾਨੁੱਖ ਤਨ ਦਾ ਪ੍ਰਯੋਜਨ' | 150/- | |
| 42. | 'ਯੋਗਾ ਉਪਰ ਲੈਕਚਰ', | 30/- | |
| 43. | 'ਕਰਮ ਬੰਧਨ ਤੋਂ ਮੁਕਤੀ' :- | 30/- | |

| | **English Version** | **Price** |
|---|---|---|
| 1. | Baisakhi | Rs. 5/- |
| 2. | How Rend The Veil of Untruth | Rs. 70/- |
| 3. | Discourses on the Beyond-1 | Rs 50/- |
| 4. | Discourses on the Beyond -2 | Rs. 50/- |
| 5. | Discourses on the Beyond -3 | Rs. 50/- |
| 6. | Discourses on the Beyond -4 | Rs. 60/- |
| 7. | Discourses on the Beyond -5 | Rs. 60/- |
| 8. | The way to the imperceptible | Rs. 80/- |
| 9. | The Lights Immortal | Rs. 20/- |
| 10. | Transcendental Bliss | Rs. 70/- |
| 11. | How to Know Thy Real Self-(Vol-1) | Rs. 80/- |
| 12. | How to Know Thy Real Self-(Vol-2) | Rs. 80/- |
| 13. | How to Know Thy Real Self-(Vol-3) | Rs. 110/- |
| 14. | The Dawn of Khalsa Ideals | Rs. 10/- |
| 15. | A Glimpse of His Holiness - Baba ji | Rs. 5/- |
| **16.** | **Divine Word Contemplation Path**', | 70/- |